ਮੰਗਲਵਾਰ, 13 ਮਈ, 2025
31 ਵਿਸਾਖ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 73
ਅੰਕ/NO. : 342

# ਰੋਜ਼ਾਨਾ ਨਵਾਂ ਜ਼ਮਾਨਾ

DAILY NAWAN ZAMANA • TUESDAY, 13 MAY, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

# ਟਰੰਪ ਨੂੰ ਚੌਧਰੀ ਕਿਸ ਨੇ ਬਣਾਇਆ ?

## ਆਪੋਜ਼ੀਸ਼ਨ ਪਾਰਟੀਆਂ ਦਾ ਸਰਕਾਰ ਨੂੰ ਸਵਾਲ



**ਨਵੀਂ ਦਿੱਲੀ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਹ ਕਹਿਣ ਕਿ ਉਹ ਕਸ਼ਮੀਰ ਸਮੱਸਿਆ ਦੇ ਹੱਲ ਲਈ ਭਾਰਤ ਤੇ ਪਾਕਿਸਤਾਨ ਨਾਲ ਮਿਲ ਕੇ ਕੰਮ ਕਰਨਾ ਚਾਹੁੰਦੇ ਹਨ, ਆਪੋਜ਼ੀਸ਼ਨ ਪਾਰਟੀਆਂ ਨੇ ਮੋਦੀ ਸਰਕਾਰ ਦੀ ਖਿਚਾਈ ਕਰਦਿਆਂ ਦੋਸ਼ ਲਾਇਆ ਹੈ ਕਿ ਉਸ ਨੇ ਦੇਸ਼ ਦੇ ਸਭ ਤੋਂ ਸੰਵੇਦਨਸ਼ੀਲ ਮਾਮਲੇ 'ਚ ਵਿਦੇਸ਼ੀ ਦਖਲ ਦੀ ਆਗਿਆ ਦੇ ਦਿੱਤੀ ਹੈ।

ਕਾਂਗਰਸ ਦੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਨੇ ਕਿਹਾ ਹੈ ਕਿ ਸ਼ਿਮਲਾ ਸਮਝੌਤੇ ਵਿੱਚ ਸਪੱਸ਼ਟ ਹੈ ਕਿ ਭਾਰਤ ਤੇ ਪਾਕਿਸਤਾਨ ਦੇ ਦੁਵੱਲੇ ਮਾਮਲਿਆਂ ਵਿੱਚ ਤੀਜੀ ਧਿਰ ਦਾ ਦਖਲ ਨਹੀਂ ਹੋਵੇਗਾ। ਹੁਣ ਅਮਰੀਕੀ ਰਾਸ਼ਟਰਪਤੀ ਵਿਚੋਲਗੀ ਦੀਆਂ ਗੱਲਾਂ ਕਰ ਰਹੇ ਹਨ।

ਸ਼ਿਵ ਸੈਨਾ (ਯੂ ਬੀ ਟੀ) ਦੇ ਆਗੂ ਸੰਜੇ ਰਾਊਤ ਨੇ ਕਿਹਾ ਕਿ ਭਾਜਪਾ ਡੁਪਲੀਕੇਟ ਚਾਣਕਿਆ ਹੈ, ਜਿਸ ਨੇ ਟਰੰਪ ਨੂੰ ਕਸ਼ਮੀਰ ਮਾਮਲਿਆਂ ਵਿੱਚ ਦਖਲ ਦੇਣ ਦਾ ਹੱਕ ਦਿੱਤਾ ਹੈ। ਭਾਜਪਾ ਨੂੰ ਸ਼ਿਮਲਾ ਸਮਝੌਤਾ ਪੜ੍ਹਨਾ ਚਾਹੀਦਾ ਹੈ, ਜਿਸ ਵਿੱਚ ਦਰਜ ਹੈ ਕਿ ਗੱਲਬਾਤ ਸਿਰਫ ਦੋਹਾਂ ਦੇਸ਼ਾਂ ਵਿਚਾਲੇ ਹੋਵੇਗੀ, ਟਰੰਪ ਨੂੰ ਸਰਪੰਚ ਤੇ ਚੌਧਰੀ ਕਿਸ ਨੇ ਬਣਾਇਆ? ਕੀ ਅਸੀਂ ਰਾਸ਼ਟਰਪਤੀ ਟਰੰਪ ਨੂੰ ਚੌਧਰੀ ਬਣਾਇਆ?

ਕਾਂਗਰਸ ਦੇ ਬੁਲਾਰੇ ਪਵਨ ਖੇੜਾ ਨੇ ਟਰੰਪ ਨੂੰ ਟੈਗ ਕਰਦਿਆਂ 'ਐਕਸ' ਉੱਤੇ ਪੋਸਟ ਪਾ ਕੇ ਪੁੱਛਿਆ ਹੈ ਕਿ ਸਾਡਾ ਬੀ ਐੱਸ ਐੱਫ ਦਾ ਜਵਾਨ ਪੂਰਨਮ ਸਾਹੂ ਨੂੰ ਪਾਕਿਸਤਾਨ ਕਦੋਂ ਛੱਡੇਗਾ, ਜਿਸ ਨੂੰ ਪਾਕਿਸਤਾਨ ਨੇ 23 ਅਪ੍ਰੈਲ ਤੋਂ ਫੜਿਆ ਹੋਇਆ ਹੈ। ਰਾਜਦ ਦੇ ਆਗੂ ਮਨੋਜ ਝਾਅ ਨੇ ਕਿਹਾ ਹੈ ਕਿ ਸੰਸਦ ਦਾ ਵਿਸ਼ੇਸ਼ ਅਜਲਾਸ ਸੱਦ ਕੇ ਅਮਰੀਕਾ ਨੂੰ ਸਪੱਸ਼ਟ ਸੁਨੇਹਾ ਘੱਲਿਆ ਜਾਵੇ ਕਿ ਕਸ਼ਮੀਰ ਮਾਮਲੇ ਵਿੱਚ ਉਸ ਦੇ ਦਖਲ ਦੀ ਲੋੜ ਨਹੀਂ। ਟਰੰਪ ਨੂੰ ਦੱਸਣਾ ਚਾਹੀਦਾ ਹੈ ਕਿ ਤੁਸੀਂ ਚੌਧਰਾਹਟ ਚਾਹੁੰਦੇ ਹੋ, ਇਸ ਕਰਕੇ ਖੁਦ ਨੂੰ ਖੁਦਮੁਖਤਾਰ ਸਾਲਸ ਐਲਾਨ ਦਿੱਤਾ ਹੈ। ਆਪੋਜ਼ੀਸ਼ਨ ਆਗੂਆਂ ਦੇ ਬਿਆਨਾਂ ਤੋਂ ਸਪੱਸ਼ਟ ਹੈ ਕਿ ਉਹ ਫੌਜੀ ਐਕਸ਼ਨ ਦੀ ਹਮਾਇਤ ਕਰਦੀਆਂ ਹਨ, ਪਰ ਕਸ਼ਮੀਰ ਨੂੰ ਕੌਮਾਂਤਰੀ ਮੁੱਦਾ ਬਣਾਏ ਜਾਣ ਦੇ ਖਿਲਾਫ ਹਨ। ਆਪੋਜ਼ੀਸ਼ਨ ਪਾਰਟੀਆਂ ਟਰੰਪ ਦੇ ਬਿਆਨ ਨੂੰ ਭਾਰਤ ਦੀ ਪ੍ਰਭੂਸੱਤਾ ਲਈ ਚੈਲੰਜ ਸਮਝਦੀਆਂ ਹਨ।

# ਪਾਣੀਆਂ ਦੇ ਮਸਲੇ ਨੂੰ ਹੱਲ ਕਰਵਾਉਣ ਲਈ ਕਮਰਕੱਸਾ ਕਰਨ ਦਾ ਸੱਦਾ

**ਨੰਗਲ (ਸੁਰਜੀਤ ਸਿੰਘ)**

ਬੀ ਬੀ ਐੱਮ ਬੀ ਵੱਲੋਂ ਹਰਿਆਣਾ ਨੂੰ ਫੌਰੀ ਵਾਧੂ ਪਾਣੀ ਦਿੱਤੇ ਜਾਣ ਦੇ ਫੈਸਲੇ ਨੂੰ ਰੱਦ ਕਰਨ ਦੀ ਮੰਗ ਨੂੰ ਲੈ ਕੇ ਸੋਮਵਾਰ ਕਿਸਾਨਾਂ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਮੁਖੀ ਦੇ ਦਫਤਰ ਸਾਹਮਣੇ ਰੋਸ ਧਰਨਾ ਦਿੱਤਾ ਗਿਆ। ਇਸ ਧਰਨੇ 'ਚ ਬੀ ਕੇ ਯੂ (ਰਾਜੇਵਾਲ), ਭਾਰਤੀ ਕਿਸਾਨ ਯੂਨੀਅਨ ਕਾਦੀਆਂ, ਕਿਰਤੀ ਕਿਸਾਨ ਯੂਨੀਅਨ, ਕਿਰਤੀ ਕਿਸਾਨ ਮੋਰਚਾ ਰੋਪੜ ਅਤੇ ਕੁਲ ਹਿੰਦ ਕਿਸਾਨ ਸਭਾ ਦੇ ਪ੍ਰਤੀਨਿਧੀਆਂ ਨੇ ਸ਼ਮੂਲੀਅਤ ਕੀਤੀ।



ਧਰਨੇ ਨੂੰ ਸੰਬੋਧਨ ਕਰਦਿਆਂ ਬਲਬੀਰ ਸਿੰਘ ਰਾਜੇਵਾਲ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਹਰਿਆਣਾ ਨੂੰ ਵਾਧੂ ਪਾਣੀ ਦੇਣ ਦੇ ਫੈਸਲੇ ਨੂੰ ਆੜੇ ਹੱਥੀ ਲੈਂਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ। ਉਨ੍ਹਾ ਪਾਣੀਆਂ ਦੇ ਗੰਭੀਰ ਹੋ ਰਹੇ ਸੰਕਟ ਬਾਰੇ ਬੋਲਦਿਆਂ ਕਿਹਾ ਕਿ ਹਰ ਖੇਤ ਤੱਕ ਨਹਿਰੀ ਪਾਣੀ ਅਤੇ ਹਰ ਘਰ ਨੂੰ ਪੀਣ ਵਾਲਾ ਸਾਫ ਪਾਣੀ ਮਹੁੱਈਆ ਕਰਵਾਉਣ ਲਈ ਇਕ ਮੁਹਿੰਮ ਵਿੱਢਣ ਦੀ ਲੋੜ ਹੈ, ਕਿਉਂਕਿ ਮੌਜੂਦਾ ਸਮੇਂ ਜ਼ਮੀਨ ਹੇਠਲਾ ਪਾਣੀ ਲਗਾਤਾਰ ਖਾਤਮੇ ਵੱਲ ਵਧ ਰਿਹਾ ਤੇ ਉਪਰੋਂ ਇਸ ਪਾਣੀ ਵਿੱਚ ਭਾਰੇ ਅਤੇ ਜ਼ਹਿਰੀਲੇ ਤੱਤ ਸ਼ਾਮਲ ਹਨ, ਜੋ ਕਿ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਦਾ ਕਾਰਨ ਬਣੇਗਾ। ਇਸ ਲਈ ਦਰਿਆਈ ਪਾਣੀਆਂ ਦੇ ਮਸਲੇ ਨੂੰ ਰਿਪੇਰੀਅਨ ਸਿਧਾਂਤ ਦੀ ਕਸਵੱਟੀ 'ਤੇ ਹੱਲ ਕਰਨ ਦੇ ਨਾਲ-ਨਾਲ ਮੀਂਹ ਦੇ ਪਾਣੀ ਦੀ ਸੰਭਾਲ ਅਤੇ ਘੱਟ ਪਾਣੀ ਲੈਣ ਵਾਲੀਆਂ ਫ਼ਸਲਾਂ ਦੀ ਕਾਸ਼ਤ ਵੱਲ ਤੁਰਨਾ ਪਵੇਗਾ। ਉਨ੍ਹਾ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨ ਦੀ ਥਾਂ ਪੰਜਾਬ ਨੂੰ ਪਾਣੀ ਦੇ ਸੰਕਟ ਨੂੰ ਹੱਲ ਕਰਨ ਲਈ ਵੱਡਾ ਵਿੱਤੀ ਪੈਕੇਜ ਦਿੱਤਾ ਜਾਵੇ।ਧਰਨੇ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਵਲੋਂ ਬੀਤੇ ਦਿਨ ਕਿਸਾਨ ਜਥੇਬੰਦੀਆਂ ਵਿਰੁੱਧ ਕੀਤੀ ਗਈ ਬਿਆਨਬਾਜ਼ੀ ਅਪਮਾਨਜਨਕ ਹੈ। ਉਨ੍ਹਾ ਕਿਹਾ ਕਿ ਭਗਵੰਤ ਸਿੰਘ ਮਾਨ ਆਪਣੀ ਜ਼ਿੰਮੇਵਾਰੀ ਨੂੰ ਨਿਭਾਉਣ ਦੀ ਥਾਂ ਕਿਸਾਨ ਲਹਿਰ ਨੂੰ ਬਦਨਾਮ ਕਰਨ ਲਈ ਸਾਜ਼ਿਸ਼ੀ ਮੁਹਿੰਮ ਚਲਾ ਰਹੇ ਹਨ। ਆਗੂਆਂ ਨੇ ਕਿਹਾ ਕਿ ਬੀਤੇ ਵਿੱਚ ਮੰਗ ਕੀਤੀ ਗਈ ਸੀ ਕਿ ਕੇਂਦਰ ਸਰਕਾਰ ਦੇ ਕੰਟਰੋਲ ਨੂੰ ਵਧਾਉਣ ਵਾਲੇ ਡੈਮ ਸੇਫਟੀ ਐਕਟ ਨੂੰ ਰੱਦ ਕਰਨ ਦਾ ਮਤਾ ਪੰਜਾਬ ਵਿਧਾਨ ਸਭਾ ਵਿੱਚ ਪਾਸ ਕੀਤਾ ਜਾਵੇ, ਪਰ ਪੰਜਾਬ ਸਰਕਾਰ ਨੇ ਇਸ ਵੱਲ ਕੋਈ ਤਵੱਜੋਂ ਨਹੀਂ ਦਿੱਤੀ।

ਹੁਣ ਇਸੇ ਕਾਰਨ ਕੇਂਦਰ ਸਰਕਾਰ ਪੰਜਾਬ ਦੇ ਹੱਕ 'ਤੇ ਡਾਕਾ ਮਾਰ ਕੇ ਵਾਧੂ ਪਾਣੀ ਹੋਰ ਸੂਬਿਆਂ ਨੂੰ ਦੇ ਰਹੀ ਹੈ। ਉਨ੍ਹਾ ਇਸ ਅਣਗਹਿਲੀ ਲਈ ਮੁੱਖ ਮੰਤਰੀ ਪੰਜਾਬ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਮੁੱਖ ਮੰਤਰੀ ਨੂੰ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਨਿਭਾਉਣ ਵੱਲ ਧਿਆਨ ਕੇਂਦਰਤ ਕਰਕੇ ਪੰਜਾਬ ਦੇ ਹੱਕਾਂ ਦੀ ਰਾਖੀ ਕਰਨ ਲਈ ਸਾਰੇ ਪੰਜਾਬੀਆਂ ਦਾ ਸਹਿਯੋਗ ਲੈਣਾ ਚਾਹੀਦਾ ਹੈ।ਬੁਲਾਰਿਆਂ ਨੇ ਇੱਕਮੱਤ ਹੋ ਕੇ ਹੋਕਾ ਦਿੱਤਾ ਕਿ ਭਵਿੱਖ ਵਿੱਚ ਪਾਣੀਆਂ ਦੇ ਮਸਲੇ 'ਤੇ ਜ਼ੋਰਦਾਰ ਸੰਘਰਸ਼ ਵਿੱਢਣ ਲਈ ਕਮਰਕੱਸਾ ਕਰਨ ਦੀ ਲੋੜ ਹੈ। ਧਰਨੇ ਨੂੰ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰੈੱਸ ਸਕੱਤਰ ਰਾਮਿੰਦਰ ਸਿੰਘ ਪਟਿਆਲਾ, ਬੀ ਕੇ ਯੂ ਰਾਜੇਵਾਲ ਦੇ ਜਨਰਲ ਸਕੱਤਰ ਪਰਮਿੰਦਰ ਸਿੰਘ ਚਲਾਕੀ, ਮੁਕੇਸ਼ ਚੰਦਰ ਸ਼ਰਮਾ, ਘੁੰਮਣ ਸਿੰਘ ਰਾਜਗੜ੍ਹ, ਹਰਦੀਪ ਸਿੰਘ ਘਨੁੜਕੀ ਬੀ ਕੇ ਯੂ ਕਾਦੀਆਂ ਦੇ ਤਲਵਿੰਦਰ ਸਿੰਘ ਗੱਗੋਂ, ਸਰਬਜੀਤ ਸਿੰਘ, ਕਿਰਤੀ ਕਿਸਾਨ ਮੋਰਚਾ ਦੇ ਪ੍ਰਧਾਨ ਵੀਰ ਸਿੰਘ ਬੜਵਾ ਅਤੇ ਕੁਲ ਹਿੰਦ ਕਿਸਾਨ ਸਭਾ ਦੇ ਗੁਰਨਾਮ ਸਿੰਘ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਪ੍ਰਧਾਨ ਰਣਬੀਰ ਸਿੰਘ ਕੁਰੜ ਨੇ ਸੰਬੋਧਨ ਕੀਤਾ।

# 'ਅਸੀਂ ਅੱਤਵਾਦੀਆਂ ਨੂੰ ਨਿਸ਼ਾਨਾ ਬਣਾਇਆ, ਪਰ ਪਾਕਿ ਫੌਜ ਉਨ੍ਹਾਂ ਦੀ ਪਿੱਠ 'ਤੇ ਆ ਗਈ'

**ਨਵੀਂ ਦਿੱਲੀ** : ਏਅਰ ਮਾਰਸ਼ਲ ਏ ਕੇ ਭਾਰਤੀ ਨੇ ਸੋਮਵਾਰ ਕਿਹਾ ਕਿ ਭਾਰਤ ਦੀਆਂ ਕਾਰਵਾਈਆਂ ਦਹਿਸ਼ਤੀ ਟਿਕਾਣਿਆਂ ਅਤੇ ਦਹਿਸ਼ਤਗਰਦਾਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਸਨ, ਪਰ ਪਾਕਿਸਤਾਨੀ ਫੌਜ ਨੇ ਦਹਿਸ਼ਤਗਰਦਾਂ ਦੀ ਪਿੱਠ 'ਤੇ ਖੜ੍ਹ ਕੇ ਸਥਿਤੀ ਨੂੰ ਹੋਰ ਵਿਗਾੜਨ ਦੀ ਚੋਣ ਕੀਤੀ। ਏਅਰ ਮਾਰਸ਼ਲ ਭਾਰਤੀ ਨੇ ਵਿਸ਼ੇਸ਼ ਪ੍ਰੈੱਸ ਬ੍ਰੀਫਿੰਗ ਦੌਰਾਨ ਕਿਹਾ, 'ਸਾਡੀ ਲੜਾਈ ਦਹਿਸ਼ਤੀ ਟਿਕਾਣਿਆਂ ਅਤੇ ਅੱਤਵਾਦੀਆਂ ਵਿਰੁੱਧ ਸੀ, ਪਰ ਪਾਕਿਸਤਾਨੀ ਫੌਜ ਨੇ ਉਨ੍ਹਾਂ ਦੀ ਹਮਾਇਤ ਦੀ ਚੋਣ ਕਰਕੇ ਟਕਰਾਅ ਨੂੰ ਹੋਰ ਵਧਾ ਦਿੱਤਾ।' ਉਨ੍ਹਾ ਕਿਹਾ, 'ਸਾਡੇ ਸਾਰੇ ਫੌਜੀ ਅੱਡੇ, ਸਿਸਟਮ ਅਜੇ ਵੀ ਪੂਰੀ ਤਰ੍ਹਾਂ ਕਾਰਜਸ਼ੀਲ ਹਨ।' ਉਨ੍ਹਾ ਇਸ ਗੱਲ 'ਤੇ ਜ਼ੋਰ ਦਿੱਤਾ ਕਿ 'ਏਕੀਕ੍ਰਿਤ ਹਵਾਈ ਕਮਾਂਡ ਅਤੇ ਕੰਟਰੋਲ ਨੇ ਪਾਕਿਸਤਾਨੀ ਫੌਜੀ ਹਮਲਿਆਂ ਨੂੰ ਨਾਕਾਮ ਬਣਾ ਦਿੱਤਾ।' ਮਾਰਸ਼ਲ ਭਾਰਤੀ ਨੇ ਕਿਹਾ, 'ਆਕਾਸ਼ ਮਿਜ਼ਾਈਲਾਂ ਭਾਰਤੀ ਫੌਜ ਵੱਲੋਂ ਵਰਤੀਆਂ ਜਾਂਦੀਆਂ ਹਥਿਆਰ ਪ੍ਰਣਾਲੀਆਂ ਵਿੱਚੋਂ ਇੱਕ ਸਨ।' ਉਨ੍ਹਾ ਭਰੋਸਾ ਦਿੱਤਾ ਕਿ ਸਾਰੇ ਫੌਜੀ ਅੱਡੇ ਅਤੇ ਪ੍ਰਣਾਲੀਆਂ ਪੂਰੀ ਤਰ੍ਹਾਂ ਕਾਰਜਸ਼ੀਲ ਰਹਿਣਗੀਆਂ ਅਤੇ ਕਿਸੇ ਵੀ ਮਿਸ਼ਨ ਨੂੰ ਪੂਰਾ ਕਰਨ ਲਈ ਤਿਆਰ ਰਹਿਣਗੀਆਂ।

### ਹਵਾਈ ਅੱਡੇ ਮੁੜ ਖੁੱਲ੍ਹਣਗੇ

**ਚੰਡੀਗੜ੍ਹ** : ਭਾਰਤ-ਪਾਕਿਸਤਾਨ ਵਿਚਾਲੇ ਸਰਹੱਦੀ ਤਣਾਅ ਕਾਰਨ ਬੰਦ ਪਏ 32 ਹਵਾਈ ਅੱਡੇ ਮੁੜ ਖੁੱਲ੍ਹਣਗੇ। 9 ਮਈ ਨੂੰ ਸ੍ਰੀਨਗਰ, ਚੰਡੀਗੜ੍ਹ ਅਤੇ ਅੰਮ੍ਰਿਤਸਰ ਸਮੇਤ ਦੇਸ਼ ਦੇ ਉੱਤਰੀ ਅਤੇ ਪੱਛਮੀ ਹਿੱਸਿਆਂ ਦੇ ਕੁੱਲ 32 ਹਵਾਈ ਅੱਡੇ 15 ਮਈ ਤੱਕ ਨਾਗਰਿਕ ਉਡਾਣ ਸੰਚਾਲਨ ਲਈ ਬੰਦ ਕਰ ਦਿੱਤੇ ਗਏ ਸਨ।

ਇਸ ਤੋਂ ਪਹਿਲਾਂ ਦਿਨ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿਖਰਲੇ ਸੁਰੱਖਿਆ ਅਤੇ ਫੌਜੀ ਸਲਾਹਕਾਰਾਂ ਨਾਲ ਇੱਕ ਹੋਰ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕੀਤੀ।

ਪਤਾ ਲੱਗਾ ਹੈ ਕਿ ਪ੍ਰਧਾਨ ਮੰਤਰੀ ਨੇ ਸਿਖਰਲੇ ਫੌਜੀ ਕਮਾਂਡਰਾਂ ਨੂੰ ਕਿਹਾ ਹੈ ਕਿ ਜਦੋਂ ਦੋਹਾਂ ਦੇਸ਼ਾਂ ਦੇ ਡੀ ਜੀ ਐੱਮ ਓ ਗੱਲਬਾਤ ਕਰਨਗੇ ਤਾਂ ਉਹ ਅੱਤਵਾਦ ਨੂੰ ਲੈ ਕੇ ਜ਼ੀਰੋ ਟਾਲਰੈਂਸ ਦੀਆਂ ਭਾਰਤੀ ਸ਼ਰਤਾਂ ਪਾਕਿਸਤਾਨ ਨੂੰ ਸਪੱਸ਼ਟ ਕਰਨ। ਪ੍ਰਧਾਨ ਮੰਤਰੀ ਨੇ ਕਮਾਂਡਰਾਂ ਨੂੰ ਕਿਹਾ ਕਿ ਜੇਕਰ ਪਾਕਿਸਤਾਨ ਹਮਲਾ ਕਰਦਾ ਹੈ, ਤਾਂ ਭਾਰਤ ਹੋਰ ਸਖ਼ਤ ਹਮਲਾ ਕਰੇਗਾ। ਪ੍ਰਧਾਨ ਮੰਤਰੀ ਦੀ ਰਿਹਾਇਸ਼ 'ਤੇ ਹੋਈ ਮੀਟਿੰਗ ਵਿੱਚ ਰੱਖਿਆ ਮੰਤਰੀ ਰਾਜਨਾਥ ਸਿੰਘ, ਵਿਦੇਸ਼ ਮੰਤਰੀ ਐੱਸ ਜੈਸ਼ੰਕਰ, ਐੱਨ ਐੱਸ ਏ ਅਜੀਤ ਡੋਵਾਲ, ਸੀ ਡੀ ਐੱਸ ਜਨਰਲ ਅਨਿਲ ਚੌਹਾਨ ਅਤੇ ਤਿੰਨਾਂ ਫੌਜਾਂ ਦੇ ਮੁਖੀ ਸ਼ਾਮਲ ਹੋਏ।

# ਹਰਿਆਣਾ ਨੂੰ ਪਾਣੀ ਛੱਡਣ ਦੇ ਅਦਾਲਤੀ ਹੁਕਮਾਂ ਨੂੰ ਚੁਣੌਤੀ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਸਰਕਾਰ ਨੇ ਹਰਿਆਣਾ ਨੂੰ ਪਾਣੀ ਛੱਡਣ ਸੰਬੰਧੀ 6 ਮਈ ਦੇ ਹੁਕਮਾਂ ਨੂੰ ਚੁਣੌਤੀ ਦਿੰਦਿਆਂ ਅਦਾਲਤ ਵਿੱਚ ਇੱਕ ਸਮੀਖਿਆ ਪਟੀਸ਼ਨ ਦਾਇਰ ਕੀਤੀ ਹੈ, ਜਿਸ ਵਿੱਚ ਇਸ ਹੁਕਮ ਨੂੰ ਗਲਤ ਅਤੇ ਮਾਣਯੋਗ ਅਦਾਲਤ ਅੱਗੇ ਪੇਸ਼ ਕੀਤੀ ਗਈ ਗੁੰਮਰਾਹਕੁੰਨ ਜਾਣਕਾਰੀ 'ਤੇ ਅਧਾਰਤ ਦੱਸਿਆ ਗਿਆ ਹੈ।ਸਰਕਾਰੀ ਬੁਲਾਰੇ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪਟੀਸ਼ਨ ਵਿੱਚ ਦੱਸਿਆ ਕਿ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐਮ.ਬੀ.) ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਪੰਜਾਬ ਦੇ ਪਾਣੀ ਨੂੰ ਗੈਰ-ਕਾਨੂੰਨੀ ਤੌਰ 'ਤੇ ਹਰਿਆਣਾ ਵੱਲ ਭੇਜਣ ਦੀ ਕੋਸ਼ਿਸ਼ ਕਰ ਰਿਹਾ ਹੈ। ਪੰਜਾਬ ਸਰਕਾਰ ਨੇ ਪ੍ਰਕਿਰਿਆ ਸਬੰਧੀ ਬੇਨਿਯਮੀਆਂ ਅਤੇ ਤੱਥਾਂ ਦੀ ਗਲਤ ਪੇਸ਼ਕਾਰੀ 'ਤੇ ਗੰਭੀਰ ਚਿੰਤਾਵਾਂ ਜ਼ਾਹਰ ਕੀਤੀਆਂ, ਜੋ ਇਸ ਵਿਵਾਦਤ ਹੁਕਮ ਜਾਰੀ ਕਰਨ ਦਾ ਕਾਰਨ ਬਣੀਆਂ।

ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ 2 ਮਈ ਦੀ ਮੀਟਿੰਗ ਨੂੰ ਰਸਮੀ ਤੌਰ 'ਤੇ ਫੈਸਲਾ ਲੈਣ ਵਾਲੇ ਮੰਚ ਵਜੋਂ ਗਲਤ ਢੰਗ ਨਾਲ ਪੇਸ਼ ਕਰਕੇ ਅਦਾਲਤ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਪੰਜਾਬ ਸਰਕਾਰ ਨੇ ਦੱਸਿਆ ਕਿ ਸੂਬੇ ਦੇ ਅਧਿਕਾਰੀਆਂ ਨੂੰ ਮੀਟਿੰਗ ਸੰਬੰਧੀ ਕੋਈ ਵੀ ਰਸਮੀ ਮਿੰਟਸ ਪ੍ਰਦਾਨ ਨਹੀਂ ਕੀਤਾ ਗਿਆ। ਸਿਰਫ਼ ਇੱਕ ਪ੍ਰੈੱਸ ਨੋਟ ਭੇਜਿਆ ਗਿਆ, ਜਿਸ ਨੂੰ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਦਾ ਅਧਿਕਾਰਤ ਰਿਕਾਰਡ ਨਹੀਂ ਮੰਨਿਆ ਜਾ ਸਕਦਾ।ਸੂਬਾ ਸਰਕਾਰ ਨੇ ਸਵਾਲ ਕੀਤਾ ਕਿ ਜਦੋਂ ਪਹਿਲਾਂ ਕੋਈ ਰਸਮੀ ਫੈਸਲਾ ਨਹੀਂ ਲਿਆ ਗਿਆ ਸੀ ਤਾਂ ਹੁਕਮ ਕਿਵੇਂ ਲਾਗੂ ਕੀਤਾ ਜਾ ਸਕਦਾ ਹੈ ? ਸੂਬਾ ਸਰਕਾਰ ਨੇ ਕਿਹਾ ਕਿ ਬੀ ਬੀ ਐੱਮ ਬੀ ਨੇ ਲੋੜੀਂਦੀ ਕਾਨੂੰਨੀ ਪ੍ਰਕਿਰਿਆ ਪੂਰੀ ਕੀਤੇ ਬਿਨਾਂ ਹਰਿਆਣਾ ਨੂੰ ਪਾਣੀ ਛੱਡਣ ਦੀ ਕੋਸ਼ਿਸ਼ ਕਰਕੇ ਆਪਣੇ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ।

ਪੰਜਾਬ ਸਰਕਾਰ ਨੇ ਇਸ ਗੱਲ ਨੂੰ ਉਜਾਗਰ ਕੀਤਾ ਕਿ ਕੇਂਦਰ ਸਰਕਾਰ ਵੀ ਅਦਾਲਤ ਦੇ ਨਿਰਦੇਸ਼ਾਂ 'ਤੇ 2 ਮਈ ਦੀ ਮੀਟਿੰਗ ਦੇ ਅਧਿਕਾਰਤ ਮਿੰਟਸ ਪੇਸ਼ ਕਰਨ ਵਿੱਚ ਅਸਫਲ ਰਹੀ, ਇਸ ਦੀ ਬਜਾਏ ਉਨ੍ਹਾਂ ਸਿਰਫ 'ਡਿਸਕਸ਼ਨ ਰਿਕਾਰਡ' ਪੇਸ਼ ਕੀਤਾ।

ਪੰਜਾਬ ਵੱਲੋਂ ਦਾਇਰ ਕੀਤੀ ਗਈ ਸਮੀਖਿਆ ਪਟੀਸ਼ਨ ਵਿੱਚ 6 ਮਈ, ਦੇ ਅਦਾਲਤੀ ਹੁਕਮਾਂ ਜਿਸ ਵਿੱਚ 2 ਮਈ ਦੀ ਮੀਟਿੰਗ ਦੌਰਾਨ ਲਏ ਗਏ ਫੈਸਲਿਆਂ ਦੀ ਪਾਲਣਾ ਦਾ ਨਿਰਦੇਸ਼ ਦਿੱਤਾ ਗਿਆ ਸੀ, 'ਤੇ ਮੁੜ ਵਿਚਾਰ ਕਰਨ ਦੀ ਮੰਗ ਕੀਤੀ ਗਈ ਹੈ। ਪੰਜਾਬ ਸਰਕਾਰ ਨੇ ਤਰਕ ਦਿੱਤਾ ਹੈ ਕਿ ਉਕਤ ਹੁਕਮ ਗੈਰ-ਕਾਨੂੰਨੀ ਹੈ, ਕਿਉਂਕਿ ਅਦਾਲਤ ਨੂੰ ਗੁੰਮਰਾਹ ਕੀਤਾ ਗਿਆ ਸੀ ਕਿ ਕੇਂਦਰੀ ਗ੍ਰਹਿ ਸਕੱਤਰ ਦੀ

• ਬਾਕੀ ਸਫਾ 2 'ਤੇ

## ਵਿਰਾਟ ਕੋਹਲੀ ਦਾ ਟੈਸਟ ਕ੍ਰਿਕਟ ਤੋਂ ਸੰਨਿਆਸ



**ਨਵੀਂ ਦਿੱਲੀ** : ਭਾਰਤ ਦੇ ਸਟਾਰ ਬੱਲੇਬਾਜ਼ ਵਿਰਾਟ ਕੋਹਲੀ (36) ਨੇ ਸੋਮਵਾਰ ਟੈਸਟ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ। ਕੋਹਲੀ ਨੇ ਭਾਰਤ ਲਈ 123 ਟੈਸਟ ਮੈਚ ਖੇਡੇ ਤੇ 46.85 ਦੀ ਔਸਤ ਨਾਲ 30 ਸੈਂਕੜੇ ਲਗਾ ਕੇ 9230 ਦੌੜਾਂ ਬਣਾਈਆਂ। ਉਹ ਹੁਣ ਸਿਰਫ ਇੱਕ ਰੋਜ਼ਾ ਮੈਚਾਂ ਵਿੱਚ ਹੀ ਖੇਡੇਗਾ। ਕੋਹਲੀ ਪਿਛਲੇ ਸਾਲ ਟੀ-20 ਕੌਮਾਂਤਰੀ ਮੈਚਾਂ ਤੋਂ ਸੰਨਿਆਸ ਲੈ ਚੁੱਕਾ ਹੈ। ਕੋਹਲੀ ਨੇ ਇੰਸਟਾਗ੍ਰਾਮ 'ਤੇ ਇਕ ਪੋਸਟ ਵਿਚ ਕਿਹਾ, 'ਟੈਸਟ ਕ੍ਰਿਕਟ ਵਿੱਚ ਪਹਿਲੀ ਵਾਰ ਬੈਗੀ ਬਲੂ ਪਹਿਨੇ ਨੂੰ 14 ਸਾਲ ਹੋ ਗਏ ਹਨ। ਇਮਾਨਦਾਰੀ ਨਾਲ ਕਹਾਂ, ਮੈਂ ਕਦੇ ਸੋਚਿਆ ਵੀ ਨਹੀਂ ਸੀ ਕਿ ਇਹ ਫਾਰਮੈਟ ਮੈਨੂੰ ਕਿਸ ਸਫਰ 'ਤੇ ਲੈ ਜਾਵੇਗਾ। ਇਸ ਨੇ ਮੈਨੂੰ ਪਰਖਿਆ ਹੈ, ਮੈਨੂੰ ਆਕਾਰ ਦਿੱਤਾ ਹੈ ਅਤੇ ਮੈਨੂੰ ਉਹ ਸਬਕ ਸਿਖਾਏ ਹਨ, ਜੋ ਮੈਂ ਜ਼ਿੰਦਗੀ ਭਰ ਯਾਦ ਰੱਖਾਂਗਾ ਤੇ ਨਿਭਾਵਾਂਗਾ।'

## ਸ਼ੇਅਰ ਬਾਜ਼ਾਰ 'ਚ ਰਿਕਾਰਡ ਉਛਾਲ

**ਮੁੰਬਈ** : ਭਾਰਤ ਅਤੇ ਪਾਕਿਸਤਾਨ ਦਰਮਿਆਨ ਜੰਗ ਟਲਣ ਤੋਂ ਬਾਅਦ ਸੋਮਵਾਰ ਭਾਰਤੀ ਸਟਾਕ ਮਾਰਕੀਟ ਚਾਰ ਫੀਸਦੀ ਦੇ ਵਾਧੇ 'ਤੇ ਬੰਦ ਹੋਈ। ਇਸ ਤੋਂ ਇਲਾਵਾ ਅਮਰੀਕਾ ਅਤੇ ਚੀਨ ਵੱਲੋਂ ਹਾਂ-ਪੱਖੀ ਐਲਾਨਾਂ ਤੋਂ ਬਾਅਦ ਦੇਸ਼ ਤੇ ਵਿਦੇਸ਼ ਦੀਆਂ ਸਟਾਕ ਮਾਰਕੀਟਾਂ ਵਿੱਚ ਵਾਧਾ ਦੇਖਣ ਨੂੰ ਮਿਲਿਆ। ਸਟਾਕ ਸੂਚਕ ਅੰਕ ਸੈਂਸੇਕਸ ਅਤੇ ਨਿਫਟੀ ਨੇ 4 ਫੀਸਦੀ ਦੇ ਕਰੀਬ ਆਪਣਾ ਸਭ ਤੋਂ ਵੱਡਾ ਇੱਕ ਦਿਨ ਦਾ ਵਾਧਾ ਦਰਜ ਕੀਤਾ। 30 ਸ਼ੇਅਰਾਂ ਵਾਲਾ ਬੀ ਐੱਸ ਈ ਸੈਂਸੇਕਸ 2,975.43 ਅੰਕ ਜਾਂ 3.74 ਫੀਸਦੀ ਵਧ ਕੇ 82,429.90 ਦੇ ਸੱਤ ਮਹੀਨਿਆਂ ਤੋਂ ਸਭ ਤੋਂ ਉਚਲੇ ਪੱਧਰ 'ਤੇ ਬੰਦ ਹੋਇਆ। ਐੱਨ ਐੱਸ ਈ ਦਾ 50 ਅੰਕਾਂ ਵਾਲਾ ਨਿਫਟੀ 916.70 ਅੰਕ ਜਾਂ 3.82 ਫੀਸਦੀ ਦੇ ਵਾਧੇ ਨਾਲ 24,924.70 'ਤੇ ਬੰਦ ਹੋਇਆ।

## 17 ਸਿੰਧੂਰੀਆਂ

**ਲਖਨਊ** : ਯੂ ਪੀ ਦੇ ਕੁਸ਼ੀਨਗਰ ਮੈਡੀਕਲ ਕਾਲਜ ਵਿੱਚ 10-11 ਮਈ ਨੂੰ ਜਨਮ ਲੈਣ ਵਾਲੀਆਂ 17 ਕੁੜੀਆਂ ਦੇ ਨਾਂਅ ਪਰਵਾਰਾਂ ਨੇ 'ਸਿੰਧੂਰ' ਰੱਖਿਆ ਹੈ। ਇਹ ਜਾਣਕਾਰੀ ਪ੍ਰਿੰਸੀਪਲ ਡਾ. ਆਰ ਕੇ ਸ਼ਾਹੀ ਨੇ ਦਿੱਤੀ। ਭਾਰਤ ਨੇ ਪਾਕਿਸਤਾਨ ਖਿਲਾਫ ਫੌਜੀ ਅਪ੍ਰੇਸ਼ਨ ਦਾ ਨਾਂਅ 'ਸਿੰਧੂਰ' ਰੱਖਿਆ ਸੀ।

# ਫੌਜੀ ਭਰਤੀ ਦੀ ਅਫਵਾਹ ਨਾਲ ਨੌਜਵਾਨ ਖੱਜਲ-ਖੁਆਰ



**ਫਿਰੋਜ਼ਪੁਰ** : ਵਟਸਐਪ 'ਤੇ ਫੌਜ 'ਚ ਭਰਤੀ ਦੀ ਫੈਲੀ ਅਫਵਾਹ ਕਾਰਨ ਸੋਮਵਾਰ ਸਵੇਰੇ ਦੂਰ-ਦੁਰਾਡੇ ਤੋਂ ਵੱਡੀ ਗਿਣਤੀ 'ਚ ਨੌਜਵਾਨ, ਜਿਨ੍ਹਾਂ ਵਿੱਚ ਕੁੜੀਆਂ ਵੀ ਸ਼ਾਮਲ ਸਨ, ਸਥਾਨਕ ਸਾਰਾਗੜ੍ਹੀ ਗੁਰਦੁਆਰਾ ਸਾਹਿਬ ਵਿਖੇ ਇਕੱਠੇ ਹੋ ਗਏ। ਕਈ ਕੁੜੀਆਂ ਆਪਣੇ ਮਾਪਿਆਂ ਨਾਲ ਆਈਆਂ ਸਨ। ਦੁਪਹਿਰ ਤੱਕ ਇਹ ਨੌਜਵਾਨ ਫੌਜ ਦੇ ਅਧਿਕਾਰੀਆਂ ਦੇ ਆਉਣ ਦੀ ਉਡੀਕ ਕਰਦੇ ਰਹੇ, ਪਰ ਬਾਅਦ ਵਿੱਚ ਉਨ੍ਹਾਂ ਨੂੰ ਪਤਾ ਲੱਗਾ ਕਿ ਕਿਸੇ ਨੇ ਝੂਠਾ ਸੁਨੇਹਾ ਫੈਲਾ ਕੇ ਉਨ੍ਹਾਂ ਨੂੰ ਗੁੰਮਰਾਹ ਕੀਤਾ ਹੈ। ਇਨ੍ਹਾਂ ਨੌਜਵਾਨਾਂ ਵਿੱਚੋਂ ਕਈ ਹਰਿਆਣਾ ਦੇ ਸਿਰਸਾ ਜ਼ਿਲ੍ਹੇ ਸਮੇਤ ਇਥੋਂ ਦੇ ਗੁਆਂਢੀ ਜ਼ਿਲ੍ਹਾ ਫਰੀਦਕੋਟ, ਮੋਗਾ ਤੇ ਫਾਜ਼ਿਲਕਾ ਜ਼ਿਲ੍ਹੇ ਤੋਂ ਵੀ ਆਏ ਸਨ। ਸੂਚਨਾ ਮਿਲਣ 'ਤੇ ਡੀ ਸੀ ਦਫਤਰ ਵੱਲੋਂ ਤਹਿਸੀਲਦਾਰ ਅਰਵਿੰਦਰ ਸਿੰਘ ਮੌਕੇ 'ਤੇ ਪਹੁੰਚੇ ਅਤੇ ਨੌਜਵਾਨਾਂ ਤੋਂ ਸਾਰੀ ਜਾਣਕਾਰੀ ਇਕੱਠੀ ਕਰਨ ਤੋਂ ਬਾਅਦ ਦੱਸਿਆ ਕਿ ਅਜਿਹੀ ਕੋਈ ਭਰਤੀ ਨਹੀਂ ਹੋ ਰਹੀ। ਇਸ ਅਧਿਕਾਰੀ ਨੇ ਨੌਜਵਾਨਾਂ ਨੂੰ ਸ਼ਾਂਤ ਕੀਤਾ ਅਤੇ ਉਨ੍ਹਾਂ ਨੂੰ ਘਰ ਜਾਣ ਲਈ ਕਿਹਾ। ਇਸ ਘਟਨਾ ਨੇ ਸੋਸ਼ਲ ਮੀਡੀਆ 'ਤੇ ਫੈਲਣ ਵਾਲੀਆਂ ਅਫਵਾਹਾਂ ਦੇ ਖਤਰਨਾਕ ਨਤੀਜਿਆਂ ਨੂੰ ਉਜਾਗਰ ਕੀਤਾ ਹੈ। ਇਹ ਵੀ ਸਪੱਸ਼ਟ ਹੋ ਗਿਆ ਹੈ ਕਿ ਅਜਿਹੇ ਸੰਵੇਦਨਸ਼ੀਲ ਸਮੇਂ ਦੌਰਾਨ ਲੋਕ ਆਸਾਨੀ ਨਾਲ ਗਲਤ ਜਾਣਕਾਰੀ ਦਾ ਸ਼ਿਕਾਰ ਹੋ ਸਕਦੇ ਹਨ। ਪ੍ਰਸ਼ਾਸਨ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਜਾਣਕਾਰੀ 'ਤੇ ਵਿਸ਼ਵਾਸ ਕਰਨ ਤੋਂ ਪਹਿਲਾਂ ਉਸ ਦੀ ਪੁਸ਼ਟੀ ਕਰਨ ਅਤੇ ਅਫਵਾਹਾਂ ਫੈਲਾਉਣ ਤੋਂ ਬਚਣ।

## ਬੀ ਬੀ ਐੱਮ ਬੀ ਦੀ ਟੈਕਨੀਕਲ ਕਮੇਟੀ ਦੀ ਮੀਟਿੰਗ ਭਲਕੇ

**ਚੰਡੀਗੜ੍ਹ** : ਬੀ ਬੀ ਐੱਮ ਬੀ ਨੇ ਟੈਕਨੀਕਲ ਕਮੇਟੀ ਦੀ ਮੀਟਿੰਗ 14 ਮਈ ਨੂੰ ਬੁਲਾ ਲਈ ਹੈ, ਜਿਸ 'ਚ ਪੰਜਾਬ, ਹਰਿਆਣਾ ਤੇ ਰਾਜਸਥਾਨ ਦੇ ਮੁੱਖ ਇੰਜੀਨੀਅਰ ਸ਼ਾਮਲ ਹੋਣਗੇ। ਇਸ ਮੀਟਿੰਗ 'ਚ ਕੇਂਦਰੀ ਜਲ ਕਮਿਸ਼ਨ ਦੇ ਮੁੱਖ ਇੰਜੀਨੀਅਰ ਵੀ ਸ਼ਾਮਲ ਹੋਣਗੇ। ਪੰਜਾਬ-ਹਰਿਆਣਾ ਦਰਮਿਆਨ ਚੱਲ ਰਹੇ ਵਿਵਾਦ ਦੌਰਾਨ ਇਹ ਮੀਟਿੰਗ ਹੋ ਰਹੀ ਹੈ। ਇਸ ਮੀਟਿੰਗ 'ਚ ਤਿੰਨੋਂ ਸੂਬਿਆਂ ਲਈ ਜੂਨ ਮਹੀਨੇ ਵਾਸਤੇ ਪਾਣੀ ਦੀ ਐਲੋਕੇਸ਼ਨ ਹੋਵੇਗੀ ਅਤੇ ਸੂਬੇ ਆਪੋ-ਆਪਣੀ ਪਾਣੀ ਦੀ ਡਿਮਾਂਡ ਦੱਸਣਗੇ। ਪੰਜਾਬ ਦੀ ਪਾਣੀ ਦੀ ਮੰਗ ਜ਼ਿਆਦਾ ਰਹਿਣ ਦੀ ਸੰਭਾਵਨਾ ਹੈ।

# ਪੋਪ ਵੱਲੋਂ ਪੱਤਰਕਾਰਾਂ ਦੀ ਰਿਹਾਈ ਦੀ ਮੰਗ



**ਵੈਟੀਕਨ ਸਿਟੀ** : ਪੋਪ ਲਿਓ ਨੇ ਮੀਡੀਆ ਨੂੰ ਆਪਣੇ ਪਹਿਲੇ ਸੰਬੋਧਨ ਵਿੱਚ ਸੋਮਵਾਰ ਪੱਤਰਕਾਰਾਂ ਨੂੰ ਪੱਖਪਾਤੀ ਬਹਿਸਾਂ ਵਿੱਚ ਸ਼ਾਮਲ ਹੋਣ ਦੀ ਬਜਾਏ ਸੱਚਾਈ ਦੀ ਰਿਪੋਰਟ ਕਰਨ 'ਤੇ ਧਿਆਨ ਦੇਣ ਦੀ ਅਪੀਲ ਕੀਤੀ। ਇਸ ਤੋਂ ਇਲਾਵਾ ਉਨ੍ਹਾ ਜੇਲ੍ਹ ਵਿੱਚ ਬੰਦ ਪੱਤਰਕਾਰਾਂ ਦੀ ਰਿਹਾਈ ਦੀ ਵੀ ਮੰਗ ਕੀਤੀ। ਉਨ੍ਹਾ ਕਿਹਾ ਕਿ ਸਾਨੂੰ ਜੰਗ ਨੂੰ ਹੱਲਾਸ਼ੇਰੀ ਨਹੀਂ ਦੇਣੀ ਚਾਹੀਦੀ ਤੇ ਸ਼ਾਂਤੀ ਨੂੰ ਪਹਿਲ ਦੇਣੀ ਚਾਹੀਦੀ ਹੈ।

ਉਨ੍ਹਾ ਜੇਲ੍ਹ ਵਿੱਚ ਨਜ਼ਰਬੰਦ ਪੱਤਰਕਾਰਾਂ ਬਾਰੇ ਵੀ ਗੱਲ ਕੀਤੀ। ਕਮੇਟੀ ਟੂ ਪ੍ਰੋਟੈਕਟ ਜਰਨਲਿਸਟਸ ਅਨੁਸਾਰ ਜੇਲ੍ਹਾਂ ਵਿਚ ਬੰਦ ਪੱਤਰਕਾਰਾਂ ਦੀ ਗਿਣਤੀ ਪਿਛਲੇ ਸਾਲ ਦੇ ਅੰਤ ਵਿੱਚ 361 ਸੀ। ਪੋਪ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਬੋਲਣ ਦੀ ਆਜ਼ਾਦੀ ਹੋਣੀ ਚਾਹੀਦੀ ਹੈ। ਉਨ੍ਹਾ ਪੱਤਰਕਾਰਾਂ ਨੂੰ ਕਿਹਾ ਕਿ ਉਨ੍ਹਾਂ ਨੂੰ ਜ਼ਿੰਮੇਵਾਰੀ ਨਾਲ ਕੰਮ ਕਰਨਾ ਚਾਹੀਦਾ ਹੈ, ਤਾਂ ਕਿ ਮਨੁੱਖਤਾ ਦਾ ਭਲਾ ਹੋ ਸਕੇ। ਇਸ ਤੋਂ ਪਹਿਲਾਂ ਐਤਵਾਰ ਪੋਪ ਲਿਓ 14 ਨੇ ਪੋਪ ਵਜੋਂ ਆਪਣੇ ਪਹਿਲੇ ਐਤਵਾਰ ਦੇ ਸੰਬੋਧਨ ਵਿਚ ਕਿਹਾ ਸੀ ਕਿ ਇਸ ਵੇਲੇ ਹੋਰ ਜੰਗ ਨਹੀਂ ਚਾਹੀਦੀ। ਉਨ੍ਹਾ ਵਿਸ਼ਵ ਦੀਆਂ ਪ੍ਰਮੁੱਖ ਸ਼ਕਤੀਆਂ ਨੂੰ ਅਪੀਲ ਕਰਦਿਆਂ ਯੂਕਰੇਨ ਵਿੱਚ ਸ਼ਾਂਤੀ, ਗਾਜ਼ਾ ਵਿੱਚ ਗੋਲੀਬੰਦੀ ਅਤੇ ਸਾਰੇ ਇਜ਼ਰਾਈਲੀ ਬੰਧਕਾਂ ਦੀ ਰਿਹਾਈ ਦੀ ਮੰਗ ਕੀਤੀ। ਲਿਓ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਹਾਲ ਹੀ ਵਿੱਚ ਹੋਈ ਜੰਗਬੰਦੀ ਦਾ ਵੀ ਸਵਾਗਤ ਕਰਦਿਆਂ ਕਿਹਾ ਕਿ ਉਹ ਦੁਨੀਆ ਨੂੰ ਸ਼ਾਂਤੀ ਪ੍ਰਦਾਨ ਕਰਨ ਲਈ ਪ੍ਰਮਾਤਮਾ ਅੱਗੇ ਪ੍ਰਾਰਥਨਾ ਕਰ ਰਹੇ ਹਨ। ਪੋਪ ਨੇ ਮਰਹੂਮ ਪੋਪ ਫਰਾਂਸਿਸ ਦੇ 'ਹੋਰ ਜੰਗ ਨਹੀਂ' ਦੇ ਸੱਦੇ ਨੂੰ ਦੁਹਰਾਇਆ।

# ਕਿੱਲੋ ਹੈਰੋਇਨ, ਇੱਕ ਕਰੋੜ ਸਣੇ ਤਿੰਨ ਫੜੇ

**ਅੰਮ੍ਰਿਤਸਰ** : ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ ਅੰਤਰਰਾਸ਼ਟਰੀ ਹਵਾਲਾ ਮਾਮਲੇ ਵਿੱਚ ਤਿੰਨ ਵਿਅਕਤੀਆਂ ਨੂੰ ਕਾਬੂ ਕਰਕੇ ਇੱਕ ਕਿੱਲੋ ਹੈਰੋਇਨ ਅਤੇ ਇੱਕ ਕਰੋੜ ਰੁਪਏ ਤੋਂ ਵੱਧ ਦੀ ਹਵਾਲਾ ਮਨੀ ਬਰਾਮਦ ਕੀਤੀ ਹੈ। ਇਹ ਖੁਲਾਸਾ ਡੀ ਜੀ ਪੀ ਗੌਰਵ ਯਾਦਵ ਵੱਲੋਂ ਆਪਣੇ ਐੱਕਸ ਖਾਤੇ ਰਾਹੀਂ ਕੀਤਾ ਗਿਆ। ਇਸ ਮਗਰੋਂ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਪ੍ਰੈੱਸ ਕਾਨਫਰੰਸ ਵਿੱਚ ਦੱਸਿਆ ਕਿ ਫੜੇ ਗਏ ਮੁਲਜ਼ਮ ਗੁਰਦੀਪ ਸਿੰਘ ਉਰਫ ਸਾਬ, ਪ੍ਰਦੀਪ ਸ਼ਰਮਾ ਅਤੇ ਮਨੀ ਸ਼ਰਮਾ ਹਨ। ਇਹ ਸਾਰੇ ਤੁਰਕੀ ਆਧਾਰਤ ਤਸਕਰ ਨਵਪ੍ਰੀਤ ਸਿੰਘ ਉਰਫ ਨਵ ਭੁੱਲਰ ਨਾਲ ਸੰਬੰਧਤ ਹਨ। ਗੁਰਦੀਪ ਇੱਥੇ ਨਵ ਭੁੱਲਰ ਦੀ ਮਦਦ ਨਾਲ ਲੋਕਲ ਨੈੱਟਵਰਕ ਚਲਾ ਰਿਹਾ ਸੀ। ਉਹ ਇਸ ਸੰਬੰਧ ਵਿੱਚ ਉਸ ਨੂੰ ਲੋੜੀਂਦੀ ਮਦਦ ਮੁਹੱਈਆ ਕਰ ਰਿਹਾ ਸੀ। ਪੁਲਸ ਨੇ ਉਸ ਦੇ ਕੋਲੋਂ ਇੱਕ ਕਿਲੋ ਤੋਂ ਵੱਧ ਹੈਰੋਇਨ ਅਤੇ ਕਰੋੜ ਰੁਪਏ ਤੋਂ ਵੱਧ ਹਵਾਲਾ ਮਨੀ ਬਰਾਮਦ ਕੀਤੀ ਹੈ, ਜਿਸ ਵਿੱਚ ਲਗਭਗ 84 ਲੱਖ ਰੁਪਏ ਤੋਂ ਵੱਧ ਨਕਦੀ ਅਤੇ ਬਾਕੀ ਰਕਮ ਬੈਂਕ ਖਾਤੇ ਵਿੱਚ ਸ਼ਾਮਲ ਹੈ।

### ਸਾਢੇ 15 ਕਿੱਲੋ ਅਫੀਮ ਤੇ ਸਵਾ ਦੋ ਲੱਖ ਸਣੇ 3 ਕਾਬੂ

**ਪਟਿਆਲਾ** : ਪਟਿਆਲਾ ਪੁਲਸ ਅਤੇ ਕਾਊਂਟਰ ਇੰਟੈਲੀਜੈਂਸ ਦੇ ਸਾਂਝੇ ਅਪ੍ਰੇਸ਼ਨ ਦੌਰਾਨ 15.680 ਕਿੱਲੋ ਅਫੀਮ, 2.30 ਲੱਖ ਦੀ ਡਰੱਗ ਮਨੀ ਸਮੇਤ 3 ਜਣੇ ਕਾਬੂ ਕੀਤੇ ਗਏ ਹਨ। ਐੱਸ ਐੱਸ ਪੀ ਵਰੁਣ ਸ਼ਰਮਾ ਨੇ ਦੱਸਿਆ ਕਿ ਗਰੋਹ ਨੂੰ ਘੱਗਾ ਥਾਣੇ ਦੇ ਪਿੰਡ ਕਲਵਾਨੂੰ ਕੋਲੋਂ ਕਾਬੂ ਕੀਤਾ ਗਿਆ। ਮੁਲਜ਼ਮਾਂ ਵਿੱਚ ਅਮਰਜੀਤ ਸਿੰਘ, ਹਰਮਨਜੀਤ ਸਿੰਘ ਤੇ ਹਰਪ੍ਰੀਤ ਸਿੰਘ ਵਾਸੀਆਨ ਸੁਨਾਮ ਸ਼ਾਮਲ ਹਨ।

# ਜ਼ਮੀਨੀ ਲੜਾਈ 'ਚ ਜ਼ਖਮੀ ਕਿਸਾਨ ਆਗੂ ਨੇ ਦਮ ਤੋੜਿਆ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਇੱਥੋਂ ਤਿੰਨ ਕਿੱਲੋਮੀਟਰ ਦੂਰ ਪਿੰਡ ਗੁਰੂਸਰ 'ਚ ਜ਼ਮੀਨੀ ਵਿਵਾਦ ਦੇ ਚੱਲਦਿਆਂ 10 ਮਈ ਨੂੰ ਕਥਿਤ ਤੌਰ 'ਤੇ ਪੁੱਤ ਅਮਨਿੰਦਰ ਸਿੰਘ ਹੱਥੋਂ ਜ਼ਖਮੀ ਹੋਏ ਕਿਸਾਨ ਆਗੂ ਦਵਿੰਦਰ ਸਿੰਘ ਸਰਾਂ ਨੇ ਜ਼ਖਮਾਂ ਦੀ ਤਾਬ ਨਾ ਝਲਦਿਆਂ ਬਠਿੰਡਾ ਦੇ ਨਿੱਜੀ ਹਸਪਤਾਲ 'ਚ ਦਮ ਤੋੜ ਦਿੱਤਾ ਹੈ। ਦੱਸਿਆ ਜਾਂਦਾ ਹੈ ਕਿ ਜ਼ਮੀਨ ਨੂੰ ਲੈ ਕੇ ਪਿਓ-ਪੁੱਤਰ ਦਾ ਝਗੜਾ ਹੋਇਆ ਸੀ ਅਤੇ ਪੁੱਤ ਨੇ ਸਾਥੀਆਂ ਨਾਲ ਮਿਲ ਕੇ ਪਿਓ ਨੂੰ ਤੇਜ਼ਧਾਰ ਹਥਿਆਰਾਂ ਨਾਲ ਗੰਭੀਰ ਜ਼ਖਮੀ ਕਰ ਦਿੱਤਾ। ਪੁਲਸ ਨੇ ਪਹਿਲਾਂ ਪਤਨੀ ਸੁਖਵਿੰਦਰ ਕੌਰ ਦੇ ਬਿਆਨ 'ਤੇ ਇਰਾਦਾ ਕਤਲ ਦਾ ਕੇਸ ਦਰਜ ਕੀਤਾ ਸੀ ਤੇ ਹੁਣ ਕਤਲ ਦੀ ਧਾਰਾ ਜੋੜ ਕੇ ਪੁਲਸ ਮੁਲਜ਼ਮਾਂ ਦੀ ਭਾਲ ਕਰ ਰਹੀ ਹੈ। ਦਵਿੰਦਰ ਸਿੰਘ ਉੱਘਾ ਸਮਾਜ ਸੇਵਕ ਸੀ ਤੇ ਉਸ ਨੇ ਕਿਸਾਨ ਜਥੇਬੰਦੀਆਂ ਵੱਲੋਂ 2022 ਦੀਆਂ ਅਸੈਂਬਲੀ ਚੋਣ ਵੀ ਲੜੀ ਸੀ।

# ਐਲਵਿਸ਼ ਯਾਦਵ ਦੀ ਪਟੀਸ਼ਨ ਖਾਰਜ

**ਪ੍ਰਯਾਗਰਾਜ** : ਅਲਾਹਾਬਾਦ ਹਾਈ ਕੋਰਟ ਨੇ ਯੂਟਿਊਬਰ ਐਲਵਿਸ਼ ਯਾਦਵ ਦੀ ਉਸ ਪਟੀਸ਼ਨ ਨੂੰ ਸੋਮਵਾਰ ਖਾਰਜ ਕਰ ਦਿੱਤਾ, ਜਿਸ ਵਿੱਚ ਸੱਪ ਦੇ ਜ਼ਹਿਰ ਦੇ ਸੇਵਨ ਦੇ ਮਾਮਲੇ ਵਿੱਚ ਕੀਤੀ ਗਈ ਚਾਰਜਸ਼ੀਟ ਅਤੇ ਅਪਰਾਧਕ ਕਾਰਵਾਈ ਨੂੰ ਚੁਣੌਤੀ ਦਿੱਤੀ ਗਈ ਸੀ। ਇਸ ਚਾਰਜਸ਼ੀਟ ਵਿੱਚ ਵਿਦੇਸ਼ੀਆਂ ਤੇ ਹੋਰਨਾਂ ਲੋਕਾਂ 'ਤੇ ਰੇਵ ਪਾਰਟੀਆਂ ਵਿੱਚ ਮਨੋਰੰਜਨ ਵਜੋਂ ਸੱਪ ਦੇ ਜ਼ਹਿਰ ਦਾ ਸੇਵਨ ਕਰਨ ਦਾ ਦੋਸ਼ ਲਗਾਇਆ ਗਿਆ ਸੀ।

ਜਸਟਿਸ ਸੌਰਭ ਸ੍ਰੀਵਾਸਤਵ ਨੇ ਚਾਰਜਸ਼ੀਟ ਅਤੇ ਐੱਫ ਆਈ ਆਰ ਵਿਚਲੇ ਬਿਆਨਾਂ 'ਤੇ ਵਿਚਾਰ ਕਰਨ ਤੋਂ ਬਾਅਦ ਯਾਦਵ ਦੀ ਪਟੀਸ਼ਨ ਨੂੰ ਖਾਰਜ ਕਰਦਿਆਂ ਕਿਹਾ ਕਿ ਅਜਿਹੇ ਦੋਸ਼ਾਂ ਦੀ ਸੱਚਾਈ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ। ਯਾਦਵ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਨਵੀਨ ਸਿਨਹਾ ਅਤੇ ਐਡਵੋਕੇਟ ਨਿਪੁੰਨ ਸਿੰਘ ਨੇ ਦਲੀਲ ਦਿੱਤੀ ਕਿ ਯਾਦਵ ਵਿਰੁੱਧ ਐੱਫ ਆਈ ਆਰ ਦਰਜ ਕਰਨ ਵਾਲਾ ਵਿਅਕਤੀ ਜੰਗਲੀ ਜੀਵ ਸੁਰੱਖਿਆ ਐਕਟ 1972 ਤਹਿਤ ਇਸ ਨੂੰ ਦਰਜ ਕਰਨ ਲਈ ਅਯੋਗ ਸੀ। ਵਕੀਲ ਨੇ ਕਿਹਾ ਕਿ ਯਾਦਵ ਨੋਇਡਾ ਵਿੱਚ ਕਥਿਤ ਤੌਰ 'ਤੇ ਹੋਈ ਪਾਰਟੀ ਵਿਚ ਨਾ ਤਾਂ ਮੌਜੂਦ ਸੀ ਅਤੇ ਨਾ ਹੀ ਉਸ ਤੋਂ ਕੁਝ ਬਰਾਮਦ ਹੋਇਆ ਸੀ। ਉਸ ਨੂੰ ਪਿਛਲੇ ਸਾਲ ਮਾਰਚ ਵਿਚ ਨੋਇਡਾ ਪੁਲਸ ਨੇ ਇਸ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਸੀ। ਯਾਦਵ ਦੇ ਵਕੀਲ ਨੇ ਦਲੀਲ ਦਿੱਤੀ ਕਿ ਉਸ ਤੋਂ ਕੋਈ ਸੱਪ, ਨਸ਼ੀਲੇ ਪਦਾਰਥ ਜਾਂ ਮਨੋਵਿਗਿਆਨਕ ਪਦਾਰਥ ਬਰਾਮਦ ਨਹੀਂ ਕੀਤੇ ਗਏ ਸਨ। ਜ਼ਿਕਰਯੋਗ ਹੈ ਕਿ ਪੁਲਸ ਨੇ ਰੇਵ ਪਾਰਟੀਆਂ 'ਚ ਸੱਪ ਦਾ ਜ਼ਹਿਰ ਵਰਤਣ ਦੇ ਦੋਸ਼ ਹੇਠ ਓ ਟੀ ਟੀ 'ਤੇ ਬਿੱਗ ਬੌਸ ਸ਼ੋਅ ਦੇ ਜੇਤੂ ਐ ਲ ਿ ਵ ਸ਼

• ਬਾਕੀ ਸਫਾ 2 'ਤੇ

## ਅੱਜ-ਨਾਮਾ

ਸੋਸ਼ਲ ਮੀਡੀਏ 'ਤੇ ਭੜਥੂ ਪਿਆ ਫਿਰਦਾ,
ਆ ਰਿਹਾ ਬੜਾ ਕੁਝ ਊਲ-ਜਲੂਲ ਮੀਆਂ।
ਏਧਰ-ਓਧਰ ਦੀ ਬਹੁਤ ਕੁਝ ਬਾਤ ਚੱਲੇ,
ਸੱਚ ਤੇ ਝੂਠ ਦੀ ਪੀਂਘ ਰਹੀ ਝੂਲ ਮੀਆਂ।
ਬਾਹਰੋਂ ਆਏ ਸੁਨੇਹੇ ਕਈ ਭੇਜ ਰਹੇ ਈ,
ਬੇਗਾਨੇ ਪ੍ਰਚਾਰ ਦਾ ਬਣੇ ਆ ਟੂਲ ਮੀਆਂ।
ਬਿਨਾਂ ਅਕਲ ਤੋਂ ਜਿੱਦਾਂ ਹਨ ਸਿਰ ਖਾਲੀ,
ਸਮਝਦੇ ਕੱਖ ਨਹੀਂ ਰੂਲ-ਅਸੂਲ ਮੀਆਂ।
ਆਉਂਦਾ ਮਾਲ ਵੀ ਚੋਖਾ ਇਤਰਾਜ਼ ਵਾਲਾ,
ਜੀਹਦਾ ਹੋ ਸਕਦਾ ਈ ਕੇਸ ਦਰਜ ਮੀਆਂ।
ਸਿਆਣੇ ਬੰਦੇ ਵੀ ਭੋਰਾ ਨਾ ਅਕਲ ਕਰਦੇ,
ਕਿਵੇਂ ਸਕਣ ਫਿਰ ਕਿਸੇ ਨੂੰ ਵਰਜ ਮੀਆਂ।

-ਤੀਸ ਮਾਰ ਖਾਂ

# 1,549 ਕਰੋੜ ਦੇ ਜਾਲ੍ਹੀ ਲੈਣ-ਦੇਣ ਦਾ ਕੀਤਾ ਪਰਦਾ ਫਾਸ਼ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸੋਮਵਾਰ ਇਥੇ ਐਲਾਨ ਕੀਤਾ ਕਿ ਸੂਬੇ ਦੇ ਕਰ ਵਿਭਾਗ ਦੇ ਜਾਂਚ ਵਿੰਗਾਂ ਨੇ ਚਾਲੂ ਵਿੱਤੀ ਸਾਲ ਦੌਰਾਨ ਜਾਲ੍ਹੀ ਬਿਲਿੰਗ ਜਾਂ ਕਾਗਜ਼ੀ ਲੈਣ-ਦੇਣ ਨਾਲ ਸੰਬੰਧਤ 1549 ਕਰੋੜ ਰੁਪਏ ਦੇ ਲੈਣ-ਦੇਣ ਦਾ ਪਰਦਾ ਫਾਸ਼ ਕਰਦਿਆਂ 108.79 ਕਰੋੜ ਰੁਪਏ ਦੇ ਧੋਖਾਧੜੀ ਵਾਲੇ ਇਨਪੁੱਟ ਟੈਕਸ ਕ੍ਰੈਡਿਟ (ਆਈ ਟੀ ਸੀ) ਦਾਅਵਿਆਂ 'ਤੇ ਰੋਕ ਲਗਾ ਦਿੱਤੀ ਹੈ।



ਇੱਥੇ ਪੰਜਾਬ ਭਵਨ ਵਿਖੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਚੀਮਾ ਨੇ ਖੁਲਾਸਾ ਕੀਤਾ ਕਿ ਵਿਭਾਗ ਨੇ ਲੁਧਿਆਣਾ ਵਿੱਚ ਸੋਨੇ ਦੇ ਲੈਣ-ਦੇਣ ਵਿੱਚ 900 ਕਰੋੜ ਰੁਪਏ ਦੇ ਜਾਲ੍ਹੀ ਇਨਵਾਇਸਾਂ ਦਾ ਪਰਦਾ ਫਾਸ਼ ਕਰਕੇ 21 ਕਰੋੜ ਰੁਪਏ ਦੇ ਆਈ ਟੀ ਸੀ ਨੂੰ ਬਲਾਕ ਕਰ ਦਿੱਤਾ ਹੈ। ਇਸ ਤੋਂ ਇਲਾਵਾ, ਮੁਹਾਲੀ, ਖਰੜ ਅਤੇ ਕੋਟਕਪੂਰਾ ਵਿੱਚ ਕੋਲੇ ਦੇ ਲੈਣ-ਦੇਣ ਵਿੱਚ 226 ਕਰੋੜ ਰੁਪਏ ਦੇ ਧੋਖਾਧੜੀ ਇਨਵਾਇਸਾਂ ਦਾ ਪਤਾ ਲਗਾਉਣ ਤੋਂ ਬਾਅਦ 12 ਕਰੋੜ ਰੁਪਏ ਦੇ ਆਈ ਟੀ ਸੀ ਨੂੰ ਬਲਾਕ ਕਰ ਦਿੱਤਾ ਗਿਆ। ਇਨਫੋਰਸਮੈਂਟ ਦੀਆਂ ਹੋਰ ਕਾਰਵਾਈਆਂ ਤਹਿਤ ਲੁਧਿਆਣਾ ਅਤੇ ਮੰਡੀ ਗੋਬਿੰਦਗੜ੍ਹ ਵਿੱਚ ਕੁੱਲ 423 ਕਰੋੜ ਰੁਪਏ ਦੇ ਜਾਲ੍ਹੀ ਲੈਣ-ਦੇਣ ਦਾ ਪਰਦਾ ਫਾਸ਼ ਕਰਕੇ 75.79 ਕਰੋੜ ਰੁਪਏ ਦੇ ਆਈ ਟੀ ਸੀ ਨੂੰ ਬਲਾਕ ਕਰ ਦਿੱਤਾ ਗਿਆ। ਉਨ੍ਹਾ ਕਿਹਾ ਕਿ ਇੱਕ ਹੋਰ ਵੱਡੀ ਕਾਰਵਾਈ ਤਹਿਤ ਕਰ ਵਿਭਾਗ ਦੇ ਅਧਿਕਾਰੀਆਂ ਨੇ ਰਾਂਚੀ ਤੋਂ ਲੁਧਿਆਣਾ ਜਾ ਰਹੇ ਇੱਕ ਵਾਹਨ ਨੂੰ ਰੋਕਿਆ, ਜਿਸ ਵਿੱਚ ਬਿਨਾਂ ਇਨਵਾਇਸ ਦੇ 2 ਕਿਲੋ ਸੋਨਾ ਸੀ, ਸੋਨੇ ਨੂੰ ਜ਼ਬਤ ਕਰਦਿਆਂ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਵਿੱਤ ਮੰਤਰੀ ਨੇ 19 ਮਈ ਨੂੰ ਕੀਤੇ ਗਏ ਇਤਿਹਾਸਕ ਰਾਜਵਿਆਪੀ ਅਪ੍ਰੇਸ਼ਨ ਦਾ ਵੀ ਖੁਲਾਸਾ ਕੀਤਾ। ਉਨ੍ਹਾ ਕਿਹਾ ਕਿ ਇਸ ਅਪ੍ਰੇਸ਼ਨ ਤਹਿਤ ਕੇਂਦਰ ਸਰਕਾਰ ਨਾਲ ਰਜਿਸਟਰਡ 156 ਫਰਮਾਂ ਅਤੇ 39 ਰਾਜ-ਰਜਿਸਟਰਡ ਫਰਮਾਂ ਸਮੇਤ 195 ਜੀ ਐੱਸ ਟੀ-ਰਜਿਸਟਰਡ ਫਰਮਾਂ ਦੀ ਜਾਂਚ ਕੀਤੀ ਗਈ, ਜਿਸ ਵਿੱਚ 423 ਕਰੋੜ ਰੁਪਏ ਦਾ ਫਰਜ਼ੀ ਕਾਗਜ਼ੀ ਲੈਣ-ਦੇਣ ਦਾ ਖੁਲਾਸਾ ਹੋਇਆ ਅਤੇ ਨਤੀਜੇ ਵਜੋਂ 75.79 ਕਰੋੜ ਰੁਪਏ ਦੇ ਆਈ ਟੀ ਸੀ ਨੂੰ ਬਲਾਕ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਫਰਮਾਂ ਲੁਧਿਆਣਾ (100 ਫਰਮਾਂ) ਅਤੇ ਮੰਡੀ ਗੋਬਿੰਦਗੜ੍ਹ (72 ਫਰਮਾਂ) ਵਿੱਚ ਸਥਿਤ ਸਨ।ਜੀ ਐੱਸ ਟੀ ਅਧੀਨ ਪੰਜਾਬ ਦੀਆਂ ਮਹੱਤਵਪੂਰਨ ਇਨਫੋਰਸਮੈਂਟ ਕਾਰਵਾਈਆਂ ਦਾ ਜ਼ਿਕਰ ਕਰਦਿਆਂ ਵਿੱਤ ਮੰਤਰੀ ਨੇ ਖੁਲਾਸਾ ਕੀਤਾ ਕਿ ਵਿਭਾਗ ਵੱਲੋਂ ਮਹੱਤਵਪੂਰਨ ਗ੍ਰਿਫਤਾਰੀਆਂ ਵੀ ਕੀਤੀਆਂ ਹਨ, ਜਿਸ ਵਿੱਚ ਇੱਕ ਹਾਈ-ਪ੍ਰੋਫਾਈਲ ਕੇਸ ਵੀ ਸ਼ਾਮਲ ਹੈ, ਜਿੱਥੇ ਇੱਕ ਵਿਅਕਤੀ ਨੂੰ 29.50 ਕਰੋੜ ਰੁਪਏ ਦੇ ਜਾਲ੍ਹੀ ਇਨਵਾਇਸਿੰਗ ਅਤੇ ਧੋਖਾਧੜੀ ਵਾਲੇ ਆਈ ਟੀ ਸੀ ਦਾਅਵਿਆਂ ਨਾਲ ਜੁੜੇ ਇੱਕ ਰੈਕੇਟ ਦਾ ਮਾਸਟਰਮਾਈਂਡ ਹੋਣ ਲਈ ਗ੍ਰਿਫਤਾਰ ਕੀਤਾ ਗਿਆ। ਇਸ ਮਾਮਲੇ ਵਿੱਚ ਉਕਤ ਫਰਮ ਨੇ ਵਿੱਤੀ ਸਾਲ 2023-24 ਅਤੇ 2024-25 ਵਿੱਚ 60 ਤੋਂ ਵੱਧ ਜਾਲ੍ਹੀ ਅਤੇ ਰੱਦ ਕੀਤੀਆਂ ਫਰਮਾਂ ਤੋਂ 163 ਕਰੋੜ ਰੁਪਏ ਦੀ ਇਨਵਰਡ ਸਪਲਾਈ ਪ੍ਰਾਪਤ ਕੀਤੀ ਸੀ।

# ਵੈਗਨਆਰ, ਆਲਟੋ ਕੇ-10, ਸਲੈਰੀਓ ਤੇ ਈਕੋ ਮਾਡਲਾਂ 'ਚ ਛੇ ਏਅਰਬੈਗ ਮਿਲਣਗੇ

**ਨਵੀਂ ਦਿੱਲੀ** : ਮਾਰੂਤੀ ਸੁਜ਼ੂਕੀ ਇੰਡੀਆ ਨੇ ਸੋਮਵਾਰ ਕਿਹਾ ਕਿ ਉਹ ਵੈਗਨਆਰ, ਆਲਟੋ ਕੇ-10, ਸਲੈਰੀਓ ਅਤੇ ਈਕੋ ਵਰਗੇ ਮਾਡਲਾਂ ਵਿੱਚ ਸਟੈਂਡਰਡ ਉਪਕਰਣ ਵਜੋਂ ਛੇ ਏਅਰਬੈਗ ਦੇਵੇਗੀ, ਜਿਸ ਨਾਲ ਮਾਰੂਤੀ ਦੀਆਂ ਬੇਸਿਕ ਕਾਰਾਂ ਵਿੱਚ ਵੀ ਯਾਤਰੀਆਂ ਦੀ ਸੁਰੱਖਿਆ ਨੂੰ ਤਰਜੀਹ ਮਿਲੇਗੀ।

ਦੇਸ਼ ਦੀ ਸਭ ਤੋਂ ਵੱਡੀ ਕਾਰ ਨਿਰਮਾਤਾ ਕੰਪਨੀ ਨੇ ਕਿਹਾ ਕਿ ਇਹ ਕਦਮ ਵਿਭਿੰਨ ਹਿੱਸਿਆਂ ਵਿੱਚ ਗਾਹਕਾਂ ਲਈ ਬਿਹਤਰ ਸੁਰੱਖਿਆ ਦੀ ਪੇਸ਼ਕਸ਼ ਕਰਨ ਲਈ ਕੰਪਨੀ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਮਾਰੂਤੀ ਸੁਜ਼ੂਕੀ ਇੰਡੀਆ ਦੇ ਸੀਨੀਅਰ ਕਾਰਜਕਾਰੀ ਅਧਿਕਾਰੀ (ਮਾਰਕੀਟਿੰਗ ਅਤੇ ਸੇਲਜ਼) ਪਾਰਥੋ ਬੈਨਰਜੀ ਨੇ ਕਿਹਾ, 'ਭਾਰਤ ਦੇ ਤੇਜ਼ੀ ਨਾਲ ਫੈਲ ਰਹੇ ਆਧੁਨਿਕ ਸੜਕੀ ਢਾਂਚੇ, ਹਾਈ-ਸਪੀਡ ਐੱਕਸਪ੍ਰੈੱਸਵੇਅ ਅਤੇ ਵਿਕਸਤ ਹੋ ਰਹੇ ਗਤੀਸ਼ੀਲਤਾ ਪੈਟਰਨਾਂ ਨੂੰ ਮੁੱਖ ਰੱਖਦਿਆਂ ਯਾਤਰੀਆਂ ਦੀ ਸੁਰੱਖਿਆ ਮੁੱਖ ਤਰਜੀਹ ਬਣ ਗਈ ਹੈ। ਵੈਗਨਆਰ, ਆਲਟੋ ਕੇ-10, ਸਲੈਰੀਓ ਅਤੇ ਈਕੋ ਵਿੱਚ ਛੇ ਏਅਰਬੈਗ ਸਟੈਂਡਰਡ ਬਣਾਉਣ ਦੇ ਫੈਸਲੇ ਦੇ ਨਾਲ ਕੰਪਨੀ ਇਹ ਯਕੀਨੀ ਬਣਾ ਰਹੀ ਹੈ ਕਿ ਸੁਰੱਖਿਆ ਦੇ ਵਧੇ ਹੋਏ ਮਾਪਦੰਡ ਸਾਰਿਆਂ ਲਈ ਉਪਲੱਬਧ ਹਨ।

ਬੈਨਰਜੀ ਨੇ ਕਿਹਾ ਕਿ ਆਮ ਲੋਕ ਇਨ੍ਹਾਂ ਮਾਡਲਾਂ ਨੂੰ ਖਰੀਦਣ ਲਈ ਵੱਧ ਤਰਜੀਹ ਦੇ ਰਹੇ ਹਨ, ਜਿਸ ਕਰ ਕੇ ਕੰਪਨੀ ਲਈ ਵੀ ਜ਼ਰੂਰੀ ਹੋ ਗਿਆ ਹੈ ਕਿ ਉਹ ਸੁਰੱਖਿਆ ਮਿਆਰਾਂ ਨੂੰ ਉਚਾ ਚੁੱਕਣ। ਜ਼ਿਕਰਯੋਗ ਹੈ ਕਿ ਕੰਪਨੀ ਆਪਣੇ ਏਰੀਨਾ ਸੇਲਜ਼ ਨੈੱਟਵਰਕ ਰਾਹੀਂ ਵੈਗਨਆਰ, ਆਲਟੋ ਕੇ-10, ਸਲੈਰੀਓ ਅਤੇ ਈਕੋ ਵਰਗੇ ਮਾਡਲ ਵੇਚਦੀ ਹੈ। ਦੂਜੇ ਪਾਸੇ ਨੈਕਸਾ ਆਊਟਲੈਟਸ ਰਾਹੀਂ ਗਰੈਂਡ ਵਿਟਾਰਾ ਅਤੇ ਇਨਵਿਕਟੋ ਵਰਗੇ ਪ੍ਰੀਮੀਅਮ ਮਾਡਲ ਵੇਚੇ ਜਾ ਰਹੇ ਹਨ।

# 15 ਕਿੱਲੋ 680 ਗ੍ਰਾਮ ਅਫੀਮ, 2.30 ਲੱਖ ਦੀ ਡਰੱਗ ਮਨੀ ਸਮੇਤ 3 ਕਾਬੂ



**ਸਮਾਣਾ/ਪਟਿਆਲਾ (ਗੁਰਪਿਆਰ ਬੱਲ/ਰਾਜਿੰਦਰ ਥਿੰਦ)**-ਸ੍ਰੀ ਵਰੁਣ ਸ਼ਰਮਾ ਆਈ.ਪੀ.ਐੱਸ. ਸੀਨੀਅਰ ਕਪਤਾਨ ਪੁਲਸ ਪਟਿਆਲਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਤੇ ਮਾਨਯੋਗ ਸ੍ਰੀ ਗੌਰਵ ਯਾਦਵ ਆਈ.ਪੀ.ਐੱਸ. ਡੀ.ਜੀ.ਪੀ. ਪੰਜਾਬ, ਚੰਡੀਗੜ੍ਹ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਉਸ ਵੇਲੇ ਭਰੋਸੇਯੋਗ ਸੂਤਰਾਂ ਵੱਲੋਂ ਮਿਲੀ ਸੂਚਨਾ ਦੇ ਅਧਾਰ 'ਤੇ ਵੱਡੀ ਕਾਮਯਾਬੀ ਮਿਲੀ ਕਿ ਅੰਤਰਸਟੇਟੀ ਗਰੋਹ, ਜੋ ਨੌਰਥ ਈਸਟ, ਅਸਾਮ, ਇੰਫਾਲ ਵਗੈਰਾ ਤੋਂ ਅਫੀਮ ਲਿਆ ਕੇ ਪੰਜਾਬ/ਹਰਿਆਣਾ ਵਿੱਚ ਸਮਗਲਿੰਗ ਕਰਦੇ ਹਨ, ਨੂੰ ਨੱਥ ਪਾਈ ਗਈ।ਉਨ੍ਹਾਂ ਦੱਸਿਆ ਕਿ ਪਟਿਆਲਾ ਪੁਲਸ ਤੇ ਕਾਊਂਟਰ ਇੰਟੈਲੀਜੈਂਸ ਯੂਨਿਟ ਪਟਿਆਲਾ ਦੀ ਪੁਲਸ ਵੱਲੋਂ ਸਾਂਝੇ ਤੌਰ 'ਤੇ ਕਾਰਵਾਈ ਕਰਦੇ ਹੋਏ 12 ਮਈ 2025 ਨੂੰ ਨੇੜੇ ਸੂਆ ਪੁਲ ਕਣਕਵਾਲ (ਘੱਗਾ) ਵਿਖੇ ਨਾਕਾਬੰਦੀ ਦੌਰਾਨ ਕਰੇਟਾ ਕਾਰ ਨੰਬਰ ਡੀ ਐੱਲ-43-ਏ ਐਕਸ-2756 ਰੰਗ ਚਿੱਟਾ ਨੂੰ ਚੈੱਕ ਕਰਨ ਪਰ ਕਾਰ ਵਿੱਚ ਸਵਾਰ ਅਮਰਜੀਤ ਸਿੰਘ ਪੁੱਤਰ ਗੁਰਸੇਵਕ ਸਿੰਘ, ਹਰਮਨਜੀਤ ਸਿੰਘ ਪੁੱਤਰ ਗੁਰਸੇਵਕ ਸਿੰਘ, ਹਰਪ੍ਰੀਤ ਸਿੰਘ ਪੁੱਤਰ ਹਰਜੀਤ ਸਿੰਘ ਵਾਸੀਆਨ ਸੁਨਾਮ ਥਾਣਾ ਸਿਟੀ ਸੁਨਾਮ ਜ਼ਿਲ੍ਹਾ ਸੰਗਰੂਰ ਦੇ ਕਬਜ਼ੇ ਵਿੱਚੋਂ 15 ਕਿੱਲੋ 680 ਗ੍ਰਾਮ ਅਫੀਮ ਸਮੇਤ 2 ਲੱਖ 30 ਹਜ਼ਾਰ ਰੁਪਏ ਦੀ ਡਰੱਗ ਮਨੀ ਬ੍ਰਾਮਦ ਕੀਤੀ। ਇਸ ਸਬੰਧੀ ਮੁਕੱਦਮਾ ਥਾਣਾ ਘੱਗਾ ਵਿਖੇ ਦਰਜ ਕੀਤਾ ਗਿਆ ਹੈ।ਮੁਕੱਦਮਾ ਦੇ ਦੋਸ਼ੀਆਂ ਪਾਸੋਂ ਡੂੰਘਾਈ ਨਾਲ ਪੁੱਛ ਗਿੱਛ ਕੀਤੀ ਜਾ ਰਹੀ ਹੈ।

# 'ਮਿਮਿਟ' ਨੂੰ ਡੁਬਾਉਣ ਵਾਲੇ ਡਾਇਰੈਕਟਰ ਨੇ ਕਰੋੜਾਂ ਰੁਪਏ ਦੀ ਕੀਤੀ ਲੁੱਟ !

## 200 ਪਰਵਾਰਾਂ ਦੀ ਰੋਜ਼ੀ-ਰੋਟੀ ਖ਼ਤਰੇ 'ਚ, ਮੁੱਖ ਮੰਤਰੀ ਕੋਲੋਂ ਸੰਸਥਾ ਨੂੰ ਬਚਾਉਣ ਦੀ ਮੰਗ

**ਮਲੋਟ (ਗੁਰਮੀਤ ਸਿੰਘ ਮੱਕੜ)**-ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਵਿੱਚ ਜਿੱਥੇ ਵੱਡੇ ਉਪਰਾਲੇ ਕਰ ਰਹੀ ਹੈ, ਉੱਥੇ ਸ਼ਹਿਰ ਦਾ ਇੱਕ ਇੱਕ ਸਰਕਾਰੀ ਵਿਦਿਅਕ ਅਦਾਰਾ ਮਿਮਿਟ ਲਾਵਾਰਿਸ ਛੱਡਿਆ ਹੋਇਆ ਹੈ, ਜਿੱਥੇ ਪਿਛਲੇ 8 ਸਾਲਾਂ ਤੋਂ ਡਾਇਰੈਕਟਰ-ਕਮ-ਪ੍ਰਿੰਸੀਪਲ ਨਾ ਹੋਣ ਕਾਰਨ ਵਧੀਕੀਆਂ ਕਲਾਂ ਵਿੱਚ ਹੈ ਅਤੇ ਵਿਦਿਆਰਥੀਆਂ ਦਾ ਭਵਿੱਖ ਖ਼ਤਰੇ ਵਿੱਚ ਹੈ। ਪੱਕੇ ਪ੍ਰਿੰਸੀਪਲ ਦੀ ਨਿਯੁਕਤੀ ਲਈ ਸਾਰੀਆਂ ਸ਼ਰਤਾਂ ਪੂਰੀਆਂ ਕਰਨ ਦੇ ਬਾਵਜੂਦ ਫਾਈਲ ਤਕਨੀਕੀ ਮੰਤਰੀ ਦੇ ਟੇਬਲ ਦੀ ਧੂੜ ਚੱਟ ਰਹੀ ਹੈ, ਜਿਸ ਵਿੱਚ ਮੌਜੂਦਾ ਪ੍ਰਿੰਸੀਪਲ ਵੱਲੋਂ ਆਪਣੇ ਸਿਆਸੀ ਅਕਾਵਾਂ ਦਾ ਅਸ਼ੀਰਵਾਦ ਲੈ ਕੇ ਇਸ ਫਾਈਲ ਨੂੰ ਦਬਾਈ ਰੱਖਿਆ ਹੈ ਅਤੇ ਇਸ ਸਰਕਾਰੀ ਮਿਮਿਟ ਕਾਲਜ ਨੂੰ ਅਜਿਹੇ ਖੱਡੇ ਵਿੱਚ ਧੱਕ ਦਿੱਤਾ ਹੈ, ਜਿੱਥੋਂ ਮੁੜ ਨਿਕਲਣਾ ਮੁਸ਼ਕਲ ਹੋ ਚੁੱਕਾ ਹੈ। ਟੀ.ਐੱਸ.ਐੱਸ. ਸਕੀਮ ਤਹਿਤ ਦਾਖ਼ਲਾ ਨਾ ਮਿਲਣ ਕਾਰਨ ਸੰਸਥਾ ਨੂੰ ਕਰੋੜਾਂ ਰੁਪਏ ਦਾ ਸਾਲਾਨਾ ਨੁਕਸਾਨ ਹੋ ਰਿਹਾ ਹੈ। ਆਯੋਗ ਡਾਇਰੈਕਟਰ, ਜੋ ਮੌਜੂਦਾ ਅਹੁਦੇ 'ਤੇ ਬਿਰਾਜ਼ਮਾਨ ਹੈ, ਨੇ ਆਪਣੀ ਕੁਰਸੀ ਬਚਾਉਣ ਲਈ ਮਿਮਿਟ ਦੀ ਜੜ੍ਹ ਹੀ ਉਖਾੜ ਦਿੱਤੀ ਅਤੇ 200 ਪਰਵਾਰਾਂ ਦੀ ਰੋਜ਼ੀ ਰੋਟੀ ਖਤਰੇ ਵਿੱਚ ਪਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਇਸ ਡਾਇਰੈਕਟਰ ਦੀ ਕੁੱਝਲੀ ਨੇ ਕੰਟਰੈਕਟ ਆਧਾਰ 'ਤੇ ਵੀ ਤਰੱਕੀਆਂ ਹਾਸਲ ਕਰਕੇ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਹਨ ਤੇ ਨਮੂਨੇ ਦੀ ਬਣੀ ਬਿਲਡਿੰਗ ਨੂੰ ਖਸਤਾ ਹਾਲਤ 'ਤੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਕੀਤੇ ਉਪਰਾਲੇ ਸਦਕਾ ਮਿਮਿਟ ਨੂੰ 13 ਕਰੋੜ ਰੁਪਏ ਦੀ ਗ੍ਰਾਂਟ ਦੇ ਕੇ ਇਸ ਨੂੰ ਡੁੱਬਣ ਤੋਂ ਬਚਾਇਆ ਹੈ, ਨਹੀਂ ਤਾਂ ਇਸ ਦੇ ਡਾਇਰੈਕਟਰ ਨੇ ਮਿਮਿਟ ਇੰਸਟੀਚਿਊਟ ਦੇ ਸਾਰੇ ਦਰਵਾਜ਼ੇ ਸਦਾ ਲਈ ਹੀ ਬੰਦ ਕਰ ਦਿੱਤੇ ਸਨ।

ਤਕਨੀਕੀ ਮੰਤਰੀ ਦੀ ਚੁੱਪੀ ਨੇ ਵੀ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ ਕਿ ਇਸ ਨੂੰ ਖਸਤਾ ਹਾਲਤ ਵਿੱਚ ਲਿਜਾਣ ਦੇ ਪਿੱਛੇ ਕਿਸ ਦਾ ਹੱਥ ਹੈ ਇਹ ਜਾਂਚ ਦਾ ਵਿਸ਼ਾ ਹੈ। ਵਿਦਿਆਰਥੀਆਂ ਤੇ ਪਤਵੰਤਿਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਹੈ ਕਿ ਉਹ ਮਿਮਿਟ ਦੀ ਡੁੱਬਦੀ ਬੇੜੀ ਨੂੰ ਬਚਾਉਣ। ਇਸ ਵਿੱਚ ਰਹੇ ਘਪਲਿਆਂ ਦੀ ਉੱਚ ਪੱਧਰੀ ਵਿਜੀਲੈਂਸ ਤੋਂ ਜਾਂਚ ਕਰਵਾਏ ਅਤੇ ਪੱਕੇ ਤੌਰ 'ਤੇ ਇੱਥੇ ਪ੍ਰਿੰਸੀਪਲ ਦੀ ਨਿਯੁਕਤੀ ਕਰੇ ਤਾਂ ਜੋ ਸੰਸਥਾ ਦਾ ਮਾਣ ਸਤਿਕਾਰ ਕਾਇਮ ਰਹਿ ਸਕੇ ਅਤੇ ਤਕਨੀਕੀ ਮੰਤਰੀ ਨੂੰ ਵੀ ਪ੍ਰਿੰਸੀਪਲ ਦੀ ਨਿਯੁਕਤੀ ਦੀ ਪਈ ਫਾਈਲ ਜਲਦੀ ਤੋਂ ਜਲਦੀ ਕਲੀਅਰ ਕਰਕੇ ਇਸ ਸੰਸਥਾ ਨੂੰ ਬਚਾਉਣ ਲਈ ਵਿਸ਼ੇਸ਼ ਉਪਰਾਲਾ ਕਰੇ।

# ਫ਼ਿਰੋਜ਼ਪੁਰ ਮੰਡਲ ਵੱਲੋਂ ਦੋ ਸਪੈਸ਼ਲ ਟਰੇਨਾਂ ਚਲਾਈਆਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪ੍ਰਵਾਸੀ ਭਲਾਈ ਬੋਰਡ ਪੰਜਾਬ ਸਰਕਾਰ ਦੇ ਸਾਬਕਾ ਚੇਅਰਮੈਨ ਰਾਮ ਭਵਨ ਗੋਸਵਾਮੀ ਨੇ ਦੱਸਿਆ ਕਿ ਉੱਤਰ ਪ੍ਰਦੇਸ਼ ਕਲਿਆਣ ਕੌਂਸਲ ਪੰਜਾਬ ਵੱਲੋਂ ਕਈ ਮਹੀਨੇ ਤੋਂ ਪੂਰਵਾਂਚਲ ਖੇਤਰਾਂ ਲਈ ਸਪੈਸ਼ਲ ਟਰੇਨ ਚਲਾਉਣ ਦੀ ਮੰਗ ਫਿਰੋਜ਼ਪੁਰ ਮੰਡਲ ਰੇਲਵੇ ਅਧਿਕਾਰੀਆਂ ਨਾਲ ਕੀਤੀ ਜਾ ਰਹੀ ਸੀ। ਕੌਂਸਲ ਦੀ ਜਨ ਭਾਵਨਾ ਨੂੰ ਸਮਝਦੇ ਹੋਏ ਫਿਰੋਜ਼ਪੁਰ ਮੰਡਲ ਵੱਲੋਂ ਦੋ ਸਪੈਸ਼ਲ ਟਰੇਨ ਗੱਡੀ ਨੰਬਰ-04634 ਫਿਰੋਜ਼ਪੁਰ ਤੋਂ ਲਖਨਊ ਅਯੋਧਿਆ ਧਾਮ ਹੁੰਦੇ ਹੋਏ ਪਟਨਾ ਲਈ ਅਤੇ ਗੱਡੀ ਨੰਬਰ-04636 ਅੰਮ੍ਰਿਤਸਰ ਤੋਂ ਲਖਨਊ, ਵਾਰਾਣਸੀ ਹੁੰਦੇ ਹੋਏ ਹਾਵੜਾ ਲਈ ਬੀਤੇ ਦਿਨ ਤੋਂ ਚਲਾਉਣ ਦਾ ਫੈਸਲਾ ਲਿਆ ਗਿਆ। ਗੋਸਵਾਮੀ ਨੇ ਦੱਸਿਆ ਕਿ ਮਾਰਚ ਤੋਂ ਲੈ ਕੇ ਅਗਲੇ 4 ਮਹੀਨਿਆਂ 'ਚ ਪੂਰਵਾਂਚਲ ਖੇਤਰਾਂ 'ਚ ਵਿਆਹ ਤੇ ਮੰਗਲ ਕੰਮਾਂ ਦਾ ਆਯੋਜਨ ਵੱਧ ਹੋਣ ਦੀ ਵਜ੍ਹਾ ਨਾਲ ਰੇਲ 'ਚ ਯਾਤਰੀਆਂ ਦੀ ਗਿਣਤੀ ਆਵਾਜਾਈ 'ਚ ਕਾਫ਼ੀ ਵੱਧ ਹੋ ਰਹੀ ਸੀ, ਸਾਰੀਆਂ ਟਰੇਨਾਂ 'ਚ 3 ਮਹੀਨੇ ਤੋਂ ਵੇਟਿੰਗ 'ਚ ਚੱਲ ਰਹੀ ਸੀ, ਜਿਸ ਦੀ ਵਜ੍ਹਾ ਨਾਲ ਆਮ ਜਨਮਾਨਸ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਪਰ ਹੁਣ ਇਹ ਦੋ ਟਰੇਨਾਂ ਚੱਲਣ ਦੀ ਵਜ੍ਹਾ ਨਾਲ ਪੂਰਵਾਂਚਲ ਯਾਤਰੀਆਂ ਨੂੰ ਕਾਫੀ ਰਾਹਤ ਮਿਲੇਗੀ।

## ਭੋਗ 'ਤੇ ਵਿਸ਼ੇਸ਼

# ਭੁੱਲਿਆ ਨਹੀਂ ਜਾਣਾ ਸੇਵਕ ਬਰਾੜ ਖੋਖਰ



ਤੁਰ ਸਭ ਨੇ ਜਾਣਾ, ਪਰ ਬੰਦਾ ਇਲਾਜ ਕਰਾ ਕੇ ਗਿਆ ਹੋਵੇ, ਟੱਬਰ ਦੇ ਜੀਆਂ 'ਚ ਹੋਵੇ ਤਾਂ ਮਨ ਨੂੰ ਥੋੜ੍ਹੀ ਜਿਹੀ ਤਸੱਲੀ ਰਹਿੰਦੀ ਕਿ ਅਸੀਂ ਸੇਵਾ ਕੀਤੀ, ਉਹਦੇ ਸਾਹ ਹੀ ਏਨੇ ਲਿਖੇ ਸੀ, ਕੀ ਕਰੀਏ। ਪਰ ਜੇ ਮਿੰਟਾਂ 'ਚ ਹੀ ਤੇ ਤਾਂ ਸੀ ਹੋ ਜਾਵੇ ਤਾਂ ਸਾਰੀ ਉਮਰ ਕੁਦਰਤ 'ਤੇ ਰੋਸ ਰਹਿੰਦਾ। ਬੰਦਾ ਝੂਰਦਾ ਰਹਿੰਦਾ, ਖੁਰਦਾ ਰਹਿੰਦਾ। ਸੇਵਕ ਬਰਾੜ ਖੋਖਰ ਨਾਲ ਏਵੇਂ ਹੋਇਆ। ਆਥਣੇ ਛੇ ਕੁ ਵਜੇ ਖੋਖਰ ਪਿੰਡ ਤੋਂ ਗੁਆਂਢੀ ਪਿੰਡ ਖਾਰਾ ਗਿਆ ਤੇ ਸਾਢੇ ਕੁ ਅੱਠ ਵਜੇ ਮੌਤ ਦੀ ਖ਼ਬਰ ਆ ਗਈ। ਯਕੀਨ ਹੁਣ ਵੀ ਨਹੀਂ ਆ ਰਿਹਾ, ਪਰ 13 ਮਈ ਨੂੰ ਉਸਦਾ ਮੁਕਤਸਰ ਸਾਹਿਬ ਦੇ ਪਿੰਡ ਖੋਖਰ ਦੇ ਗੁਰਦੁਆਰਾ ਸਾਹਿਬ 'ਚ ਭੋਗ ਤੇ ਸ਼ਰਧਾਂਜਲੀ ਸਮਾਗਮ ਹੈ।

ਉਹ ਮੇਰੀ ਮਾਸੀ ਦੀ ਧੀ ਦਾ ਪੁੱਤ ਸੀ ਤੇ ਉਸ ਤੋਂ ਵੱਧ ਨੇੜਲਾ ਦੋਸਤ। ਨਿਆਣੀ ਉਮਰ ਦੀਆਂ ਖੇਡਾਂ ਤੋਂ ਸ਼ੁਰੂ ਹੋਈ ਸਾਂਝ ਹੁਣ ਤੱਕ ਦੀ ਸਾਂਝ। ਸੋਹਣੇ ਗੀਤ ਲਿਖਦਾ ਸੀ ਉਹ। ਦਰਜਨਾਂ ਗੀਤ ਉਹਦੇ ਵੱਖ-ਵੱਖ ਗਾਇਕਾਂ ਨੇ ਗਾਏ। ਸੁਖਜਿੰਦਰ ਸ਼ਿੰਦਾ, ਹਰਦੇਵ ਮਾਹੀਨੰਗਲ, ਗੁਰਲੇਜ਼ ਅਖ਼ਤਰ, ਭਿੰਦੇ ਸ਼ਾਹ, ਕੁਲਵਿੰਦਰ ਕੰਵਲ, ਜੀਤ ਜਗਜੀਤ ਤੇ ਅਨੇਕਾਂ ਹੋਰ ਕਲਾਕਾਰਾਂ ਨੇ ਉਹਦੇ ਗੀਤਾਂ ਨੂੰ ਅਵਾਜ਼ ਦਿੱਤੀ। ਉਹਦੇ ਬਹੁਤ ਵੱਡੇ ਸੁਪਨੇ ਸੀ, ਪਰ ਸੰਤਾਲੀ ਕੁ ਸਾਲ ਦੀ ਉਮਰ 'ਚ ਉਹਦੇ ਵਿਛੋੜੇ ਨੇ ਸਭ ਕੁੱਝ ਖ਼ਤਮ ਕਰ ਦਿੱਤਾ। ਉਹਦੀ 'ਕੱਲੀ-'ਕੱਲੀ ਗੱਲ ਅੱਜ ਚੇਤੇ ਆ ਰਹੀ। ਕਿੰਨਾ ਜਿਗਰੀ ਸੀ ਉਹ। ਕਿੰਨਾ ਹੱਸਣ ਵਾਲਾ। ਕਿੰਨਾ ਚਾਅ ਸੀ ਉਹਨੂੰ ਗੀਤਾਂ ਦਾ। ਕਿੰਨਾ ਕੁੱਝ ਕਰਨਾ ਚਾਹੁੰਦਾ ਸੀ ਉਹ। ਸੇਵਕ ਦੇ ਪਿਤਾ ਸ: ਤਾਰਾ ਸਿੰਘ ਦਾ ਰੋਣ ਝੱਲਿਆ ਨਹੀਂ ਜਾਂਦਾ। ਧਰਮ ਪਤਨੀ ਜਸਬੀਰ ਕੌਰ ਤੇ ਪੁੱਤਰ ਸੁਖਮਾਨ ਸਿੰਘ ਟੁੱਟੇ ਹੋਏ ਨੇ। ਇਹ ਉਮਰ ਉਸ ਦੇ ਜਾਣ ਦੀ ਨਹੀਂ ਸੀ, ਪਰ ਪੰਜਾਬ ਦੀਆਂ ਬੇਰੋ ਖਾਣੀਆਂ ਸੜਕਾਂ ਨੇ ਇੱਕ ਸੁਲਝਿਆ ਨੌਜਵਾਨ ਖੋਹ ਲਿਆ। ਮਨ ਤੋਂ ਰਿਹਾ 'ਅੰਦਰੋਂ ਚੀਸ ਜਿਹੀ ਉੱਠ ਰਹੀ। ਉਹ ਹਾਲੇ ਨਾ ਜਾਂਦਾ। ਮੋਟਰਸਾਈਕਲ 'ਤੇ ਨਾ ਜਾਂਦਾ। ਹਾਦਸਾ ਨਾ ਵਾਪਰਦਾ। ਪਰ ਕੁਦਰਤ ਨੂੰ ਇਹ ਮਨਜ਼ੂਰ ਨਹੀਂ ਸੀ। ਉਹਦੀ ਯਾਦ ਹਮੇਸ਼ਾ ਚੇਤੇ 'ਚ ਧੜਕਦੀ ਰਹਿਣੀ। ਉਹਨੂੰ ਚੇਤੇ ਕਰ-ਕਰ ਅੱਖਾਂ ਗਿੱਲੀਆਂ ਹੁੰਦੀਆਂ ਰਹਿਣੀਆਂ। ਜੀਂਦਾ ਜੀਂਦੇ ਨਾਲ ਜਿੰਨਾ ਨੇੜੇ ਰਿਹਾ, ਉਹਨੂੰ ਓਨਾ ਦੁੱਖ ਹੁੰਦਾ। ਸੇਵਕ ਬਰਾੜ ਦਾ ਵਿਛੋੜਾ ਨਾ ਭੁੱਲਣਯੋਗ ਹੈ। 13 ਮਈ ਨੂੰ ਸੇਵਕ ਬਰਾੜ ਖੋਖਰ ਨਮਿਤ ਭੋਗ ਤੇ ਅੰਤਮ ਅਰਦਾਸ ਪਿੰਡ ਖੋਖਰ ਦੇ ਚਰਨ ਕਮਲ ਗੁਰੂ ਘਰ ਵਿੱਚ ਹੋ ਰਹੀ ਹੈ, ਜਿੱਥੇ ਉਸ ਨੂੰ ਪਿਆਰ ਕਰਨ ਵਾਲੇ ਸ਼ਰਧਾ ਦੇ ਫੁੱਲ ਭੇਟ ਕਰਨਗੇ।

*-ਸਵਰਨ ਸਿੰਘ ਟਹਿਣਾ*

# ਝੋਨੇ/ਬਾਸਮਤੀ ਦੀ ਸਿੱਧੀ ਬਿਜਾਈ 'ਤੇ ਦਿੱਤੀ ਜਾਵੇਗੀ 1500 ਰੁਪਏ ਪ੍ਰਤੀ ਏਕੜ ਦੀ ਪ੍ਰੋਤਸਾਹਨ ਰਾਸ਼ੀ : ਮੁੱਖ ਖੇਤੀਬਾੜੀ ਅਫਸਰ



**ਸ੍ਰੀ ਮੁਕਤਸਰ ਸਾਹਿਬ/ਗਿੱਦੜਬਾਹਾ (ਸ਼ਮਿੰਦਰਪਾਲ, ਪੂਜਾ/ਜਸਵੰਤ ਗਿੱਲ)**-ਪੰਜਾਬ ਸਰਕਾਰ ਵੱਲੋਂ ਜ਼ਮੀਨਦੋਜ਼ ਪਾਣੀ ਨੂੰ ਬਚਾਉਣ ਲਈ ਰਾਜ ਵਿੱਚ ਝੋਨੇ ਤੇ ਬਾਸਮਤੀ ਦੀ ਸਿੱਧੀ ਬਿਜਾਈ ਦੀ ਤਕਨੀਕ ਨੂੰ ਵੱਡੇ ਪੱਧਰ 'ਤੇ ਲਾਗੂ ਕੀਤਾ ਜਾ ਰਿਹਾ ਹੈ।ਇਸ ਸਬੰਧੀ ਸਰਕਾਰ ਵੱਲੋਂ 1500 ਰੁ: ਪ੍ਰਤੀ ਏਕੜ ਦੀ ਪ੍ਰੋਤਸਾਹਨ ਰਾਸ਼ੀ ਦੇਣ ਦਾ ਐਲਾਨ ਕੀਤਾ ਗਿਆ ਹੈ।ਇਹ ਜਾਣਕਾਰੀ ਦਿੰਦਿਆਂ ਸ੍ਰ: ਕਰਨਜੀਤ ਸਿੰਘ ਗਿੱਲ, ਮੁੱਖ ਖੇਤੀਬਾੜੀ ਅਫ਼ਸਰ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਕਿਸਾਨ ਝੋਨੇ/ਬਾਸਮਤੀ ਦੀ ਸਿੱਧੀ ਬਿਜਾਈ ਦੇ ਵੇਰਵੇ ਪੰਜਾਬ ਸਰਕਾਰ ਦੇ ਪੋਰਟਲ https://agrimachinerypb.com/home/DSR 'ਤੇ 10/05/2025 ਤੋਂ 30/06/2025 ਤੱਕ ਅਪਲੋਡ ਕਰ ਦੇਣ ਤਾਂ ਜੋ ਉਨ੍ਹਾਂ ਨੂੰ ਇਹ ਪ੍ਰੋਤਸਾਹਨ ਰਾਸ਼ੀ ਪ੍ਰਾਪਤ ਕਰਨ ਵਿੱਚ ਕੋਈ ਦਿੱਕਤ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਸਕੀਮ ਦਾ ਲਾਭ ਲੈਣ ਲਈ ਇਹ ਵੇਰਵੇ ਆਨਲਾਈਨ ਪੋਰਟਲ ਤੇ ਦਰਜ ਕਰਵਾਉਣੇ ਲਾਜ਼ਮੀ ਹਨ।ਕਿਸਾਨ ਵੱਲੋਂ ਇਸ ਪੋਰਟਲ ਤੇ ਰਜਿਸਟ੍ਰਡ ਹੋਣ ਤੋਂ ਬਾਅਦ ਹੀ ਝੋਨੇ ਤੇ ਬਾਸਮਤੀ ਦੀ ਸਿੱਧੀ ਬਿਜਾਈ ਕੀਤੇ ਗਏ ਰਕਬੇ ਦਾ ਵੈਰੀਫਾਈ ਅਫ਼ਸਰ ਤੇ ਮਾਲ ਵਿਭਾਗ ਵੱਲੋਂ ਸਬੰਧਤ ਖੇਤ ਦਾ ਦੌਰਾ ਕਰਕੇ ਤਸਦੀਕ ਕੀਤਾ ਜਾਵੇਗਾ।ਤਸਦੀਕ ਹੋਣ ਤੋਂ ਬਾਅਦ ਹੀ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੇ ਖਾਤਿਆਂ ਵਿੱਚ ਪ੍ਰੋਤਸਾਹਨ ਰਾਸ਼ੀ ਦੀ ਸਿੱਧੀ ਅਦਾਇਗੀ ਕੀਤੀ ਜਾਵੇਗੀ।ਕਿਸਾਨ ਵੱਲੋਂ ਰਜਿਸਟ੍ਰੇਸ਼ਨ ਕਰਨ ਸਮੇਂ ਉਸ ਪਾਸ ਅਧਾਰ ਕਾਰਡ, ਖੇਵਟ ਨੰਬਰ, ਖਸਰਾ ਨੰਬਰ ਤੇ ਸਿੱਧੀ ਬਿਜਾਈ ਅਧੀਨ ਰਕਬੇ ਦੀ ਜਾਣਕਾਰੀ (ਕਨਾਲ/ਮਰਲਾ ਵਿੱਚ) ਹੋਣੀ ਚਾਹੀਦੀ ਹੈ।ਅਖ਼ੀਰ ਵਿੱਚ ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪੋਰਟਲ ਤੇ ਕੇਵਲ ਝੋਨੇ ਅਤੇ ਬਾਸਮਤੀ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੇ ਹੀ ਆਪਣੇ ਵੇਰਵੇ ਦੇਣੇ ਹਨ।

# ਕਬੱਡੀ ਕੱਪ ਦਾ ਮੁੱਖ ਮੰਤਵ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ : ਹਨੀ ਫੱਤਣਵਾਲਾ

## ਪਿੰਡ ਵੱਟੂ ਵਿਖੇ ਕਰਵਾਇਆ ਦੂਸਰਾ ਗੋਲਡ ਕਬੱਡੀ ਕੱਪ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਇਥੋਂ ਨੇੜਲੇ ਪਿੰਡ ਵੱਟੂ ਵਿਖੇ ਐੱਨ ਆਰ ਆਈ ਵੀਰਾਂ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਧੰਨ ਧੰਨ ਬਾਬਾ ਬੁੱਢਾ ਸਾਹਿਬ ਜੀ ਦੀ ਯਾਦ ਵਿੱਚ ਦੂਸਰਾ ਗੋਲਡ ਕਬੱਡੀ ਕੱਪ ਕਰਵਾਇਆ ਗਿਆ, ਜਿਸ ਵਿੱਚ ਸ਼੍ਰੋਮਣੀ ਅਕਾਲੀ ਦੇ ਦਲ ਦੇ ਸਾਬਕਾ ਜਨਰਲ ਸਕੱਤਰ ਤੇ ਮਾਰਕਿਟ ਕਮੇਟੀ ਦੇ ਸਾਬਕਾ ਚੇਅਰਮੈਨ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਮੁੱਖ ਮਹਿਮਾਨ ਵਜੋਂ ਪੁੱਜੇ।ਇਸ ਮੌਕੇ ਆਪਣੇ ਸੰਬੋਧਨ ਦੌਰਾਨ ਹਨੀ ਫੱਤਣਵਾਲਾ ਨੇ ਕਿਹਾ ਕਿ ਕਬੱਡੀ ਕੱਪ ਦਾ ਮੁੱਖ ਮੰਤਵ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਖੇਡਾਂ ਵੱਲ ਪ੍ਰੇਰਿਤ ਕਰਨਾ ਹੈ।ਉਨ੍ਹਾਂ ਕਿਹਾ ਕਿ ਬਾਬਾ ਬੁੱਢਾ ਸਾਹਿਬ ਜੀ ਦਾ ਆਸ਼ੀਰਵਾਦ ਹਮੇਸ਼ਾ ਇਸ ਪਿੰਡ 'ਤੇ ਬਣਿਆ ਰਹੇ ਅਤੇ ਉਨ੍ਹਾਂ ਦੀ ਯਾਦ ਵਿੱਚ ਕਰਵਾਏ ਜਾਂਦੇ ਇਹੋ ਜਿਹੇ ਸਮਾਗਮ ਪਿੰਡ ਵਿੱਚ ਏਕਤਾ ਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦੇ ਹਨ।ਉਨ੍ਹਾਂ ਕਿਹਾ ਕਿ ਖੇਡਾਂ ਸਾਨੂੰ ਸਿਹਤਮੰਦ ਰੱਖਦੀਆਂ ਹਨ ਤੇ ਸਾਡੇ ਵਿੱਚ ਮਿਲਜੁਲ ਕੇ ਰਹਿਣ ਦੀ ਭਾਵਨਾ ਪੈਦਾ ਕਰਦੀਆਂ ਹਨ।ਇਸ ਕਬੱਡੀ ਕੱਪ ਨੇ ਇੱਕ ਵਾਰ ਫਿਰ ਸਾਬਿਤ ਕਰ ਦਿੱਤਾ ਕਿ ਪੰਜਾਬੀਆਂ ਦੇ ਦਿਲਾਂ ਵਿੱਚ ਕਬੱਡੀ ਲਈ ਅੱਜ ਵੀ ਓਨਾ ਹੀ ਪਿਆਰ ਹੈ, ਜਿੰਨਾ ਪਹਿਲਾਂ ਹੁੰਦਾ ਸੀ। ਕਬੱਡੀ ਕੱਪ ਦੌਰਾਨ ਹਨੀ ਫੱਤਣਵਾਲਾ ਵੱਲੋਂ ਕਲੱਬ ਨੂੰ ਵਿੱਤੀ ਸਹਾਇਤਾ ਵੀ ਦਿੱਤੀ ਗਈ।ਉਕਤ ਕਬੱਡੀ ਕੱਪ ਦੌਰਾਨ ਮਾਣਕ ਫਗਵਾੜਾ ਦੀ ਟੀਮ ਪਹਿਲੇ ਤੇ ਮਾਝਾ ਖਾਲਸਾ ਕਬੱਡੀ ਟੀਮ ਘਰਿਆਲਾ ਦੂਜੇ ਸਥਾਨ'ਤੇ ਰਹੀ।

ਇਸ ਦੌਰਾਨ ਕਲੱਬ ਦੀ ਟੀਮ ਵੱਲੋਂ ਹਨੀ ਫੱਤਣਵਾਲਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਜਗਦੀਪ ਸਿੰਘ ਕਾਕਾ ਬਰਾੜ ਹਲਕਾ ਵਿਧਾਇਕ, ਮਨਜਿੰਦਰ ਸਿੰਘ ਬਿੱਟੂ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਬਰੀਵਾਲਾ, ਰਜਿੰਦਰ ਸਿੰਘ ਸਾਬਕਾ ਸਰਪੰਚ, ਸ਼ਮਸ਼ੇਰ ਸਿੰਘ ਵੜਿੰਗ, ਮੁਕੇਸ਼ ਕੁਮਾਰ ਬਰੀਵਾਲਾ, ਹਰਮੀਤ ਸਿੰਘ, ਜਸਪਾਲ ਸਿੰਘ, ਗੁਰਭੇਜ ਸਿੰਘ ਬਾਜਾ, ਤਰਸੇਮ ਸਿੰਘ, ਸੋਨਾ ਸਰਪੰਚ, ਬਿੰਦਾ ਸਰਪੰਚ, ਹਰਮੀਤ ਸਿੰਘ ਸਰਪੰਚ ਤੇ ਸਮੁੱਚੀ ਪਿੰਡ ਵੱਟੂ ਦੀ ਪੰਚਾਇਤ, ਨਗਰ ਨਿਵਾਸੀ ਤੇ ਇਲਾਕੇ ਦੀ ਸੰਗਤ ਵੱਡੀ ਗਿਣਤੀ ਵਿੱਚ ਹਾਜ਼ਰ ਸੀ।ਅੰਤ ਵਿੱਚ ਹਨੀ ਫੱਤਣਵਾਲਾ ਨੇ ਕਲੱਬ ਦੇ ਪ੍ਰਧਾਨ ਸੰਦੀਪ ਸਿੰਘ ਤੇ ਕਲੱਬ ਮੈਂਬਰਾਂ ਨੂੰ ਸਫਲ ਟੂਰਨਾਮੈਂਟ ਕਰਵਾਉਣ ਦੀ ਵਧਾਈ ਦਿੱਤੀ ਤੇ ਭਵਿੱਖ ਵਿੱਚ ਅਜਿਹੇ ਟੂਰਨਾਮੈਂਟ ਕਰਵਾਉਣ ਦੀ ਅਪੀਲ ਕੀਤੀ ਅਤੇ ਸਾਰੀਆਂ ਟੀਮਾਂ ਤੇ ਦਰਸ਼ਕਾਂ ਦਾ ਧੰਨਵਾਦ ਕੀਤਾ।

# ਸਾਬਕਾ ਵਿਧਾਇਕ ਰਮਿੰਦਰ ਆਂਵਲਾ ਵੱਲੋਂ ਸਰਹੱਦੀ ਪਿੰਡਾਂ ਦਾ ਦੌਰਾ

## ਜਲਾਲਾਬਾਦ ਵਾਸੀਆਂ ਨੂੰ ਹਰ ਸੰਭਵ ਮਦਦ ਦੇਣ ਦਾ ਕੀਤਾ ਐਲਾਨ



**ਜਲਾਲਾਬਾਦ (ਜੀਤ ਕੁਮਾਰ)**-ਜਲਾਲਾਬਾਦ ਦੇ ਸਾਬਕਾ ਵਿਧਾਇਕ ਰਮਿੰਦਰ ਸਿੰਘ ਆਂਵਲਾ ਵੱਲੋਂ ਸਰਹੱਦੀ ਇਲਾਕੇ ਦੇ ਪਿੰਡਾਂ ਦਾ ਦੌਰਾ ਕੀਤਾ ਗਿਆ। ਉਨ੍ਹਾਂ ਭਾਰਤ-ਪਾਕਿਸਤਾਨ ਸਰਹੱਦ ਦੇ ਨਾਲ ਲਗਦੇ ਪਿੰਡਾਂ ਦੇ ਲੋਕਾਂ ਨਾਲ ਵੱਖ-ਵੱਖ ਥਾਈਂ ਗੱਲਬਾਤ ਕੀਤੀ ਤੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਉਨ੍ਹਾਂ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਦੋਵਾਂ ਮੁਲਕਾਂ ਦਰਮਿਆਨ ਚੱਲ ਰਹੇ ਤਨਾਅ ਨੂੰ ਦੇਖਦੇ ਹੋਏ ਕਿਸੇ ਵੀ ਤਰ੍ਹਾਂ ਦੀ ਜ਼ਰੂਰਤ ਪੈਣ 'ਤੇ ਉਹ ਦਿਨ-ਰਾਤ ਤੁਹਾਡੇ ਨਾਲ ਖੜ੍ਹੇ ਹਨ। ਇਸ ਦੇ ਨਾਲ ਹੀ ਪਿੰਡ ਚੱਕ ਟਾਹਲੀ ਵਾਲਾ ਦੇ ਗੁਰਦੁਆਰਾ ਸਾਹਿਬ ਲਈ ਵੀ ਉਨ੍ਹਾਂ 50 ਹਜ਼ਾਰ ਰੁਪਏ ਨਗਦ ਰਾਸ਼ੀ ਸੇਵਾ ਵਜੋਂ ਭੇਟ ਕੀਤੀ। ਕਮਿਨਿਊਨਿਟੀ ਹਾਲ ਪਿੰਡ ਜੋਧਾ ਭੈਣੀ ਲਈ ਵੀ ਸਾਬਕਾ ਵਿਧਾਇਕ ਆਂਵਲਾ ਵੱਲੋਂ ਪੱਖੇ ਲਗਾਉਣ ਤੇ ਗੇਟ ਦੇਣ ਦਾ ਐਲਾਨ ਕੀਤਾ ਗਿਆ। ਉਨ੍ਹਾਂ ਪਿੰਡ ਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਅਗਲੇ 2-4 ਦਿਨਾਂ ਦੇ ਅੰਦਰ ਹਾਲ ਵਿੱਚ ਪੱਖੇ ਲੱਗ ਜਾਣਗੇ।

ਇਸ ਦੇ ਨਾਲ ਹੀ ਰਮਿੰਦਰ ਆਵਲਾ ਨੇ ਦੱਸਿਆ ਕਿ ਉਨ੍ਹਾਂ ਨੇ 2 ਐਂਬੂਲੈਂਸਾਂ ਸਰਹੱਦੀ ਖੇਤਰਾਂ ਵਿੱਚ ਖੜ੍ਹੀਆਂ ਕੀਤੀਆਂ ਹਨ, ਜਿਨ੍ਹਾਂ ਵਿੱਚ ਸਾਰੀ ਮੈਡੀਕਲ ਸਹੂਲਤ ਤੇ ਡਾਕਟਰੀ ਇਲਾਜ ਦੀ ਮੁੱਢਲੀ ਸਹੂਲਤ ਮੌਜੂਦ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜਦੋਂ ਵੀ ਕੋਈ ਐਮਰਜੈਂਸੀ ਜ਼ਰੂਰਤ ਹੋਵੇ ਤਾਂ ਮੇਰੇ ਨਾਲ ਜਾਂ ਮੇਰੀ ਟੀਮ ਨਾਲ ਜਦੋਂ ਮਰਜ਼ੀ ਸੰਪਰਕ ਕਰ ਸਕਦੇ ਹੋ।

ਇਸ ਸਮੇਂ ਉਨ੍ਹਾਂ ਨਾਲ ਸ਼ੰਟੀ ਕਪੂਰ, ਵਿਕਾਸਦੀਪ ਚੌਧਰੀ ਪ੍ਰਧਾਨ ਨਗਰ ਕੌਂਸਲ ਜਲਾਲਾਬਾਦ, ਮੰਗਲ ਸਿੰਘ ਸਰਪੰਚ, ਸਰਪੰਚ ਬੂਟਾ ਸਿੰਘ ਚੱਕ ਟਾਹਲੀਵਾਲਾ, ਸਾਬਕਾ ਸਰਪੰਚ ਕੇਵਲ ਸਿੰਘ, ਬਲਕਾਰ ਸਿੰਘ ਚੇਅਰਮੈਨ ਧਰਮੂਵਾਲਾ, ਮਨਜੀਤ ਸਿੰਘ ਭੰਬਾ ਉਤਾੜ, ਹੁਸ਼ਿਆਰ ਸਿੰਘ ਸਾਬਕਾ ਚੇਅਰਮੈਨ, ਕਰਨੈਲ ਸਿੰਘ ਸਾਬਕਾ ਸਰਪੰਚ, ਓਮ ਸਿੰਘ, ਗੁਰਚਰਨ ਸਿੰਘ ਮੈਂਬਰ, ਅਲੋਕ ਪ੍ਰਧਾਨ ਸਿੰਘ, ਕਮਲ ਧੂੜੀਆ ਚੇਅਰਮੈਨ, ਬਿੱਲੂ ਸਾਬਕਾ ਸਰਪੰਚ, ਮਹਿੰਦਰ ਸਿੰਘ ਮੌਜੂਦਾ ਸਰਪੰਚ, ਲਖਵਿੰਦਰ ਸਿੰਘ, ਸਰਪੰਚ ਢਾਣੀ ਮਾਨ ਲੱਖਾ ਸਿੰਘ, ਸਾਬਕਾ ਮੈਂਬਰ ਆਦਿ ਹਾਜ਼ਰ ਸਨ।

# ਆਹਨਖੇੜੀ 'ਚ ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਲਾਇਆ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਸ਼੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਵਿਰਸਾ ਸੰਭਾਲ ਸਰਦਾਰੀ ਲਹਿਰ ਪੰਜਾਬ ਤੇ ਜੀਵਨ ਆਸਾ ਵੈਲਫੇਅਰ ਕਲੱਬ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਪਿੰਡ ਆਹਨਖੇੜੀ ਵਿਖੇ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਲਾਇਆ ਗਿਆ।ਵਿਰਸਾ ਸੰਭਾਲ ਸਰਦਾਰੀ ਲਹਿਰ ਪੰਜਾਬ ਦੇ ਮੁੱਖ ਸੇਵਾਦਾਰ ਡਾ. ਮਨਦੀਪ ਸਿੰਘ ਖੁਰਦ ਤੇ ਅਰਸਜੋਤ ਸਿੰਘ ਬੱਲ ਨੇ ਦੱਸਿਆ ਕਿ ਮੁਫ਼ਤ ਮੈਡੀਕਲ ਜਾਂਚ ਕੈਂਪ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਪਹੁੰਚੇ ਚਰਨਪਾਲ ਸਿੰਘ ਡੀ.ਐਸ.ਪੀ (ਇੰਟੈਲੀਜੈਂਸ ਸੰਗਰੂਰ) ਤੇ ਕੇ.ਐਸ ਗਰੁੱਪ ਦੇ ਐਮ.ਡੀ ਕਰਮ ਸਿੰਘ ਮੁੰਡੇ ਨੇ ਕੀਤਾ। ਕੈਂਪ ਦੌਰਾਨ ਅਪੋਲੋ ਹਸਪਤਾਲ ਲੁਧਿਆਣਾ ਦੇ ਮਾਹਿਰ ਡਾਕਟਰਾਂ ਨੇ ਮਰੀਜ਼ਾਂ ਦਾ ਚੈੱਕਅਪ ਕੀਤਾ।ਉਨ੍ਹਾਂ ਕਿਹਾ ਕਿ ਕੈਂਪ ਦੌਰਾਨ ਸੈਂਕੜੇ ਮਰੀਜ਼ਾਂ ਨੇ ਆਪਣਾਂ ਚੈੱਕਅਪ ਕਰਾਇਆ।ਕੈਂਪ ਦੌਰਾਨ ਅੱਖਾਂ ਦਾ ਚੈੱਕਅਪ, ਜਰਨਲ ਮੈਡੀਕਲ ਚੈੱਕਅਪ, ਦਿਮਾਗ ਦੀਆਂ ਬਿਮਾਰੀਆਂ ਤੋਂ ਇਲਾਵਾ ਗੋਡ਼ ਦੀਆਂ ਹੱਡੀ ਦੀਆਂ ਬਿਮਾਰੀਆਂ ਦਾ ਚੈੱਕਅਪ ਕੀਤਾ ਗਿਆ ਨਾਲ ਹੀ ਮਰੀਜ਼ਾਂ ਨੂੰ ਦਵਾਈਆਂ ਬਿਲਕੁਲ ਮੁਫਤ ਦਿੱਤੀਆ ਗਈਆਂ।

# ਲਾਰੈਂਸ ਇੰਟਰਨੈਸ਼ਨਲ ਸਕੂਲ 'ਚ ਐਥਲੈਟਿਕ ਮੀਟ ਕਰਾਈ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਲਾਰੈਂਸ ਇੰਟਰਨੈਸ਼ਨਲ ਕਾਨਵੈਂਟ ਸਕੂਲ ਵਿੱਚ ਐਥਲੈਟਿਕ ਮੀਟ ਕਰਾਈ ਗਈ।ਪ੍ਰਿੰਸੀਪਲ ਜੀਨਮ ਗਰਗ ਤੇ ਮਨੋਜ ਕੁਮਾਰ ਦੇ ਅਗਵਾਈ ਹੇਠ ਤੀਜੀ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ।ਜ਼ੋਨ ਦੇ ਵਿਦਿਆਰਥੀਆਂ ਦੇ ਵੱਖ-ਵੱਖ ਮੁਕਾਬਲੇ ਕਰਾਏ ਗਏ। ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੜ੍ਹਾਈ ਦੇ ਨਾਲ -ਨਾਲ ਖੇਡਾਂ ਦਾ ਵੀ ਜ਼ਿੰਦਗੀ ਵਿੱਚ ਅਹਿਮ ਯੋਗਦਾਨ ਹੈ।ਵਿਦਿਆਰਥੀਆਂ ਨੂੰ ਵਧ-ਚੜ੍ਹ ਕੇ ਖੇਡਾਂ ਤੇ ਪੜ੍ਹਾਈ 'ਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।ਵਿਦਿਆਰਥੀਆਂ ਨੇ ਅਲੱਗ-ਅਲੱਗ ਖੇਡਾਂ ਵਿੱਚ ਆਪਣਾ ਯੋਗਦਾਨ ਪਾਇਆ। ਖੇਡਾਂ ਵਿੱਚ ਲੜਕੇ ਤੇ ਲੜਕੀਆਂ ਦੋਹਾਂ ਦੁਆਰਾ ਹਿੱਸਾ ਲਿਆ ਗਿਆ। ਤੀਜੀ, ਚੌਥੀ ਜਮਾਤ ਦੇ ਵਿਦਿਆਰਥੀਆਂ ਦੁਆਰਾ ਰਿੰਗ ਰੇਸ, ਬੈਲੂਨ ਰੇਸ, ਮਿਊਜੀਕਲ ਚੇਅਰ, ਸਪੂਨ ਰੇਸ, ਥਰੀ ਲੈਗ ਰੇਸ ਤੇ 100 ਮੀਟਰ ਆਦਿ ਖੇਡਾਂ ਕਰਵਾਈਆਂ ਗਈਆਂ।ਪੰਜਵੀਂ ਤੋਂ ਲੈ ਕੇ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਵਿੱਚ ਬੈਡਮਿੰਟਨ, ਚੈਸ, 100 ਮੀਟਰ 200 ਮੀਟਰ, 400 ਮੀਟਰ, ਕਬੱਡੀ, ਫੁੱਟਬਾਲ ਤੇ ਕ੍ਰਿਕਟ ਆਦਿ ਖੇਡਾਂ ਕਰਾਈਆਂ।ਲੜਕੀਆਂ ਵਿੱਚ ਖੋ-ਖੋ, ਰੱਸਾਕਸ਼ੀ ਆਦਿ ਖੇਡਾਂ ਕਰਾਈਆਂ।ਵਿਦਿਆਰਥੀਆਂ ਨੂੰ ਦੱਸਿਆ ਕਿ ਖੇਡਾਂ ਦਾ ਸਾਡੇ ਸਰੀਰਕ ਵਿਕਾਸ ਦੇ ਨਾਲ-ਨਾਲ ਮਾਨਸਿਕ ਵਿਕਾਸ ਵਿੱਚ ਵੀ ਵਾਧਾ ਕਰਦੀਆਂ ਹਨ ਤੇ ਸਰੀਰ ਨੂੰ ਨਿਰੋਗ ਰੱਖਦੀਆਂ ਹਨ।ਕੋਈ ਵੀ ਕੰਮ ਸਫ਼ਲਤਾ ਪੂਰਕ ਨਿਰੋਗ ਸਰੀਰ ਨਾਲ ਹੀ ਸੰਭਵ ਹੈ।ਇਸ ਸਮੇਂ ਸਕੂਲ ਦਾ ਸਮੁੱਚਾ ਸਟਾਫ਼ ਮੌਜੂਦ ਸੀ।

# ਗੁਰੂ ਤੇਗ ਬਹਾਦਰ ਕਾਲਜ ਆਫ਼ ਐਜੂਕੇਸ਼ਨ ਸੇਹਕੇ 'ਚ ਵਿਦਾਇਗੀ ਪਾਰਟੀ




**ਮਲੇਰਕੋਟਲਾ (ਅਸਗਰ ਪਰਿਹਾਰ)**-ਚੇਅਰਮੈਨ ਹਰਦੇਵ ਸਿੰਘ ਸੇਹਕੇ ਦੀ ਅਗਵਾਈ ਹੇਠ ਚੱਲ ਰਹੀ ਸੰਸਥਾ ਸ਼੍ਰੀ ਗੁਰੂ ਤੇਗ ਬਹਾਦਰ ਕਾਲਜ ਆਫ਼ ਐਜੂਕੇਸ਼ਨ ਸੇਹਕੇ ਵਿਖੇ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ। ਸੰਸਥਾ ਦੇ ਚੇਅਰਮੈਨ ਹਰਦੇਵ ਸਿੰਘ ਸੇਹਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਨਾਲ ਹੀ ਸੰਸਥਾ ਦੇ ਆਨਰੇਰੀ ਡਾਇਰੈਕਟਰ ਡਾ.ਧਰਮਚੰਦ ਵਾਤਿਸ਼ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਸਮਾਗਮ ਦੀ ਪ੍ਰਧਾਨਗੀ ਸੰਸਥਾ ਦੇ ਮੈਨੇਜਿੰਗ ਡਾਇਰੈਕਟਰ ਸ.ਰਵਿੰਦਰ ਸਿੰਘ ਸਿੱਧੂ ਨੇ ਕੀਤੀ।ਮੰਚ ਸੰਚਾਲਕ ਅਸਿਸਟੈਂਟ ਪ੍ਰੋਫੈਸਰ ਦਿਲਪ੍ਰੀਤ ਰੇਹਾਨ ਨੇ ਸਾਰੇ ਪਹੁੰਚੇ ਮਹਿਮਾਨਾਂ ਦਾ ਰਸਮੀ ਸੁਆਗਤ ਕੀਤਾ।ਇਸ ਮੌਕੇ ਬੀ.ਐੱਡ ਭਾਗ ਪਹਿਲਾ ਦੇ ਵਿਦਿਆਰਥੀਆਂ ਵੱਲੋਂ ਬੀ.ਐੱਡ.ਭਾਗ ਦੂਜਾ ਦੇ ਵਿਦਿਆਰਥੀਆਂ ਨੂੰ ਸਨਮਾਨ ਦਿੰਦੇ ਹੋਏ ਵਿਦਾਇਗੀ ਪਾਰਟੀ ਦਿੱਤੀ ਗਈ। ਪਾਰਟੀ ਦਾ ਆਰੰਭ ਸ਼ਬਦ ਗਾਇਨ ਨਾਲ ਕੀਤਾ ਗਿਆ।ਇਸ ਤੋਂ ਉਪਰੰਤ ਵਿਦਿਆਰਥੀਆਂ ਵੱਲੋਂ ਗੀਤ-ਸੰਗੀਤ, ਭੰਗੜਾ, ਗਿੱਧਾ ਤੇ ਨਾਟਕ ਆਦਿ ਪੇਸ਼ ਕੀਤੇ ਗਏ।ਇਸ ਦੌਰਾਨ ਪਹੁੰਚੇ ਮਹਿਮਾਨਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਚੰਗੇ ਭਵਿੱਖ ਲਈ ਆਸ਼ੀਰਵਾਦ ਦਿੱਤਾ ਗਿਆ।ਇਸ ਉਪਰੰਤ ਬੀ.ਐੱਡ ਭਾਗ ਦੂਜਾ ਦੇ ਵਿਦਿਆਰਥੀਆਂ ਦਾ ਰੈਂਪ ਵਾਕ, ਮਾਡਲਿੰਗ, ਪ੍ਰਤਿਭਾ ਖੋਜ ਮੁਕਾਬਲੇ ਕਰਾਏ ਗਏ ਅਤੇ ਇਸਦੇ ਅਧਾਰ 'ਤੇ ਬੀ.ਐੱਡ ਭਾਗ ਦੂਜਾ ਦੀ ਵਿਦਿਆਰਥਣ ਮੁਮਤਾਜ਼ ਨੂੰ ਮਿਸ ਫੇਅਰਵੈਲ ਤੇ ਵਿਦਿਆਰਥੀ ਨਿਮਰਜੀਤ ਸਿੰਘ ਨੂੰ ਮਿਸਟਰ ਫੇਅਰਵੈਲ ਅਤੇ ਵਿਦਿਆਰਥਣ ਪ੍ਰਭਜੋਤ ਕੌਰ ਨੂੰ ਵੈੱਲ ਡਰੈੱਸਡ (ਚੰਗਾ ਪਹਿਰਾਵਾ) ਚੁਣਿਆ ਗਿਆ। ਇਸ ਉਪਰੰਤ ਦੁਪਹਿਰ ਦੇ ਖਾਣੇ ਮਗਰੋਂ ਸਮਾਗਮ ਦਾ ਸਮਾਪਨ ਕੀਤਾ ਗਿਆ।

# 150 ਗ੍ਰਾਮ ਅਫੀਮ ਤੇ 11.59 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇਕ ਵਿਅਕਤੀ ਕੋਲੋਂ 150 ਗ੍ਰਾਮ ਅਫੀਮ, 11 ਲੱਖ 59 ਹਜ਼ਾਰ 500 ਰੁਪਏ ਡਰੱਗ ਮਨੀ, ਇਕ ਕਾਰ ਟਯੋਟਾ ਇਟੋਸ ਲੀਵਾ ਤੇ ਇਕ ਫੋਨ ਆਈ 16 ਪ੍ਰੋ ਮੈਕਸ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ।

ਜਾਣਕਾਰੀ ਦਿੰਦੇ ਹੋਏ ਐੱਸ ਆਈ ਜੱਜਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਪਿੰਡ ਕਮਾਲੇ ਵਾਲਾ ਤੋਂ ਨਿਹਾਲਾ ਕਿਲਚਾ ਨੂੰ ਜਾ ਰਹੀ ਸੀ ਤਾਂ ਰਸਤੇ ਵਿੱਚ ਬੰਨ ਫਾਟ ਦਰਿਆ ਲੰਘਦੇ ਸਾਰ ਸਾਹਮਣੇ ਤੋਂ ਇਕ ਕਾਰ ਟਯੋਟਾ ਇਟੋਸ ਲੀਵਾ ਨੰਬਰ ਪੀਬੀ 05 ਏ ਐੱਲ 7074, ਜਿਸ ਵਿੱਚ ਇਕ ਨੌਜਵਾਨ ਕੁਲਦੀਪ ਸਿੰਘ ਪੁੱਤਰ ਸੁਰਜੀਤ ਸਿੰਘ ਪੁੱਤਰ ਲਾਭ ਸਿੰਘ ਵਾਸੀ ਪਿੰਡ ਵੇਹਰਾ ਬਘੇਲਾ ਥਾਣਾ ਮਹਿਤਪੁਰ ਜ਼ਿਲ੍ਹਾ ਜਲੰਧਰ ਹਾਲ ਨਿਹਾਲਾ ਕਿਲਚਾ ਸਵਾਰ ਸੀ, ਆਈ ਜੋ ਰਸਤਾ ਦੇਣ ਲੱਗੇ ਉਸ ਦਾ ਇਕ ਟਾਇਰ ਖੇਤਾਂ ਵਿੱਚ ਉੱਤਰ ਗਿਆ। ਜਦ ਪੁਲਸ ਪਾਰਟੀ ਨੇ ਉਸ ਦੀ ਮੱਦਦ ਕਰਨੀ ਚਾਹੀ ਤਾਂ ਉਕਤ ਵਿਅਕਤੀ ਕਾਰ ਵਿੱਚੋਂ ਨਿੱਕਲ ਕੇ ਭੱਜ ਪਿਆ, ਜਿਸ ਨੂੰ ਕਾਬੂ ਕਰਕੇ ਤਲਾਸ਼ੀ ਲਈ ਤਾਂ ਉਸ ਪਾਸੋਂ 150 ਗ੍ਰਾਮ ਅਫੀਮ ਤੇ 11 ਲੱਖ 59 ਹਜ਼ਾਰ ਰੁਪਏ ਦੀ ਡਰੱਗ ਮਨੀ ਅਤੇ ਇੱਕ ਆਈ ਫੋਨ 16 ਪ੍ਰੋ ਮੈਕਸ ਬਰਾਮਦ ਕੀਤਾ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਸਾਬਕਾ ਤਰਕਸ਼ੀਲ ਮੈਂਬਰ ਹਰਦੇਵ ਸਿੰਘ ਰਾਠੀ ਦੇ ਦੇਹਾਂਤ 'ਤੇ ਦੁੱਖ ਪ੍ਰਗਟ

## ਪਹਿਲਗਾਮ ਵਿਖੇ ਮਾਰੇ ਗਏ ਸੈਲਾਨੀਆਂ ਨੂੰ ਵੀ ਦਿੱਤੀ ਸ਼ਰਧਾਂਜਲੀ



**ਸੰਗਰੂਰ (ਪ੍ਰਵੀਨ ਸਿੰਘ)**-ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਮੀਟਿੰਗ ਜਥੇਬੰਦਕ ਮੁਖੀ ਸੁਰਿੰਦਰਪਾਲ ਉੱਪਲੀ ਦੀ ਅਗਵਾਈ ਵਿੱਚ ਸੰਗਰੂਰ ਵਿਖੇ ਹੋਈ।ਮੀਟਿੰਗ ਦੀ ਕਾਰਵਾਈ ਪ੍ਰੈੱਸ ਨਾਲ ਸਾਂਝੀ ਕਰਦਿਆਂ ਮੀਡੀਆ ਮੁਖੀ ਪ੍ਰਗਟ ਸਿੰਘ ਬਾਲੀਆਂ, ਤਰਕਸ਼ੀਲ ਆਗੂ ਸੀਤਾ ਰਾਮ ਬਾਲਦ ਕਲਾਂ ਤੇ ਕ੍ਰਿਸ਼ਨ ਸਿੰਘ ਨੇ ਦੱਸਿਆ ਕਿ ਮੀਟਿੰਗ ਵਿੱਚ ਸਭ ਤੋਂ ਪਹਿਲਾਂ ਪਹਿਲਗਾਮ ਵਿੱਚ ਮਾਰੇ ਗਏ ਸੈਲਾਨੀਆਂ ਦੀ ਯਾਦ ਵਿੱਚ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ ਤੇ ਨਿਰਦੋਸ਼ ਲੋਕਾਂ ਨੂੰ ਮਾਰਨ ਦੀ ਘਟਨਾ ਦੀ ਘੋਰ ਨਿਖੇਧੀ ਕੀਤੀ ਗਈ।ਉਨ੍ਹਾਂ ਕਿਹਾ ਕਿ ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ।ਇਕਾਈ ਸੰਗਰੂਰ ਦੇ ਸਾਬਕਾ ਮੈਂਬਰ ਹਰਦੇਵ ਸਿੰਘ ਰਾਠੀ ਦੇ ਦੇਹਾਂਤ 'ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਪਰਵਾਰ ਦੇ ਦੁੱਖ ਵਿੱਚ ਸ਼ਰੀਕ ਹੋਇਆ ਗਿਆ ਤੇ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਗਿਆ।ਪਰਿਵਾਰ ਵੱਲੋਂ ਮੈਡੀਕਲ ਖੋਜ ਕਾਰਜਾਂ ਲਈ ਸਰੀਰ ਪ੍ਰਦਾਨ ਕਰਨ ਲਈ ਪਰਿਵਾਰ ਦੀ ਸ਼ਾਲਾਘਾ ਕੀਤੀ ਗਈ।ਮੀਟਿੰਗ ਵਿੱਚ ਤਰਕਸ਼ੀਲ ਮੈਗਜ਼ੀਨ ਦਾ ਮਈ-ਜੂਨ ਅੰਕ ਲੋਕ ਅਰਪਨ ਕੀਤਾ ਗਿਆ।ਤਰਕਸ਼ੀਲ ਮੈਗਜ਼ੀਨ ਦੇ ਨਵੇਂ ਪਾਠਕ ਬਣਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ ਤੇ 7ਵੀਂ ਵਿਦਿਆਰਥੀ ਚੇਤਨਾ ਪਰਖ਼ ਲਈ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਕਰਨ ਲਈ ਸਕੂਲਾਂ ਵਿੱਚ ਜਾਣ ਦਾ ਫ਼ੈਸਲਾ ਕੀਤਾ ਗਿਆ।

ਮੀਟਿੰਗ ਵਿੱਚ ਲੋਕਾਂ ਨੂੰ ਅੰਧਵਿਸ਼ਵਾਸ, ਵਹਿਮ ਭਰਮ ਤੇ ਵੇਲਾ ਵਿਹਾਅ ਚੁੱਕੀਆਂ ਰਸਮਾਂ ਵਿੱਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਆਉਣ ਦਾ ਸੁਨੇਹਾ ਦਿੱਤਾ।ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਗੁਰਦੀਪ ਸਿੰਘ ਲਹਿਰਾ, ਕ੍ਰਿਸ਼ਨ ਸਿੰਘ, ਸੀਤਾ ਰਾਮ, ਅਮਰ ਸਿੰਘ, ਹੇਮਰਾਜ, ਗੁਰਜੰਟ ਸਿੰਘ, ਕਰਤਾਰ ਸਿੰਘ, ਪ੍ਰਗਟ ਸਿੰਘ ਬਾਲੀਆਂ, ਮਨਧੀਰ ਸਿੰਘ, ਪਰਮਜੀਤ ਕੌਰ ਹਾਜ਼ਰ ਸਨ।

# ਸੱਭਿਆਚਾਰਕ ਤੇ ਅਧਿਆਤਮਕ ਪ੍ਰੋਗਰਾਮਾਂ ਨਾਲ ਬੁੱਧ ਪੂਰਨਿਮਾ ਮਨਾਈ



**ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)**-ਦੇਸ਼ ਭਗਤ ਯੂਨੀਵਰਸਿਟੀ ਨੇ ਆਪਣੇ ਕੈਂਪਸ ਵਿੱਚ ਬੁੱਧ ਪੂਰਨਿਮਾ, ਜੋ ਭਗਵਾਨ ਬੁੱਧ ਦੇ ਜਨਮ, ਗਿਆਨ ਪ੍ਰਾਪਤੀ ਤੇ ਮਹਾਪ੍ਰੀਨਿਰਵਾਨ ਦਾ ਪਵਿੱਤਰ ਮੌਕਾ ਹੈ, ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ।ਪ੍ਰੋਗਰਾਮ ਦਾ ਉਦਘਾਟਨ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ. ਚਾਂਸਲਰ ਡਾ. ਤਜਿੰਦਰ ਕੌਰ, ਚਾਂਸਲਰ ਦੇ ਸਲਾਹਕਾਰ ਡਾ. ਵਰਿੰਦਰ ਸਿੰਘ, ਵਾਈਸ-ਚਾਂਸਲਰ ਡਾ. ਹਰਸ਼ ਸਦਾਵਰਤੀ ਨੇ ਕੀਤਾ, ਜਿਨ੍ਹਾਂ ਨੇ ਅੱਜ ਦੇ ਸੰਸਾਰ ਵਿੱਚ ਭਗਵਾਨ ਬੁੱਧ ਦੀਆਂ ਸਿੱਖਿਆਵਾਂ ਦੀ ਮਹੱਤਤਾ 'ਤੇ ਚਾਨਣਾ ਪਾਇਆ।ਪ੍ਰੋਗਰਾਮ ਵਿੱਚ ਬੋਧੀ ਭਜਨਾਂ ਦਾ ਜਾਪ, ਵਿਦਿਆਰਥੀਆਂ ਤੇ ਅਧਿਆਪਕਾਂ ਦੁਆਰਾ ਇੱਕ ਸ਼ਾਂਤੀ ਮਾਰਚ ਸ਼ਾਮਲ ਸੀ।ਵਿਦਿਆਰਥੀਆਂ ਨੇ ਸੱਭਿਆਚਾਰਕ ਪੇਸ਼ਕਾਰੀਆਂ ਪੇਸ਼ ਕੀਤੀਆਂ, ਜਿਨ੍ਹਾਂ ਵਿੱਚ ਰਵਾਇਤੀ ਨਾਚ ਤੇ ਭਗਵਾਨ ਬੁੱਧ ਦੇ ਜੀਵਨ 'ਤੇ ਇੱਕ ਲਘੂ ਨਾਟਕ ਸ਼ਾਮਲ ਸੀ, ਜਿਸ ਨੇ ਦਰਸ਼ਕਾਂ ਨੂੰ ਮੋਹਿਤ ਕੀਤਾ ਤੇ ਸ਼ਾਂਤੀ, ਦਇਆ ਅਤੇ ਅਹਿੰਸਾ ਦੇ ਮੁੱਲਾਂ 'ਤੇ ਜ਼ੋਰ ਦਿੱਤਾ।

# ਪ੍ਰਨੀਤ ਕੌਰ ਨੇ ਸੜਕ ਹਾਦਸੇ 'ਚ ਮ੍ਰਿਤਕ ਬੱਚਿਆਂ ਦੇ ਪਰਵਾਰ ਨਾਲ ਕੀਤਾ ਦੁੱਖ ਸਾਂਝਾ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸਮਾਣਾ-ਪਟਿਆਲਾ ਸੜਕ 'ਤੇ ਬੀਤੇ ਬੁੱਧਵਾਰ ਨੂੰ ਸੜਕ ਹਾਦਸੇ 'ਚ 6 ਮਾਸੂਮ ਬੱਚਿਆਂ ਸਣੇ 1 ਵੈਨ ਡਰਾਈਵਰ ਦੀ ਮੌਤ ਹੋ ਗਈ ਸੀ।ਅੱਜ ਸਾਬਕਾ ਮੰਤਰੀ ਤੇ ਸੰਸਦ ਮੈਂਬਰ ਪ੍ਰਨੀਤ ਕੌਰ ਵੱਲੋਂ ਸਮਾਣਾ ਵਿਖੇ ਪੁੱਜ ਕੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕੀਤਾ ਗਿਆ ਅਤੇ ਹਾਦਸੇ ਵਿੱਚ ਜ਼ਖ਼ਮੀ ਬੱਚਿਆਂ ਦਾ ਹਾਲ ਜਾਣਿਆ ਗਿਆ।ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਪ੍ਰਨੀਤ ਕੌਰ ਨੇ ਕਿਹਾ ਕਿ ਇਹ ਬਹੁਤ ਮੰਦਭਾਗੀ ਘਟਨਾ ਹੈ, ਕਿਸੇ ਲਈ ਆਪਣੇ ਬੱਚੇ ਨੂੰ ਖੋਹਣਾ ਸਭ ਤੋਂ ਵੱਡਾ ਦਰਦ ਹੈ, ਹਾਦਸੇ ਵਿੱਚ ਇੱਕੋ ਘਰ ਦੇ 2 ਬੱਚਿਆਂ ਦੀ ਮੌਤ ਹੋ ਗਈ ਤੇ ਇੱਕ ਘਰ ਵਿਖੇ ਉਨ੍ਹਾਂ ਦੀ ਇਕਲੌਤੀ ਪੁੱਤਰੀ ਦਾ ਦੇਹਾਂਤ ਹੋ ਗਿਆ, ਇਹ ਪਰਿਵਾਰ ਲਈ ਬਹੁਤ ਵੱਡਾ ਦਰਦ ਹੈ। ਸਮਾਣਾ 'ਚ ਚੱਲ ਰਹੇ ਨਜਾਇਜ਼ ਟਿੱਪਰਾਂ 'ਤੇ ਟਿੱਪਣੀ ਕਰਦੇ ਪ੍ਰਨੀਤ ਕੌਰ ਬੋਲੇ ਕਿ ਸਮਾਣਾ 'ਚ ਦਿਨ ਰਾਤ ਬੇਖੌਫ ਓਵਰਲੋਡ ਟਿੱਪਰ ਸੜਕਾਂ ਉੱਪਰ ਦੌੜ ਰਹੇ ਹਨ, ਇਹ ਘੁੰਮ ਰਹੇ ਨਜਾਇਜ਼ ਟਿੱਪਰ ਕਿੰਨੇ ਹੀ ਲੋਕਾਂ ਦੀ ਜਾਨ ਲੈ ਚੁੱਕੇ ਹਨ, ਪਰ ਅਫਸੋਸ ਸਰਕਾਰ ਤੇ ਸਥਾਨਕ ਪ੍ਰਸ਼ਾਸਨ ਘੋੜੇ ਵੇਚ ਕੇ ਸੁੱਤੇ ਪਏ ਹਨ। ਇਨ੍ਹਾਂ ਨਜਾਇਜ਼ ਟਿੱਪਰਾਂ ਖ਼ਿਲਾਫ਼ ਪੁਲਸ ਵੀ ਕੋਈ ਕਾਰਵਾਈ ਕਰਨ ਤੋਂ ਪਾਸਾ ਵੱਟ ਰਹੀ ਹੈ। ਅੰਤ ਵਿੱਚ ਪ੍ਰਨੀਤ ਕੌਰ ਨੇ ਕਿਹਾ ਕਿ ਅੱਜ ਦੁੱਖ ਦੀ ਘੜੀ ਵਿੱਚ ਮੈਂ ਤੇ ਮੇਰੀ ਸਮੁੱਚੀ ਭਾਜਪਾ ਪਾਰਟੀ ਪੀੜਤ ਪਰਿਵਾਰ ਨਾਲ ਖੜੀ ਹੈ, ਪਰਿਵਾਰਾਂ ਦੀਆਂ ਜੋ ਵੀ ਮੰਗਾਂ ਹੋਣਗੀਆਂ, ਉਨ੍ਹਾਂ ਨੂੰ ਜ਼ਰੂਰ ਪੂਰਾ ਕੀਤਾ ਜਾਵੇਗਾ।

## ...ਸ.ਫ਼ਾ 1 ਦੇ ਬਾਕੀ

### ਹਰਿਆਣਾ ਨੂੰ ਪਾਣੀ ਛੱਡਣ...

ਪ੍ਰਧਾਨਗੀ ਹੇਠ ਹੋਈ ਮੀਟਿੰਗ 1974 ਰੂਲਜ਼ ਦੇ ਨਿਯਮ 7 ਅਧੀਨ ਕੀਤੀ ਗਈ ਸੀ, ਜਿਸ ਲਈ ਚੇਅਰਮੈਨ ਵੱਲੋਂ ਹਵਾਲਾ ਦੇਣ ਦੀ ਲੋੜ ਹੁੰਦੀ ਹੈ।ਹਾਲਾਂਕਿ, ਮਾਣਯੋਗ ਅਦਾਲਤ ਨੂੰ ਇਹ ਨਹੀਂ ਦੱਸਿਆ ਗਿਆ ਕਿ ਉਕਤ ਮੀਟਿੰਗ ਵਾਧੂ ਪਾਣੀ ਦੀ ਵੰਡ ਦੇ ਵਿਵਾਦ ਸਬੰਧੀ ਸਿਰਫ਼ ਇੱਕ ਗੈਰ-ਰਸਮੀ ਮੀਟਿੰਗ ਸੀ।ਪਟੀਸ਼ਨ ਵਿੱਚ ਕਿਹਾ ਗਿਆ ਕਿ 2 ਮਈ ਦੀ ਮੀਟਿੰਗ ਸੰਬੰਧੀ ਕੋਈ ਰਸਮੀ ਮਿੰਟਸ ਕਦੇ ਵੀ ਦਰਜ ਨਹੀਂ ਕੀਤੇ ਗਏ। ਅਦਾਲਤ ਦੇ ਸਾਹਮਣੇ ਸਿਰਫ਼ ਇੱਕ ਪ੍ਰੈੱਸ ਨੋਟ ਪੇਸ਼ ਕੀਤਾ ਗਿਆ ਸੀ, ਜਿਸ ਨੇ ਗੁੰਮਰਾਹਕੁੰਨ ਜਾਣਕਾਰੀ ਪੇਸ਼ ਕੀਤੀ ਅਤੇ ਜਿਸ ਦੇ ਚਲਦਿਆਂ ਅਦਾਲਤ ਵੱਲੋਂ ਹੁਕਮ ਜਾਰੀ ਕੀਤਾ ਗਿਆ।6 ਮਈ ਦੇ ਅਦਾਲਤੀ ਹੁਕਮ ਦੀ ਪਾਲਣਾ ਲਈ ਪੰਜਾਬ ਸਰਕਾਰ ਨੇ 8 ਮਈ ਨੂੰ ਈਮੇਲ ਰਾਹੀਂ ਮੀਟਿੰਗ ਦੇ ਮਿੰਟਸ ਮੰਗੇ। ਹਾਲਾਂਕਿ, ਜਵਾਬ ਵਿੱਚ ਸਿਰਫ਼ ਇੱਕ ਪ੍ਰੈੱਸ ਨੋਟ ਦਿੱਤਾ ਗਿਆ, ਜਿਸ ਵਿੱਚ ਪੁਸ਼ਟੀ ਕੀਤੀ ਗਈ ਸੀ ਕਿ ਕੋਈ ਰਸਮੀ ਮਿੰਟਸ ਦਰਜ ਨਹੀਂ ਕੀਤੇ ਗਏ ਸਨ, ਇੱਕ ਤੱਥ ਜਿਸ ਨੂੰ 8 ਮਈ ਨੂੰ ਗ੍ਰਾਮ ਪੰਚਾਇਤ ਵੱਲੋਂ ਦਾਇਰ ਕੀਤੀ ਗਈ ਕੰਟੈਂਪਟ ਐਪਲੀਕੇਸ਼ਨ ਵਿੱਚ ਸੁਣਵਾਈ ਦੌਰਾਨ ਸਵੀਕਾਰ ਕੀਤਾ ਗਿਆ ਸੀ।ਇਹ ਵੀ ਦੱਸਿਆ ਗਿਆ ਕਿ ਬੀ ਬੀ ਐੱਮ ਬੀ ਨੇ ਵੀ 2 ਮਈ ਦੇ ਫੈਸਲੇ ਦੀ ਕਾਪੀ ਦੀ ਮੰਗ ਕੀਤੀ ਸੀ, ਪਰ ਅਜਿਹਾ ਕੋਈ ਦਸਤਾਵੇਜ਼ ਪ੍ਰਦਾਨ ਨਹੀਂ ਕੀਤਾ ਗਿਆ। ਉੱਚਿਤ ਅਧਿਕਾਰ ਨਾ ਹੋਣ ਦੇ ਬਾਵਜੂਦ ਬੀ ਬੀ ਐੱਮ ਬੀ ਨੇ ਕਾਨੂੰਨੀ ਅਧਿਕਾਰ ਤੋਂ ਬਿਨਾਂ ਹਰਿਆਣਾ ਰਾਜ ਨੂੰ ਪਾਣੀ ਛੱਡਣਾ ਜਾਰੀ ਰੱਖਿਆ।ਮਾਣਯੋਗ ਅਦਾਲਤ ਨੇ ਭਾਰਤ ਸੰਘ ਦੇ ਵਕੀਲ ਨੂੰ 2 ਮਈ ਦੀ ਮੀਟਿੰਗ ਦੇ ਮਿੰਟਸ ਪੇਸ਼ ਕਰਨ ਅਤੇ ਅਦਾਲਤ ਨੂੰ ਨਿਯਮ 7 ਤਹਿਤ ਅਜਿਹੇ ਹਵਾਲਿਆਂ 'ਤੇ ਫੈਸਲਾ ਲੈਣ ਲਈ ਅਧਿਕਾਰਤ ਸਮਰੱਥ ਅਥਾਰਟੀ ਬਾਰੇ ਜਾਣੂ ਕਰਵਾਉਣ ਦਾ ਨਿਰਦੇਸ਼ ਦਿੱਤਾ। ਇਸ ਦੇ ਜਵਾਬ ਵਿੱਚ ਭਾਰਤ ਸੰਘ ਮੀਟਿੰਗ ਦੇ ਮਿੰਟ ਪੇਸ਼ ਨਹੀਂ ਕਰ ਸਕਿਆ, ਇਸ ਦੀ ਬਜਾਏ ਉਨ੍ਹਾਂ 'ਡਿਸਕਸ਼ਨ ਰਿਕਾਰਡ' ਪੇਸ਼ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਨਿਯਮ 7 ਤਹਿਤ ਸਕੱਤਰ ਬਿਜਲੀ ਸਮਰੱਥ ਅਥਾਰਟੀ ਹੈ। ਇਸ ਤਰ੍ਹਾਂ ਸਮਰੱਥ ਅਥਾਰਟੀ ਵੱਲੋਂ ਕੋਈ ਵੀ ਲਾਗੂ ਕਰਨ ਯੋਗ ਫੈਸਲਾ ਜਾਰੀ ਨਹੀਂ ਕੀਤਾ ਗਿਆ ਹੈ।ਇਸ ਤੋਂ ਇਲਾਵਾ ਹਰਿਆਣਾ ਨੇ 29 ਅਪ੍ਰੈਲ ਨੂੰ ਬੀ ਬੀ ਐੱਮ ਬੀ.ਨੂੰ ਬੇਨਤੀ ਕੀਤੀ ਸੀ ਕਿ ਉਹ ਨਿਯਮ 7 ਤਹਿਤ ਮਾਮਲੇ ਨੂੰ ਸਮਰੱਥ ਅਥਾਰਟੀ ਕੋਲ ਭੇਜਣ ਅਤੇ ਇਹ ਬੇਨਤੀ ਬੀ ਬੀ ਐੱਮ ਬੀ ਚੇਅਰਮੈਨ ਵੱਲੋਂ ਸਮਰੱਥ ਅਥਾਰਟੀ ਨੂੰ ਭੇਜ ਦਿੱਤੀ ਗਈ ਸੀ। ਸਮਰੱਥ ਅਥਾਰਟੀ ਵੱਲੋਂ ਕੋਈ ਫੈਸਲਾ ਨਹੀਂ ਦਿੱਤਾ ਗਿਆ ਅਤੇ ਹਰਿਆਣਾ ਨੂੰ ਗੈਰ-ਕਾਨੂੰਨੀ ਤੌਰ 'ਤੇ ਮਦਦ ਕਰਨ ਲਈ ਅਥਾਰਟੀ ਦੇ ਫੈਸਲੇ ਦੀ ਉਡੀਕ ਕੀਤੇ ਬਿਨਾਂ ਬੀ ਬੀ ਐੱਮ ਬੀ ਵੱਲੋਂ ਖੁਦ 3 ਮਈ ਨੂੰ ਇੱਕ ਫੈਸਲਾ ਲਿਆ ਗਿਆ।ਪੰਜਾਬ ਸਰਕਾਰ ਵੱਲੋਂ ਅਦਾਲਤ ਨੂੰ ਇਨ੍ਹਾਂ ਗੰਭੀਰ ਪ੍ਰਕਿਰਿਆਤਮਕ ਉਲੰਘਣਾਵਾਂ ਅਤੇ ਗਲਤ ਪੇਸ਼ਕਾਰੀ ਦੇ ਮੱਦੇਨਜ਼ਰ ਆਪਣੇ ਹੁਕਮਾਂ ਦੀ ਸਮੀਖਿਆ ਕਰਨ ਦੀ ਮੰਗ ਕੀਤੀ ਹੈ।

### ਐਲਵਿਸ਼ ਯਾਦਵ ਦੀ...

ਯਾਦਵ ਵਿਰੁੱਧ ਕੇਸ ਦਰਜ ਕੀਤਾ ਸੀ। ਇਸ ਮਾਮਲੇ 'ਚ ਪੁਲਸ ਨੇ ਪੰਜ ਹੋਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਸੀ। ਦੂਜੇ ਪਾਸੇ ਯਾਦਵ ਨੇ ਦੋਸ਼ਾਂ ਨੂੰ ਨਕਾਰਿਆ ਸੀ। ਇਸ ਤੋਂ ਪਹਿਲਾਂ ਪੀਪਲ ਫਾਰ ਐਨੀਮਲਜ਼ (ਪੀ ਐੱਫ ਏ) ਨੇ ਸੈਕਟਰ 51 'ਚ ਚੱਲ ਰਹੀ ਪਾਰਟੀ 'ਤੇ ਨਜ਼ਰ ਰੱਖੀ ਹੋਈ ਸੀ। ਗ੍ਰਿਫਤਾਰ ਕੀਤੇ ਗਏ ਵਿਅਕਤੀ ਕੋਬਰਿਆਂ ਸਣੇ 9 ਸੱਪ ਲੈ ਕੇ ਇਸ ਪਾਰਟੀ 'ਚ ਪੁੱਜੇ ਸਨ। ਪੁਲਸ ਨੇ 20 ਮਿਲੀਲਿਟਰ ਜ਼ਹਿਰ ਵੀ ਬਰਾਮਦ ਕੀਤਾ ਸੀ। ਪੀ ਐੱਫ ਏ ਦੇ ਗੌਰਵ ਗੁਪਤਾ ਦੀ ਸ਼ਿਕਾਇਤ 'ਤੇ ਪੁਲਸ ਨੇ ਜੰਗਲੀ ਜੀਵ ਸੁਰੱਖਿਆ ਐਕਟ ਦੀਆਂ ਧਾਰਾਵਾਂ ਤਹਿਤ ਐੱਫ ਆਈ ਆਰ ਦਰਜ ਕੀਤੀ ਸੀ। ਯਾਦਵ ਨੇ ਗੈਰਕਾਨੂੰਨੀ ਢੰਗ ਨਾਲ ਰੇਵ ਪਾਰਟੀਆਂ ਕੀਤੀਆਂ ਤੇ ਉਸ ਨੇ ਨੋਇਡਾ ਅਤੇ ਐੱਨ ਸੀ ਆਰ ਦੇ ਹੋਰ ਹਿੱਸਿਆਂ 'ਚ ਸੱਪਾਂ ਤੇ ਉਨ੍ਹਾਂ ਦੇ ਜ਼ਹਿਰ ਨਾਲ ਵੀਡੀਓ ਵੀ ਬਣਾਏ। ਡਵੀਜ਼ਨਲ ਜੰਗਲਾਤ ਅਧਿਕਾਰੀ ਪ੍ਰਮੋਦ ਕੁਮਾਰ ਸ੍ਰੀਵਾਸਤਵ ਨੇ ਕਿਹਾ ਸੀ ਕਿ ਕਾਰਵਾਈ ਦੌਰਾਨ ਪੰਜ ਕੋਬਰੇ, ਦੋ ਸੈਂਡ ਬੋਆ, ਇੱਕ ਅਜਗਰ ਅਤੇ ਇੱਕ ਰੈਟ ਸਨੇਕ ਨੂੰ ਬਚਾਇਆ ਗਿਆ। ਇਹ ਵੀ ਦੱਸਣਾ ਬਣਦਾ ਹੈ ਕਿ ਐਲਵਿਸ਼ ਹੋਰ ਵੀ ਕਈ ਵਿਵਾਦਾਂ ਵਿੱਚ ਘਿਰਿਆ ਹੋਇਆ ਹੈ।

# ਪਾਣੀ ਨਾਲ ਧੱਕੇਸ਼ਾਹੀ ਖਿਲਾਫ਼ ਧਰਨੇ 'ਤੇ ਬੈਠੇ 'ਆਪ' ਦੇ ਜੁਝਾਰੂ ਯੋਧੇ



**ਜਗਰਾਉਂ (ਅਮਿਤ ਖੰਨਾ)**-ਨੰਗਲ ਡੈਮ ਤੇ ਪੰਜਾਬ ਦੇ ਪਾਣੀ ਦੀ ਰਖਵਾਲੀ ਕਰਦੇ ਸਮੇਂ ਐਮ.ਐਲ.ਏ ਸਰਵਜੀਤ ਕੌਰ ਮਾਣੂੰਕੇ ਵੱਲੋਂ ਨੰਗਲ ਡੈਮ ਤੇ ਭਾਜਪਾ ਵੱਲੋਂ ਕੀਤੀ ਜਾ ਰਹੀ ਪੰਜਾਬ ਦੇ ਪਾਣੀਆਂ ਨਾਲ ਧੱਕੇਸ਼ਾਹੀ ਦੇ ਖਿਲਾਫ਼ ਧਰਨੇ 'ਤੇ ਬੈਠੇ 'ਆਪ' ਦੇ ਸਾਰੇ ਆਗੂ ਨੰਗਲ ਡੈਮ ਦੇ ਮੈਡੀਕਲ ਚੇਅਰਮੈਨ ਸੰਜੀਵ ਗੌਤਮ, ਸ਼ਹਿਰੀ ਪ੍ਰਧਾਨ ਗੁਰਪ੍ਰੀਤ ਸਿੰਘ (ਨੋਨੀ), ਬਲਾਕ ਪ੍ਰਧਾਨ ਸੁਭਾਸ਼, ਗੁਰਮੀਤ ਸਿੰਘ ਗਿੰਨਾ ਸੋਸ਼ਲ ਮੀਡੀਆ ਇੰਚਾਰਜ, ਬੌਬੀ ਸ਼ਰਮਾ ਆਦੀ ਹਾਜਰ ਸਨ

# ਸ਼ਹੀਦ ਭਗਤ ਸਿੰਘ ਕਾਲਜ ਵਿਖੇ ਅੰਤਰਾਸ਼ਟਰੀ ਨਰਸਿੰਗ ਦਿਵਸ ਮਨਾਇਆ

## ਨਰਸਿੰਗ ਪੇਸ਼ਾ ਸਮਾਜ ਦੀ ਸੇਵਾ ਲਈ ਇੱਕ ਮਹਾਨ ਕੰਮ : ਧਰਮਪਾਲ ਬਾਂਸਲ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼ਹੀਦ ਭਗਤ ਸਿੰਘ ਕਾਲਜ ਆਫ ਨਰਸਿੰਗ ਸੋਢੇਵਾਲਾ, ਫਿਰੋਜ਼ਪੁਰ ਵਿਖੇ ਫਲੋਰੈਂਸ ਨਾਇਟਨਗੇਲ ਦੇ ਜਨਮ ਦਿਨ ਸਬੰਧੀ ਅੰਤਰਾਸ਼ਟਰੀ ਨਰਸਿੰਗ ਦਿਵਸ ਬੜੀ ਹੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਕਾਲਜ ਦੇ ਡਾਇਰੈਕਟਰ ਧਰਮਪਾਲ ਬਾਂਸਲ ਦੀ ਹਾਜ਼ਰੀ ਵਿੱਚ ਸਮਾਰੋਹ ਸ਼ੁਰੂ ਹੋਇਆ। ਇਸ ਮੌਕੇ ਨਾਨ-ਟੀਚਿੰਗ ਸਟਾਫ ਵੱਲੋਂ ਇਕ ਸਰਪਰਾਇਜ਼ ਦੇ ਤੌਰ ਯੋਜਨਾ ਬਣਾਈ ਗਈ ਸੀ, ਜਿਸ ਵਿੱਚ ਪਹਿਲਾਂ ਫਲੋਰੈਂਸ ਨਾਇਟਨਗੇਲ ਦੇ ਜਨਮ ਦਿਨ ਦੀ ਖੁਸ਼ੀ ਵਿੱਚ ਕੇਕ ਕੱਟਿਆ ਗਿਆ ਤੇ ਫਿਰ ਵਿਸ਼ੇਸ਼ ਲੰਚ ਦਾ ਇੰਤਜ਼ਾਮ ਕੀਤਾ ਗਿਆ। ਇਹ ਲੰਚ ਕਾਲਜ ਦੀ ਮੈਨੇਜਮੈਂਟ ਵੱਲੋਂ ਸਾਰੇ ਸਟਾਫ ਲਈ ਖਾਸ ਤੌਰ 'ਤੇ ਰੱਖਿਆ ਗਿਆ ਸੀ। ਡਾਇਰੈਕਟਰ ਧਰਮਪਾਲ ਬਾਂਸਲ ਨੇ ਆਪਣੇ ਭਾਸ਼ਣ ਰਾਹੀਂ ਸਾਰੇ ਨਰਸਿੰਗ ਫੈਕਲਟੀ ਮੈਂਬਰਾਂ ਨੂੰ ਨਰਸਿਗ ਡੇ ਦੀ ਵਧਾਈ ਦਿੱਤੀ ਤੇ ਉਨ੍ਹਾਂ ਦੀ ਸੇਵਾ ਨੂੰ ਸਲਾਮ ਕੀਤਾ। ਉਨ੍ਹਾਂ ਕਿਹਾ ਕਿ ਨਰਸਿੰਗ ਪੇਸ਼ਾ ਸਮਾਜ ਦੀ ਸੇਵਾ ਲਈ ਇਕ ਮਹਾਨ ਕੰਮ ਹੈ, ਜਿਸ ਦੀ ਕਦਰ ਸਾਰਿਆਂ ਨੂੰ ਕਰਨੀ ਚਾਹੀਦੀ ਹੈ। ਨਰਸ ਹੋਣ ਦਾ ਮਤਲਬ ਹੈ ਹਮੇਸ਼ਾ ਕਿਸੇ ਦੀ ਜ਼ਿੰਦਗੀ ਨੂੰ ਚੰਗਾ ਬਣਾਉਣਾ, ਚੁੱਪਚਾਪ ਪਰ ਪੂਰੇ ਦਿਲੋਂ ਕੰਮ ਕਰਨਾ। ਨਰਸਿਸ ਦੀ ਸੇਵਾ ਸਾਡੀ ਸਿਹਤ ਸੰਸਥਾ ਦੀ ਰੀੜ੍ਹ ਦੀ ਹੱਡੀ ਹੈ। ਤੁਸੀਂ ਸਾਡੇ ਲਈ ਮਾਣ ਦੇ ਯੋਗ ਹੋ। ਪ੍ਰਿੰਸੀਪਲ ਡਾ. ਮਨਜੀਤ ਕੌਰ ਸਲਵਾਨ ਵੱਲੋਂ ਵੀ ਸਾਰੇ ਸਟਾਫ ਨੂੰ ਨਰਸਿੰਗ ਦਿਵਸ ਦੀਆਂ ਵਧਾਈਆਂ ਦਿੱਤੀਆਂ ਗਈਆਂ। ਇਸ ਸਮਾਰੋਹ ਨੇ ਸਾਰੇ ਸਟਾਫ ਵਿੱਚ ਨਵਾਂ ਜੋਸ਼ ਭਰ ਦਿੱਤਾ ਤੇ ਇਹ ਦਿਨ ਯਾਦਗਾਰ ਬਣ ਗਿਆ। ਇਸ ਮੌਕੇ ਸ਼ਰਨਜੀਤ ਕੌਰ, ਸੁਖਵਿੰਦਰ ਕੌਰ, ਗੁਰਦੀਪ ਕੌਰ, ਜਸਮੀਤ ਕੌਰ, ਇੰਦਰਜੀਤ ਕੌਰ, ਅਮਨਦੀਪ ਕੌਰ, ਸੰਜਵੀਨੀ, ਖੁਸ਼ਪਾਲ ਕੌਰ, ਸੰਤੋਸ਼ ਰਾਣੀ, ਅਮਨਦੀਪ ਕੌਰ, ਅਮਨਦੀਪ ਕੌਰ, ਗੁਰਪ੍ਰੀਤ ਕੌਰ, ਰਮਨਦੀਪ ਕੌਰ, ਸੰਗੀਤਾ ਹਾਂਡਾ, ਗੁਰਮੀਤ ਕੌਰ, ਮਨਪ੍ਰੀਤ ਕੌਰ, ਕੋਮਲਜੀਤ ਕੌਰ, ਮੁਸਕਾਨ, ਬਲਵਿੰਦਰ ਕੌਰ, ਚਰਨਜੀਤ ਕੌਰ, ਰਮਨਦੀਪ ਸਿੰਘ ਆਦਿ ਸ਼ਾਮਲ ਹੋਏ।

# ਪੰਜ ਸਰਬਸੰਮਤੀ ਵਾਲੀਆਂ ਪੰਚਾਇਤਾਂ ਨੂੰ 25 ਲੱਖ ਦੀ ਵਿਕਾਸ ਗ੍ਰਾਂਟ ਜਾਰੀ



**ਬੁਢਲਾਡਾ (ਅਸ਼ੋਕ ਲਾਕੜਾ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਵਾਅਦਾ ਕੀਤਾ ਗਿਆ ਸੀ ਕਿ ਜੋ ਪੰਚਾਇਤਾਂ ਸਰਬਸੰਮਤੀ ਨਾਲ ਚੁਣੀਆਂ ਜਾਣਗੀਆਂ, ਉਨ੍ਹਾਂ ਨੂੰ ਪੰਜ-ਪੰਜ ਲੱਖ ਰੁਪਏ ਵਿਕਾਸ ਗ੍ਰਾਂਟ ਜਾਰੀ ਕੀਤੀ ਜਾਵੇਗੀ।ਇਸ ਵਾਅਦੇ ਨੂੰ ਨਿਭਾਉਂਦੇ ਹੋਏ ਪਹਿਲੀ ਕਿਸ਼ਤ ਵਿੱਚ ਹਲਕਾ ਬੁਢਲਾਡਾ ਦੀਆਂ ਪੰਜ ਪੰਚਾਇਤਾਂ ਦਰੀਆਪੁਰ ਕਲਾਂ, ਰਾਮਗੜ੍ਹ, ਜਲਵੇੜਾ, ਗੁਰਨੇ ਖੁਰਦ ਅਤੇ ਅਚਾਨਕ ਨੂੰ ਪੰਜ-ਪੰਜ ਲੱਖ ਰੁਪਏ ਦੀ ਗ੍ਰਾਂਟ ਜਾਰੀ ਕਰ ਦਿੱਤੀ ਹੈ।ਵਿਧਾਇਕ ਬੁਢਲਾਡਾ ਪ੍ਰਿੰਸੀਪਲ ਬੁੱਧ ਰਾਮ ਨੇ ਇਨ੍ਹਾਂ ਗ੍ਰਾਂਟਾਂ ਦੇ ਸੈਕਸ਼ਨ ਪੱਤਰ ਸਬੰਧਤ ਪਿੰਡਾਂ ਦੀਆਂ ਪੰਚਾਇਤਾਂ ਨੂੰ ਸੌਂਪਣ ਮੌਕੇ ਸਾਂਝੀ ਕੀਤੀ।ਵਿਧਾਇਕ ਬੁੱਧ ਰਾਮ ਨੇ ਕਿਹਾ ਕਿ ਇਨ੍ਹਾਂ ਗ੍ਰਾਂਟਾਂ ਨਾਲ ਪੰਚਾਇਤਾਂ ਆਪਣੇ ਮਨਪਸੰਦ ਦਾ ਵਿਕਾਸ ਕਾਰਜ ਕਰਾ ਸਕਦੀਆਂ ਹਨ।ਪੰਚਾਇਤਾਂ ਦੇ ਸਰਪੰਚਾਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਹੈ।ਪੰਚਾਇਤ ਯੂਨੀਅਨ ਦੇ ਪ੍ਰਧਾਨ ਸਰਪੰਚ ਰਜਿੰਦਰ ਸਿੰਘ ਗੋਬਿੰਦਪੁਰਾ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਹਿਲਾਂ ਸਰਕਾਰਾਂ ਸਿਰਫ਼ ਵਾਅਦੇ ਕਰਦੀਆਂ ਸਨ ਪਰ ਪੂਰਾ ਨਹੀਂ ਕਰਦੀਆਂ ਸਨ।ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਚਾਇਤਾਂ ਨੂੰ ਪੰਜ-ਪੰਜ ਲੱਖ ਰੁਪਏ ਦੇ ਕੇ ਵਧੀਆ ਪਿਰਤ ਪਾਈ ਹੈ।ਉਨ੍ਹਾਂ ਕਿਹਾ ਕਿ ਵਿਧਾਇਕ ਬੁੱਧ ਰਾਮ ਦੀ ਅਗਵਾਈ ਹੇਠ ਹਮੇਸ਼ਾ ਪੰਚਾਇਤਾਂ ਦੀਆਂ ਸਮੱਸਿਆਵਾਂ ਨੂੰ ਸੁਣਦਿਆਂ ਹੱਲ ਕੀਤਾ ਜਾਂਦਾ ਹੈ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**
ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : **nawanzamana@gmail.com * Web : www.nawanzamana.in**

# ਫਿਰੌਤੀ ਦੀ ਆੜ 'ਚ ਸਕਿਓਰਿਟੀ ਲੈਣ ਲਈ ਖੁਦ 'ਤੇ ਗੋਲੀਆਂ ਚਲਵਾਉਣ ਦੀ ਰਚੀ ਸਾਜ਼ਿਸ਼ ਦਾ ਪਰਦਾਫਾਸ਼

**ਬਟਾਲਾ (ਡਾ. ਮਲਵਿੰਦਰ ਸਿੰਘ)**- ਸੁਹੇਲ ਕਾਸਿਮ ਮੀਰ ਐੱਸਐੱਸਪੀ ਬਟਾਲਾ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ 29 ਅਪ੍ਰੈਲ 2025 ਨੂੰ ਵੈਸ਼ਨ ਲੰਡਨ ਸ਼ੋਅਰੂਮ ਦੇ ਮਾਲਕ ਵਰਿੰਦਰ ਸਿੰਘ ਉਰਫ ਵਿੱਕੀ ਪੁੱਤਰ ਨਰਿੰਦਰ ਸਿੰਘ ਵਾਸੀ ਨਿਊ ਟੌਪ ਸਿਟੀ ਕਲੋਨੀ, ਬਟਾਲਾ ਨੂੰ ਧਰਮਾ ਸੰਧੂ ਨਾਂਅ ਦੇ ਗੈਂਗਸਟਰ ਵੱਲੋਂ 50 ਲੱਖ ਦੀ ਫਿਰੌਤੀ ਦੀ ਮੰਗ ਕਰਨ ਸਬੰਧੀ ਕਾਲ ਕੀਤੀ ਗਈ ਸੀ ਅਤੇ ਫਿਰੌਤੀ ਦੀ ਰਕਮ ਅਦਾ ਨਾ ਕਰਨ 'ਤੇ ਅਣਪਛਾਤੇ ਮੋਟਰਸਾਈਕਲ ਚਾਲਕਾਂ ਵੱਲੋਂ ਗੋਲੀਆਂ ਚਲਾਈਆਂ ਗਈਆਂ ਸੀ, ਜਿਸ 'ਤੇ ਵਰਿੰਦਰ ਸਿੰਘ ਉਰਫ ਵਿੱਕੀ ਦੇ ਬਿਆਨ 'ਤੇ ਮੁਕੱਦਮਾ ਨੰਬਰ 70 ਮਿਤੀ 30.04.2025 ਜੁਰਮ 308(2), 351, 125 ਬੀਐੱਨਐੱਸ, 25-54-59 ਅਸਲਾ ਐਕਟ ਥਾਣਾ ਸਿਟੀ ਬਟਾਲਾ ਦਰਜ ਰਜਿਸਟਰ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਗੁਰਪ੍ਰਤਾਪ ਸਿੰਘ ਸਹੋਤਾ ਐੱਸਪੀ ਇਨਵੈਸਟੀਗੇਸ਼ਨ ਬਟਾਲਾ ਦੀ ਯੋਗ ਅਗਵਾਈ ਹੇਠ ਸੰਜੀਵ ਕੁਮਾਰ, ਡੀਐੱਸਪੀ ਸਿਟੀ ਬਟਾਲਾ, ਇੰਸਪੈਕਟਰ ਸੁਖਰਾਜ ਸਿੰਘ, ਇੰਚਾਰਜ ਸੀਆਈਏ ਬਟਾਲਾ ਅਤੇ ਹੋਰ ਪੁਲਸ ਟੀਮਾਂ ਇਸ ਵਾਰਦਾਤ ਨੂੰ ਟਰੇਸ ਕਰਨ ਵਿੱਚ ਲਗਾਈਆਂ ਗਈਆਂ, ਜੋ ਦੌਰਾਨੇ ਤਫਤੀਸ਼ ਉਪਰੋਕਤ ਸ਼ੋਅਰੂਮ 'ਤੇ ਗੋਲੀਆਂ ਚਲਾਉਣ ਵਾਲੇ ਗਿਰੋਹ ਨੂੰ ਟਰੇਸ ਕਰਕੇ ਗ੍ਰਿਫਤਾਰ ਕਰਨ ਵਿੱਚ ਸਫਲਤਾ ਮਿਲੀ ਹੈ।ਉਨ੍ਹਾਂ ਦੱਸਿਆ ਕਿ ਉਪਰੋਕਤ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਦੇ ਇੰਕਸ਼ਾਫ ਤੋਂ ਇਹ ਪਤਾ ਲੱਗਾ ਕਿ ਰਣਜੋਧ ਸਿੰਘ ਉਰਫ਼ ਜੋਧਾ ਪੁੱਤਰ ਪ੍ਰਗਟ ਸਿੰਘ ਵਾਸੀ ਜੋੜਾ ਸਿੰਘਾ ਥਾਣਾ ਕਿਲਾ ਲਾਲ ਸਿੰਘ ਹਾਲ ਇੰਗਲੈਂਡ ਦਾ ਸਬੰਧ ਫ਼ੈਸ਼ਨ ਲੰਡਨ ਸ਼ੋਅਰੂਮ ਬਟਾਲਾ ਦੇ ਮਾਲਕ ਵਰਿੰਦਰ ਸਿੰਘ ਉਰਫ਼ ਵਿੱਕੀ ਨਾਲ ਹੈ ਜੋ ਵਰਿੰਦਰ ਸਿੰਘ ਨੇ



ਪੁਲਸ ਸਕਿਓਰਿਟੀ ਹਾਸਿਲ ਕਰਨ ਲਈ ਰਣਜੋਧ ਸਿੰਘ ਜੋਧਾ ਨਾਲ ਸਲਾਹ ਕੀਤੀ।ਰਣਜੋਧ ਸਿੰਘ ਨੇ ਅੱਗੋਂ ਕੈਨੇਡਾ ਵਿੱਚ ਬੈਠੇ ਆਪਣੇ ਦੋਸਤ ਵਿਸ਼ਾਲਦੀਪ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀ ਭਿੰਡਰ ਥਾਣਾ ਖਿਲਚੀਆਂ ਨਾਲ ਗੱਲ ਕੀਤੀ ਜੋ ਵਿਸ਼ਾਲਦੀਪ, ਰਣਜੋਧ ਸਿੰਘ ਅਤੇ ਸ਼ੋਅਰੂਮ ਮਾਲਕ ਵਰਿੰਦਰ ਸਿੰਘ ਨੇ 29.04.2025 ਦੀ ਤਾਰੀਖ ਫਿਕਸ ਕੀਤੀ।ਅੱਗੋਂ ਵਿਸ਼ਾਲਦੀਪ ਨੇ ਇਸ ਕੰਮ ਨੂੰ ਅੰਜ਼ਾਮ ਦੇਣ ਲਈ ਰਾਜਬੀਰ ਸਿੰਘ ਪੁੱਤਰ ਸੁਲੱਖਣ ਸਿੰਘ ਵਾਸੀ ਖਲਚੀਆਂ, ਬਲਵਿੰਦਰ ਸਿੰਘ ਉਰਫ ਰਾਹੁਲ ਸੇਖੋਂ ਪੁੱਤਰ ਅਮਰੀਕ ਸਿੰਘ ਵਾਸੀ ਵਡਾਲਾ ਖੁਰਦ ਹਾਲ ਸਿਟੀ ਤਰਨਤਾਰਨ, ਸੁਖਸਹਿਜਪ੍ਰੀਤ ਸਿੰਘ ਪੁੱਤਰ ਸੁਖਜਿੰਦਰ ਸਿੰਘ ਵਾਸੀ ਗੁਲਲਪੁਰ ਤਰਨਤਾਰਨ ਹਾਲ ਝਬਾਲ ਚੌਂਕ ਤਰਨਤਾਰਨ ਨੂੰ 50,000 ਰੁਪਏ ਵਿੱਚ ਹਾਇਰ ਕੀਤਾ।ਇਸ ਕੰਮ ਲਈ ਵਰਤੇ ਜਾਣ ਵਾਲੇ ਪਿਸਟਲ 32 ਬੋਰ ਦਾ ਪ੍ਰਬੰਧ ਵਿਸ਼ਾਲਦੀਪ ਨੇ ਕਰਵਾਇਆ।ਮੋਟਰਸਾਇਕਲ ਬਲਵਿੰਦਰ ਸਿੰਘ ਚਲਾਉਣ ਲੱਗ ਪਿਆ, ਸੁਖ ਸਹਿਜਪ੍ਰੀਤ ਸਿੰਘ ਵਿਚਕਾਰ ਬੈਠ ਗਿਆ ਅਤੇ ਰਾਜਬੀਰ ਪਿਸਟਲ ਫੜ ਕੇ ਪਿੱਛੇ ਬੈਠ ਗਿਆ।ਐੱਸਐੱਸਪੀ ਬਟਾਲਾ ਨੇ ਹੋਰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਕੇਸ ਵਿੱਚ ਦਿਲਚਸਪ ਗੱਲ ਸਾਹਮਣੇ ਆਈ ਕਿ ਸ਼ੋਅਰੂਮ ਮਾਲਕ ਵਰਿੰਦਰ ਸਿੰਘ ਰੋਜ਼ਾਨਾ ਆਪਣਾ ਸ਼ੋਅਰੂਮ ਰਾਤ 09:00 ਵਜੇ ਬੰਦ ਕਰ ਦਿੰਦਾ ਸੀ, ਪਰੰਤੂ ਘਟਨਾ ਵਾਲੀ ਰਾਤ ਉਸ ਉਪਰ ਫਾਇਰ ਕਰਨ ਵਾਲੀ ਪਾਰਟੀ ਦੇ ਲੇਟ ਹੋਣ ਕਰਕੇ ਵਰਿੰਦਰ ਸਿੰਘ ਆਪਣੇ ਸ਼ੋਅਰੂਮ ਦਾ ਸ਼ਟਰ ਹੇਠਾਂ ਸੁੱਟ ਕੇ ਉਨ੍ਹਾਂ ਦਾ ਇੰਤਜ਼ਾਰ ਕਰਦਾ ਰਿਹਾ।ਉਸ ਰਾਤ ਕਰੀਬ 09:48 'ਤੇ ਇਹ ਲੋਕ ਦੁਕਾਨ ਦੇ ਸ਼ਟਰ 'ਤੇ ਫਾਇਰ ਕਰਕੇ ਫਰਾਰ ਹੋ ਗਏ।ਵਿਸ਼ਾਲਦੀਪ ਸਿੰਘ ਵੱਲੋਂ ਤਹਿ ਕੀਤੀ ਗਈ ਰਕਮ 50,000 ਵਿੱਚੋਂ ਕੇਵਲ 3500 ਰੁਪਏ ਹੀ ਰਾਜਬੀਰ ਸਿੰਘ ਅਤੇ ਉਸਦੇ ਸਾਥੀਆਂ ਨੂੰ ਦਿੱਤੇ ਸਨ।ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਵਿੱਚ ਵਰਿੰਦਰ ਸਿੰਘ ਉਰਫ ਵਿੱਕੀ ਪੁੱਤਰ ਨਰਿੰਦਰ ਸਿੰਘ ਵਾਸੀ ਪਿੰਡ ਲੱਖੋਵਾਲ ਹਾਲ ਨਿਊ ਟੌਪ ਸਿਟੀ ਕਲੋਨੀ ਬਟਾਲਾ, ਰਾਜਬੀਰ ਸਿੰਘ ਪੁੱਤਰ ਸੁਲੱਖਣ ਸਿੰਘ ਵਾਸੀ ਖਿਲਚੀਆਂ, ਬਲਵਿੰਦਰ ਸਿੰਘ ਉਰਫ ਰਾਹੁਲ ਸੇਖੋਂ ਪੁੱਤਰ ਅਮਰੀਕ ਸਿੰਘ ਵਾਸੀ ਵਡਾਲਾ ਖੁਰਦ ਹਾਲ ਸਿਟੀ ਤਰਨਤਾਰਨ, ਸੁਖਸਹਿਜਪ੍ਰੀਤ ਸਿੰਘ ਪੁੱਤਰ ਸੁਖਜਿੰਦਰ ਸਿੰਘ ਵਾਸੀ ਗੁਲਲਪੁਰ, ਗੁਰਪ੍ਰੀਤ ਸਿੰਘ ਉਰਫ ਗੋਪੀ ਪੁੱਤਰ ਰਾਜਪਾਲ ਸਿੰਘ ਵਾਸੀ ਜਲਾਲਾਬਾਦ ਅਤੇ ਗੁਰਮੇਜ ਸਿੰਘ ਪੁੱਤਰ ਰਹੀ ਸਿੰਘ ਵਾਸੀ ਭਿੰਡਰ ਥਾਣਾ ਖਿਲਚੀਆਂ ਸ਼ਾਮਲ ਹਨ।ਘਟਨਾ 'ਚ ਵਰਤਿਆ ਪਿਸਟਲ 32 ਬੋਰ ਤੇ ਮੋਟਰਸਾਈਕਲ ਦੀ ਬ੍ਰਾਮਦਗੀ ਤੇ ਤਫ਼ਤੀਸ਼ ਅਜੇ ਬਾਕੀ ਹੈ।

# ਤੇਜ਼ ਹਨੇਰੀ ਦੌਰਾਨ ਸੜਕਾਂ 'ਤੇ ਡਿੱਗੇ ਦਰੱਖ਼ਤਾਂ ਕਾਰਨ ਆਵਾਜਾਈ 'ਚ ਪਿਆ ਵਿਘਨ



**ਗੁਰਦਾਸਪੁਰ (ਜਨਕ ਮਹਾਜਨ)**- ਬੀਤੀ ਰਾਤ ਚੱਲੀ ਤੇਜ਼ ਹਨੇਰੀ ਝੱਖੜ ਕਾਰਨ ਕਈ ਦਰੱਖਤ ਸੜਕਾਂ ਵਿਚਕਾਰ ਡਿੱਗਣ ਕਾਰਨ ਲੋਕਾਂ ਨੂੰ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਜਾਣਕਾਰੀ ਅਨੁਸਾਰ ਤੇਜ਼ ਮੀਂਹ ਹਨੇਰੀ ਕਾਰਨ ਅੰਬਾਂ, ਸਫੈਦਿਆਂ ਤੋਂ ਇਲਾਵਾ ਹੋਰ ਦਰੱਖਤ ਜੜ੍ਹੋਂ ਪੁੱਟੇ ਗਏ ਅਤੇ ਇਹ ਸੜਕ ਵਿਚਕਾਰ ਡਿੱਗ ਗਏ ਜਿਸ ਕਾਰਨ ਆਉਣ ਜਾਣ ਵਾਲੇ ਲੋਕਾਂ ਨੂੰ ਕਾਫੀ ਸਮਾਂ ਸੜਕਾਂ ਵਿਚਕਾਰ ਜਾਮ ਦਾ ਸਾਹਮਣਾ ਕਰਨਾ ਪਿਆ। ਲੋਕਾਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਸੜਕ ਵਿਚਕਾਰ ਰੁੱਖ ਡਿੱਗਣ ਕਾਰਨ ਉਨ੍ਹਾਂ ਨੂੰ ਲੰਬਾ ਸਮਾਂ ਜਾਮ ਵਿੱਚ ਫਸੇ ਰਹਿਣ ਕਾਰਨ ਕਾਫੀ ਦਿੱਕਤਾਂ ਪੇਸ਼ ਆਈਆਂ। ਉਨ੍ਹਾਂ ਕਿਹਾ ਲੋਕਾਂ ਵੱਲੋਂ ਖੁਦ ਕੀਤੀ ਜੱਦੋ-ਜਹਿਦ ਉਪਰੰਤ ਇਨ੍ਹਾਂ ਰੁੱਖਾਂ ਨੂੰ ਸੜਕ ਵਿਚਕਾਰੋਂ ਹਟਾਇਆ ਗਿਆ। ਉਨ੍ਹਾਂ ਕਿਹਾ ਲੋਕਾਂ ਨੇ ਖੁਦ ਟਰੈਕਟਰਾਂ ਰਾਹੀਂ ਸੜਕ ਵਿਚਕਾਰ ਡਿੱਗੇ ਰੁੱਖਾਂ ਨੂੰ ਸਾਈਡ 'ਤੇ ਕੀਤਾ ਜਿਸ ਤੋਂ ਬਾਅਦ ਆਵਾਜਾਈ ਬਹਾਲ ਹੋ ਸਕੀ। ਇਸ ਤੋਂ ਇਲਾਵਾ ਹੋਰਨਾਂ ਕਈ ਪਿੰਡਾਂ ਵਿੱਚ ਤੇਜ਼ ਹਨੇਰੀ ਨੇ ਲੋਕਾਂ ਦਾ ਕਾਫੀ ਨੁਕਸਾਨ ਕੀਤਾ। ਦੂਜੇ ਪਾਸੇ ਤੇਜ਼ ਹਨੇਰੀ ਕਾਰਨ ਅੰਬਾਂ ਅਤੇ ਲੀਚੀਆਂ ਦੇ ਬੂਟਿਆਂ ਨੂੰ ਲੱਗਾ ਫਲ ਵੀ ਝੜ ਗਿਆ ਜਿਸ ਦਾ ਕਿਸਾਨਾਂ ਨੂੰ ਕਾਫੀ ਨੁਕਸਾਨ ਹੋਇਆ ਹੈ।

# 13 ਗਰਾਮ ਹੈਰੋਇਨ ਸਮੇਤ ਵਿਅਕਤੀ ਕਾਬੂ

**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹਾ ਪੁਲਸ ਮੁਖੀ ਅਦਿੱਤਿਯ ਦੇ ਦਿਸ਼ ਨਿਰਦੇਸ਼ਾਂ 'ਤੇ ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਇਕ ਵਿਅਕਤੀ ਨੂੰ ਨਸ਼ੇ ਸਮੇਤ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸ. ਆਈ. ਵਰਿੰਦਰ ਪਾਲ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਲਾਇਬ੍ਰੇਰੀ ਚੌਂਕ ਤੋਂ ਨਹਿਰੂ ਪਾਰਕ ਗੁਰਦਾਸਪੁਰ ਜਾ ਰਹੇ ਸੀ ਜਦ ਪੁਲਸ ਪਾਰਟੀ ਨਹਿਰੂ ਪਾਰਕ ਪੁੱਜੀ ਤਾਂ ਇਕ ਮੋਨਾ ਵਿਅਕਤੀ ਪੁਲਸ ਪਾਰਟੀ ਨੂੰ ਦੇਖ ਕੇ ਭੱਜਣ ਲੱਗਾ ਜਿਸ ਨੂੰ ਕਾਬੂ ਕਰਕੇ ਨਾਮ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਂਅ ਮਨੀ ਕੁਮਾਰ ਪੁੱਤਰ ਸੁਭਾਸ਼ ਚੰਦਰ ਵਾਸੀ ਹਰੀ ਦਰਬਾਰ ਕਾਲੋਨੀ ਕਾਹਨੂੰਵਾਨ ਰੋਡ ਦੱਸਿਆ। ਉਕਤ ਵਿਅਕਤੀ ਕੋਲੋਂ 13 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਮਨੀ ਕੁਮਾਰ ਨੂੰ ਗ੍ਰਿਫਤਾਰ ਕਰਕੇ ਉਸ ਖ਼ਿਲਾਫ਼ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।



# ਭਾਰਤ-ਪਾਕਿ ਵਿਚਾਲੇ ਜੰਗਬੰਦੀ ਦੋਵੇਂ ਦੇਸ਼ਾਂ ਲਈ ਸ਼ੁਭ ਸੰਕੇਤ : ਕਰਨਬੀਰ ਸਿੰਘ ਬੁਰਜ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**- ਜੰਗਬੰਦੀ ਪੰਜਾਬ ਵਾਸੀਆਂ ਅਤੇ ਸਰਹੱਦੀ ਖੇਤਰ ਦੇ ਲੋਕਾਂ ਲਈ ਸ਼ੁਭ ਸੰਕੇਤ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਮੀਤ ਪ੍ਰਧਾਨ ਕਰਨਬੀਰ ਸਿੰਘ ਬੁਰਜ ਨੇ ਪਿੰਡ ਬਘੇਲ ਸਿੰਘ ਵਾਲਾ ਦੇ ਸਾਬਕਾ ਸਰਪੰਚ ਅਮਰਜੀਤ ਸਿੰਘ ਦੇ ਗ੍ਰਹਿ ਵਿਖੇ ਕਾਂਗਰਸੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਜਿਸ ਦਿਨ ਤੋਂ ਲੜਾਈ ਦੇ ਬੱਦਲ ਮੰਡਰਾ ਰਹੇ ਸਨ ਉਸ ਦਿਨ ਤੋਂ ਹੀ ਜੀਵਨ ਠੱਪ ਹੋ ਗਿਆ ਲੱਗਦਾ ਸੀ ਅਤੇ ਆਮ ਲੋਕ ਸਹਿਮ ਦੇ ਮਾਹੌਲ ਵਿਚ ਸਨ ਤੇ ਸਕੂਲ ਬੰਦ ਹੋਣ ਕਾਰਨ ਬੱਚਿਆਂ ਦੀ ਪੜ੍ਹਾਈ 'ਤੇ ਵੀ ਬਹੁਤ ਮਾੜਾ ਅਸਰ ਪਿਆ ਸੀ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਪਹਿਲਾਂ ਵੀ ਆਪਣੇ ਲੋਕਾਂ ਦੇ ਨਾਲ ਖੜ੍ਹੀ ਸੀ ਤੇ ਅਗਾਂਹ ਵੀ ਖੜ੍ਹੇਗੀ। ਉਨ੍ਹਾਂ ਕਿਹਾ ਕਿ ਇਹ ਕੰਧ 'ਤੇ ਲਿਖਿਆ ਜਾ ਚੁੱਕਾ ਹੈ ਕਿ ਅਗਲੀ ਸਰਕਾਰ ਕਾਂਗਰਸ ਪਾਰਟੀ ਦੀ ਹੀ ਬਣੇਗੀ ਜਿਸ ਲਈ ਸਾਨੂੰ ਅੱਜ ਤੋਂ ਹੀ ਕਮਰ ਕੱਸ ਕੇ ਆਪਣੇ ਰੁਸੇ ਪਰਿਵਾਰਾਂ ਨੂੰ ਨਾਲ ਜੋੜਨਾ ਚਾਹੀਦਾ ਹੈ। ਇਸ ਮੌਕੇ ਸਾਬਕਾ ਸਰਪੰਚ ਨੇ ਕਿਹਾ ਕਿ ਉਹ ਕਾਂਗਰਸ ਪਾਰਟੀ ਦੇ ਸੱਚੇ ਸਿਪਾਹੀ ਹਨ ਤੇ ਹਰ ਸਮੇਂ ਕਾਂਗਰਸ ਪਾਰਟੀ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜਨਗੇ। ਇਸ ਮੌਕੇ ਪਰਿਵਾਰ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਕੁਲਵਿੰਦਰ ਸਿੰਘ, ਬਲਜੀਤ ਸਿੰਘ, ਸਤਵਿੰਦਰ ਸਿੰਘ, ਕਾਕਾ ਦਿੱਲੀ ਵਾਲਾ, ਨਿਸ਼ਾਨ ਸਿੰਘ ਬਿੱਲਾ, ਕਰਨ ਲਾਲੂ ਘੁੰਮਣ, ਮੰਗਲ ਸਿੰਘ, ਮਹਾਂਬੀਰ ਸਿੰਘ, ਹਰਪਾਲ ਸਿੰਘ, ਦਿਲਬਾਗ, ਤੇਜਿੰਦਰ ਸਿੰਘ, ਅਰੂੜ ਸਿੰਘ, ਸਰਤਾਜ ਸਿੰਘ, ਸਾਬਕਾ ਸਰਪੰਚ ਸੁੱਚਾ ਸਿੰਘ ਖੈਰਦੀਨ ਕੇ, ਸਕੱਤਰ ਬੀਰ ਸਿੰਘ, ਕੁਲਦੀਪ ਸਿੰਘ ਬਾਊ ਪਹਿਲਵਾਨ ਆਦਿ ਹਾਜ਼ਰ ਸਨ।

# ਬੀਕਾਨੇਰ ਚੌਕ ਤੋਂ ਪੰਚਾਇਤ ਭਵਨ ਨੂੰ ਜਾਣ ਵਾਲੀ ਸੜਕ ਦੀ ਹਾਲਤ ਖਸਤਾ, ਰਾਹਗੀਰ ਪ੍ਰੇਸ਼ਾਨ

**ਗੁਰਦਾਸਪੁਰ (ਜਨਕ ਮਹਾਜਨ)**- ਗੁਰਦਾਸਪੁਰ ਸ਼ਹਿਰ ਦੇ ਬੀਕਾਨੇਰ ਚੌਂਕ ਤੋਂ ਪੰਚਾਇਤ ਭਵਨ ਨੂੰ ਜਾਣ ਵਾਲੀ ਸੜਕ 'ਤੇ ਪਈ ਪ੍ਰੀਮਿਕਸ ਉਖੜਨ ਨਾਲ ਬਜਰੀ ਉਖੜ ਕੇ ਸੜਕ ਵਿਚਕਾਰ ਖਿਲਰ ਗਈ ਹੈ ਜਿਸ ਕਾਰਨ ਇਥੋਂ ਗੁਜ਼ਰਨ ਵਾਲੇ ਰਾਹਗੀਰਾਂ ਨੂੰ ਭਾਰੀ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਕੁਝ ਸਮਾਂ ਪਹਿਲਾਂ ਇਸ ਸੜਕ ਦੀ



ਪੈਚਵਰਕ ਕਰਕੇ ਮੁਰੰਮਤ ਵਗੈਰਾ ਕੀਤੀ ਗਈ ਸੀ ਪਰ ਹੁਣ ਦੁਬਾਰਾ ਇਹ ਸੜਕ ਟੁੱਟਣੀ ਸ਼ੁਰੂ ਹੋ ਗਈ ਹੈ। ਇਸ ਪਾਸੇ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਦਾ ਧਿਆਨ ਨਾ ਹੋਣ ਕਰਕੇ ਲੋਕਾਂ ਦਾ ਵਿਭਾਗ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਹ ਸੜਕ ਪੰਚਾਇਤ ਭਵਨ ਨੂੰ ਜਾਂਦੀ ਹੈ ਜਿੱਥੇ ਆਏ ਦਿਨ ਪੰਜਾਬ ਦੇ ਮੰਤਰੀ ਅਤੇ ਜ਼ਿਲ੍ਹਾ ਪ੍ਰਸ਼ਾਸਨ ਅਧਿਕਾਰੀ ਆਉਂਦੇ-ਜਾਂਦੇ ਰਹਿੰਦੇ ਹਨ। ਇਸ ਸੜਕ 'ਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ, ਜ਼ਿਲ੍ਹਾ ਪੁਲਸ ਮੁਖੀ ਗੁਰਦਾਸਪੁਰ ਅਤੇ ਜ਼ਿਲ੍ਹਾ ਸੈਸ਼ਨ ਜੱਜ ਗੁਰਦਾਸਪੁਰ ਦੀ ਰਿਹਾਇਸ਼ ਵੀ ਹੈ। ਇਸ ਸੜਕ ਨੂੰ ਵੀਵੀਆਈਪੀ ਸੜਕ ਵੀ ਕਿਹਾ ਜਾ ਸਕਦਾ ਹੈ। ਇਸ ਸੜਕ 'ਤੇ ਇਕ ਨਿੱਜੀ ਸਕੂਲ ਵੀ ਹੈ ਜਿਥੇ ਵੱਡੀ ਗਿਣਤੀ ਵਿਚ ਬੱਚੇ ਪੜ੍ਹਨ ਲਈ ਜਾਂਦੇ ਹਨ ਅਤੇ ਇਸ ਸੜਕ ਮਿਲਟਰੀ ਏਰੀਏ ਨਾਲ ਵੀ ਜੁੜੀ ਹੋਈ ਹੈ। ਇਸ ਤੋਂ ਇਲਾਵਾ ਇਸ ਸੜਕ ਰਾਹੀਂ ਫਿਸ਼ਪਾਰਕ ਨੂੰ ਲੋਕ ਸਵੇਰ-ਸ਼ਾਮ ਸੈਰ ਕਰਨ ਲਈ ਵੀ ਜਾਂਦੇ ਹਨ। ਖ਼ਾਸ ਕਰਕੇ ਬਜ਼ੁਰਗਾਂ ਦਾ ਇਸ ਸੜਕ ਰਾਹੀਂ ਦੋਪਹੀਆ ਵਾਹਨ ਤੋਂ ਡਿਗਣ ਦਾ ਖ਼ਤਰਾ ਜ਼ਿਆਦਾ ਰਹਿੰਦਾ ਹੈ। ਸ਼ਹਿਰ ਵਾਸੀਆਂ ਨੇ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਪਾਸੋਂ ਮੰਗ ਕੀਤੀ ਗਈ ਇਸ ਸੜਕ ਦੀ ਮੁਰੰਮਤ ਪਹਿਲ ਦੇ ਆਧਾਰ 'ਤੇ ਕਰਵਾਈ ਜਾਵੇ ਤਾਂ ਜੋ ਆਉਣ ਜਾਣ ਵਾਲੇ ਵਾਹਨ ਚਾਲਕਾਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।

# ਗੁ: ਬੀੜ ਬਾਬਾ ਬੁੱਢਾ ਸਾਹਿਬ ਵਿਖੇ ਪ੍ਰਕਾਸ਼ ਪੁਰਬ ਮਨਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਸਾਹਿਬ ਜੀ ਦੇ ਪਾਵਨ ਪਵਿੱਤਰ ਅਸਥਾਨ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਗੁਰਦੁਆਰਾ ਸਾਹਿਬ ਦੇ ਮੀਰੀ ਪੀਰੀ ਦੀਵਾਨ ਹਾਲ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣ ਉਪਰੰਤ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਹੈੱਡਗ੍ਰੰਥੀ ਗਿਆਨੀ ਸੁਖਵੰਤ ਸਿੰਘ ਸੁਰਸਿੰਘ ਵਾਲਿਆਂ ਵੱਲੋਂ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਦਾ ਇਤਿਹਾਸ ਸਰਵਣ ਕਰਵਾਇਆ ਗਿਆ। ਇਸ ਮੌਕੇ ਮੈਨੇਜਰ ਸਰਬਦਿਆਲ ਸਿੰਘ, ਜਸਪਾਲ ਸਿੰਘ ਨੌਸ਼ਹਿਰਾ ਢਾਲਾ, ਗੁਰਜੀਤ ਸਿੰਘ ਪੰਜਵੜ, ਜਤਿੰਦਰ ਸਿੰਘ, ਬਲਜੀਤ ਸਿੰਘ ਝਬਾਲ ਸਮੇਤ ਸਮੂਹ ਗੁਰਦੁਆਰਾ ਸਾਹਿਬ ਦਾ ਸਟਾਫ ਵੀ ਹਾਜ਼ਰ ਸੀ।

# ਜ਼ਿਮੀਦਾਰ ਨੇ ਨਿੱਜੀ ਕੰਪਨੀ 'ਤੇ ਲਾਏ ਜ਼ਮੀਨ 'ਤੇ ਕਬਜ਼ਾ ਕਰਨ ਦੇ ਦੋਸ਼

**ਅਜਨਾਲਾ (ਸੁਖਤਿੰਦਰ ਸਿੰਘ ਰਾਜੋ)**- ਰਾਜਾਸਾਂਸੀ ਨਜ਼ਦੀਕ ਦੋ ਧਿਰਾਂ ਵਿੱਚ ਜ਼ਮੀਨੀ ਵਿਵਾਦ ਸਾਹਮਣੇ ਆਇਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪਰਮਜੀਤ ਸਿੰਘ ਪੁੱਤਰ ਫੌਜਾ ਸਿੰਘ ਵਾਸੀ ਰਾਜਾਸਾਂਸੀ ਨੇ ਦੱਸਿਆ ਕਿ ਕਸਬਾ ਰਾਜਾਸਾਂਸੀ ਨਜ਼ਦੀਕ ਉਨ੍ਹਾਂ ਦੇ ਰਿਸ਼ਤੇਦਾਰਾਂ ਦੀ ਢਾਈ ਕਿੱਲੇ ਜ਼ਮੀਨ ਦਾ ਕਰੀਬ ਛੇ ਸੱਤ ਸਾਲ ਤੋਂ ਮੇਰੇ ਕੋਲ ਕਬਜ਼ਾ ਚਲਦਾ ਆ ਰਿਹਾ ਹੈ। ਇਹ ਜ਼ਮੀਨ ਮੈਂ ਆਪਣੇ ਰਿਸ਼ਤੇਦਾਰਾਂ ਕੋਲੋਂ 50 ਲੱਖ ਰੁਪਏ ਵਿੱਚ



ਖਰੀਦੀ ਸੀ ਪਰ ਅਰਥ ਰੀਅਲ ਅਸਟੇਟ ਪ੍ਰਾਈਵੇਟ ਲਿਮਿਟਡ ਵੱਲੋਂ ਸਾਡੀ ਜ਼ਮੀਨ ਦੇ ਨਜ਼ਦੀਕ ਕਰੀਬ 30 ਏਕੜ ਜ਼ਮੀਨ ਖਰੀਦੀ ਹੈ ਅਤੇ ਅਸੀਂ ਆਪਣੀ ਕਣਕ ਦੀ ਫਸਲ ਵੱਢ ਚੁੱਕੇ ਸੀ ਤਾਂ ਕੰਪਨੀ ਦੇ ਮਾਲਕਾਂ ਵੱਲੋਂ ਸਾਡੇ ਕਣਕ ਦੇ ਨਾੜ ਨੂੰ ਅੱਗ ਲਗਾਈ ਗਈ ਅਤੇ ਪਾਪੂਲਰ ਦੇ ਪੌਦੇ ਵੀ ਤਬਾਹ ਕਰ ਦਿੱਤੇ ਅਤੇ ਕੰਪਨੀ ਦੇ ਮਾਲਕਾਂ ਵੱਲੋਂ ਮੇਰੇ 'ਤੇ ਦਬਾਅ ਪਾਇਆ ਜਾ ਰਿਹਾ ਹੈ ਕਿ ਇਹ ਜ਼ਮੀਨ ਸਾਨੂੰ ਵੇਚ ਦਿਓ। ਇਸ ਸਬੰਧੀ ਥਾਣਾ ਰਾਜਾ ਸਾਂਸੀ ਵਿਖੇ ਦਰਖਾਸਤ ਦਿੱਤੀ ਹੈ ਪਰ ਪੁਲਸ ਵੱਲੋਂ ਅਜੇ ਤੱਕ ਕੋਈ ਪੁਖਤਾ ਕਾਰਵਾਈ ਨਹੀਂ ਕੀਤੀ ਗਈ। ਇਸ ਸਬੰਧੀ ਪੀੜਤ ਧਿਰ ਪਰਮਜੀਤ ਸਿੰਘ ਨੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਅਤੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸਾਡੀ ਜ਼ਮੀਨ ਤੇ ਨਜਾਇਜ਼ ਕੀਤਾ ਜਾ ਰਿਹਾ ਕਬਜ਼ਾ ਛੁਡਾਇਆ ਜਾਵੇ ਤੇ ਸਾਨੂੰ ਇਨਸਾਫ ਦਵਾਇਆ ਜਾਵੇ।ਜਦ ਦੂਜੀ ਧਿਰ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਵੱਲੋਂ ਕੋਈ ਜਵਾਬ ਦੇਣਾ ਮੁਨਾਸਬ ਨਹੀਂ ਸਮਝਿਆ। ਇਸ ਸਬੰਧੀ ਜਾਂਚ ਅਧਿਕਾਰੀ ਏਐੱਸਆਈ ਸੁਖਜੀਤ ਸਿੰਘ ਨਾਲ ਰਾਬਤਾ ਕੀਤਾ ਤਾਂ ਉਨ੍ਹਾਂ ਨੇ ਦੱਸਿਆ ਕਿ ਅਰਥ ਰੀਅਲ ਅਸਟੇਟ ਕੰਪਨੀ ਵੱਲੋਂ ਕਰੀਬ 30 ਕਿੱਲੇ ਜ਼ਮੀਨ ਖਰੀਦੀ ਗਈ ਸੀ ਜਿਸ ਵਿੱਚੋਂ ਪਰਮਜੀਤ ਸਿੰਘ ਤੇ ਉਸਦੀ ਪਤਨੀ ਵੱਲੋਂ ਵੀ ਢਾਈ ਏਕੜ ਜ਼ਮੀਨ ਦੀ ਰਜਿਸਟਰੀ ਕਰਕੇ ਦਿੱਤੀ ਹੈ ਪਰ ਹੁਣ ਫਿਰ ਪਰਮਜੀਤ ਸਿੰਘ ਆਪਣਾ ਕਬਜ਼ੇ ਦਾ ਦਾਅਵਾ ਕਰ ਰਿਹਾ ਹੈ। ਇਸ ਸਬੰਧੀ ਕੰਪਨੀ ਦੇ ਮਾਲਕਾਂ ਵੱਲੋਂ ਵੀ ਦਰਖਾਸਤ ਆਈ ਹੈ। ਦੋਵਾਂ ਧਿਰਾਂ ਨੂੰ ਥਾਣੇ ਬੁਲਾ ਕੇ ਕਾਗਜ਼ਾਤ ਵੇਖ ਕੇ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

# ਗਿਆਨੀ ਮੋਹਨ ਸਿੰਘ ਦੇ ਅਕਾਲ ਚਲਾਣੇ 'ਤੇ ਡਾ. ਨਿੱਜਰ ਵੱਲੋਂ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਵਿਧਾਇਕ ਡਾਕਟਰ ਇੰਦਰਬੀਰ ਸਿੰਘ ਨਿੱਜਰ ਨੇ ਪੰਥ ਦੀ ਮਹਾਨ ਸਖਸ਼ੀਅਤ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਦੇ ਸਾਬਕਾ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਮੋਹਨ ਸਿੰਘ ਦੇ ਅਕਾਲ ਚਲਾਣੇ ਉਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।ਉਨ੍ਹਾਂ ਕਿਹਾ ਕਿ ਇਹ ਖ਼ਬਰ ਸੁਣ ਕੇ ਮਨ ਬਹੁਤ ਉਦਾਸ ਹੋਇਆ ਹੈ।ਉਨ੍ਹਾਂ ਅਰਦਾਸ ਕੀਤੀ ਕਿ ਵਾਹਿਗੁਰੂ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖਸ਼ਣ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।ਉਨ੍ਹਾਂ ਵੱਲੋਂ ਪੰਥ ਪ੍ਰਤੀ ਕੀਤੀਆਂ ਮਹਾਨ ਸੇਵਾਵਾਂ ਨੂੰ ਇਤਿਹਾਸ ਦੇ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਵੇਗਾ।

# 'ਜੇ ਹੁਣ ਪਾਕਿਸਤਾਨ ਨੇ ਭਾਰਤ ਨਾਲ ਛੇੜਖਾਨੀ ਕੀਤੀ ਤਾਂ ਅੰਜਾਮ ਪੂਰਾ ਸੰਸਾਰ ਦੇਖੇਗਾ'



**ਅੰਮ੍ਰਿਤਸਰ (ਅਰੋੜਾ)**: ਪਹਿਲਗਾਮ ਦੀ ਦਰਦਨਾਕ ਘਟਨਾ ਦੇ ਬਾਅਦ ਭਾਰਤ ਵੱਲੋਂ ਆਪਰੇਸ਼ਨ ਸੰਧੂਰ ਸ਼ੁਰੂ ਕੀਤਾ ਗਿਆ ਸੀ। ਇਸ ਆਪਰੇਸ਼ਨ ਦਾ ਕੇਵਲ ਇੱਕ ਹੀ ਮਕਸਦ ਸੀ ਕਿ ਜਿਨ੍ਹਾਂ ਪਾਕਿਸਤਾਨੀ ਅੱਤਵਾਦੀਆਂ ਨੇ ਸਾਡੀਆਂ ਸੁਹਾਗਣਾਂ ਦੇ ਸੁਹਾਗ ਉਜਾੜੇ ਸਨ ਉਨ੍ਹਾਂ ਨੂੰ ਮਿੱਟੀ 'ਚ ਮਿਲਾਉਣਾ।ਇਸ ਅੱਤਵਾਦੀ ਘਟਨਾ ਦੀ ਭਾਰਤ ਹੀ ਨਹੀਂ ਪੂਰੇ ਸੰਸਾਰ ਵਿੱਚ ਆਲੋਚਨਾ ਕੀਤੀ ਜਾ ਰਹੀ ਹੈ।ਭਾਰਤ ਦੇ ਹਰੇਕ ਨਾਗਰਿਕ ਦੇ ਦਿਲ ਵਿੱਚ ਇਸ ਘਟਨਾ ਨੂੰ ਲੈ ਕੇ ਭਾਰੀ ਰੋਸ ਦੇਖਣ ਨੂੰ ਮਿਲ ਰਿਹਾ ਹੈ।ਪਾਕਿਸਤਾਨੀ ਅੱਤਵਾਦੀਆਂ ਦੀ ਇਸ ਘਿਨਾਉਣੀ ਹਰਕਤ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੇ ਜੋ ਪਾਕਿਸਤਾਨ ਨੂੰ ਇਸ ਹਿਮਾਕਤ ਦਾ ਮਜ਼ਾ ਚਖਾਉਣ ਲਈ ਭਾਰਤੀ ਸੈਨਾ ਨੂੰ ਨਿਰਦੇਸ਼ ਜਾਰੀ ਕੀਤੇ ਸਨ ਉਨ੍ਹਾਂ ਨੂੰ ਸਰ ਅੰਜਾਮ ਦਿੰਦੇ ਹੋਏ ਸੈਨਾ ਨੇ ਆਪਣੀ ਵੀਰਤਾ ਦਾ ਸਬੂਤ ਦਿੱਤਾ ਅਤੇ ਪਾਕਿਸਤਾਨ ਦੇ ਉਨ੍ਹਾਂ ਅੱਤਵਾਦੀ ਟਿਕਾਣਿਆਂ ਨੂੰ ਨਸ਼ਟ ਕੀਤਾ ਜਿਨ੍ਹਾਂ 'ਤੇ ਉਸ ਨੂੰ ਬਹੁਤ ਹੀ ਮਾਣ ਸੀ।ਭਾਰਤੀ ਸੈਨਾ ਦੀ ਇਸ ਬਹਾਦਰੀ ਅਤੇ ਵੀਰਤਾ ਨੂੰ ਲੈ ਕੇ ਗੁਰੂ ਦੀ ਨਗਰੀ ਦੇ ਹਰੇਕ ਬੁੱਧੀਜੀਵੀ ਨਾਗਰਿਕ ਨੇ ਉਨ੍ਹਾਂ ਨੂੰ ਭਰਪੂਰ ਸਰਾਹਿਆ ਅਤੇ ਭਾਰਤੀ ਸੈਨਾ ਨੂੰ ਭਰੋਸਾ ਦਿੱਤਾ ਕਿ ਉਹ ਭਾਰਤੀ ਸੈਨਾ ਦੇ ਨਾਲ ਅਡਿੱਗ ਖੜ੍ਹੇ ਹਨ, ਜਦੋਂ ਵੀ ਭਾਰਤੀ ਸੈਨਾ ਦੇ ਜਵਾਨਾਂ ਨੂੰ ਉਨ੍ਹਾਂ ਦੀ ਲੋੜ ਹੋਵੇਗੀ ਉਹ ਪਿੱਛੇ ਨਹੀ ਹਟਣਗੇ ਅਤੇ ਇੱਕ ਚੰਗੇ ਦੇਸ਼ ਭਗਤ ਅਤੇ ਸਮਾਜ ਸੇਵਕ ਹੋਣ ਦਾ ਸਬੂਤ ਦੇਣਗੇ।ਭਰੋਸਾ ਦੇਣ ਵਾਲਿਆਂ ਵਿੱਚ ਵਿਸ਼ਵ ਪ੍ਰਸਿੱਧ ਸਰਜਨ ਸਮਾਜ ਸੇਵਕ ਡਾ. ਨਵਪ੍ਰੀਤ ਹੰਸਪਾਲ, ਡਾ. ਜਸਪ੍ਰੀਤ ਗ੍ਰੋਵਰ, ਡਾ. ਰਕੇਸ਼ ਅਰੋੜਾ, ਚਮੜੀ ਰੋਗ ਮਾਹਿਰ ਡਾ. ਅਮਰਜੀਤ ਸਿੰਘ ਸਚਦੇਵਾ, ਬਾਲ ਰੋਗ ਮਾਹਿਰ ਡਾ. ਰਵਰੀਤ ਅਰੋੜਾ, ਰੋਟਰੀ ਦੇ ਆਉਣ ਵਾਲੇ ਪ੍ਰਧਾਨ ਵਰੁਣ ਕੱਕੜ, ਮੀਤ ਪ੍ਰਧਾਨ ਸਮਾਜ ਸੇਵਕ ਅਸ਼ੋਕ ਗ੍ਰੋਵਰ, ਇੰਜੀ. ਪਰਮੀਤ ਸਿੰਘ ਖੇੜਾ, ਸਾਬਕਾ ਪ੍ਰਧਾਨ ਰਮੇਸ਼ ਕੱਕੜ, ਸਮਾਜ ਸੇਵਕ ਜਸਪਾਲ ਸਿੰਘ ਲੰਬ, ਡਾ. ਰਜੇਸ਼ ਅਤੇ ਮਹਾ ਨਗਰ ਦੇ ਕਈ ਬੁੱਧੀਜੀਵੀ ਨਾਗਰਿਕ ਹਨ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਭਲਕੇ ਅਮਨ ਮਾਰਚ ਕੱਢਣ ਦਾ ਫੈਸਲਾ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਸੰਯੁਕਤ ਕਿਸਾਨ ਮੋਰਚੇ ਨਾਲ ਸਬੰਧਤ ਜਥੇਬੰਦੀਆਂ ਦੀ ਇੱਕ ਜ਼ਰੂਰੀ ਮੀਟਿੰਗ ਜਮਹੂਰੀ ਕਿਸਾਨ ਸਭਾ ਦੇ ਦਫਤਰ ਅੰਮ੍ਰਿਤਸਰ ਵਿੱਚ ਮਾਸਟਰ ਅਮਰੀਕ ਸਿੰਘ ਸੰਗਤਪੁਰਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਸਮੇਂ ਸੰਯੁਕਤ ਕਿਸਾਨ ਮੋਰਚਾ ਪੰਜਾਬ ਚੈਪਟਰ ਦੀਆਂ ਜਥੇਬੰਦੀਆਂ ਦੇ ਫੈਸਲੇ ਅਨੁਸਾਰ ਜੰਗਬਾਜ਼ਾਂ ਦੇ ਖਿਲਾਫ ਅਮਨ ਮਾਰਚ ਕੱਢਣ ਦੇ ਫੈਸਲੇ ਨੂੰ ਲਾਗੂ ਕਰਦਿਆ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕਿ 14 ਮਈ ਨੂੰ 11 ਵਜੇ ਕੰਪਨੀ ਬਾਗ ਵਿੱਚ ਇਕੱਤਰ ਹੋ ਕੇ ਅਮਨ ਮਾਰਚ ਕੱਢਿਆ ਜਾਵੇਗਾ।ਉਨ੍ਹਾਂ ਕਿਹਾ ਕਿ ਇਸ ਅਮਨ ਮਾਰਚ ਰਾਹੀਂ ਦੋਵਾਂ ਦੇਸ਼ਾਂ ਦੇ ਹਾਕਮਾਂ ਨੂੰ ਇਹ ਸੁਨੇਹਾ ਦਿੱਤਾ ਜਾਵੇਗਾ ਕਿ ਉਹ ਆਪਸੀ ਮਸਲੇ ਮਿਲ ਬੈਠ ਕੇ ਗੱਲਬਾਤ ਰਾਹੀਂ ਹੱਲ ਕਰਨ ਕਿਉਂਕਿ ਜੰਗ ਕਦੇ ਵੀ ਮਸਲਿਆਂ ਦਾ ਹੱਲ ਨਹੀਂ ਹੁੰਦੀ।ਮੀਟਿੰਗ ਵਿੱਚ ਰਤਨ ਸਿੰਘ ਰੰਧਾਵਾ ਜਮਹੂਰੀ ਕਿਸਾਨ ਸਭਾ, ਬਲਬੀਰ ਸਿੰਘ ਮੂਧਲ, ਸ਼ਮਸ਼ੇਰ ਸਿੰਘ ਹੇਰ ਪੰਜਾਬ ਕਿਸਾਨ ਯੂਨੀਅਨ, ਪ੍ਰੋ. ਬਲਦੇਵ ਸਿੰਘ ਵੇਰਕਾ ਕੁੱਲ ਹਿੰਦ ਕਿਸਾਨ ਸਭਾ (ਅਜੈ ਭਵਨ), ਹਰਜੀਤ ਸਿੰਘ ਝੀਤਾ ਆਜ਼ਾਦ ਕਿਸਾਨ ਸੰਘਰਸ਼ ਕਮੇਟੀ, ਭੁਪਿੰਦਰ ਸਿੰਘ ਛੀਨਾ ਕੁਲ ਹਿੰਦ ਕਿਸਾਨ ਸਭਾ, ਕੁਲਵਿੰਦਰ ਸਿੰਘ ਮਾਨ (ਰਾਜੇਵਾਲ), ਨਿਸ਼ਾਨ ਸਿੰਘ ਸਾਂਘਣਾ ਪੰਜਾਬ ਕਿਸਾਨ ਸੰਘਰਸ਼ ਕਮੇਟੀ (ਡਾਲੇਕੇ), ਅਤੇ ਜਗਤਾਰ ਸਿੰਘ ਕਰਮਪੁਰਾ ਸੀਟੀਯੂ ਆਦਿ ਜਥੇਬੰਦੀਆਂ ਦੇ ਆਗੂ ਸ਼ਾਮਲ ਹੋਏ।

# ਈਟੀਓ ਵੱਲੋਂ ਜੰਡਿਆਲਾ 'ਚ ਆਮ ਆਦਮੀ ਕਲੀਨਿਕ ਦੀ ਅਚਨਚੇਤ ਚੈਕਿੰਗ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਜੰਡਿਆਲਾ ਗੁਰੂ ਵਿਖੇ ਚੱਲ ਰਹੇ ਆਮ ਆਦਮੀ ਕਲੀਨਿਕ ਦੀ ਅਚਨਚੇਤ ਚੈਕਿੰਗ ਕੀਤੀ।ਉਨ੍ਹਾਂ ਨੇ ਇਸ ਮੌਕੇ ਕਲੀਨਿਕ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੇ ਵੇਰਵੇ ਅਤੇ ਉਥੇ ਕੰਮ ਕਰਵਾਉਣ ਆਏ ਲੋਕਾਂ ਦੀ ਫੀਡਬੈਕ ਲਈ। ਹਰਭਜਨ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੀ ਸਿਹਤ ਅਤੇ ਸਹੂਲਤਾਂ ਲਈ ਵਚਨਬੱਧ ਹੈ।ਇਸ ਲਈ ਆਮ ਆਦਮੀ ਕਲੀਨਿਕ ਵਿੱਚ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਪੇਸ਼ ਨਹੀਂ ਹੋਣੀ ਚਾਹੀਦੀ।ਇਸ ਮੌਕੇ ਕੈਬਿਨਟ ਮੰਤਰੀ ਈਟੀਓ ਵੱਲੋਂ ਕਲੀਨਿਕ ਵਿਖੇ ਚੈੱਕਅਪ ਕਰਵਾਉਣ ਆਏ ਲੋਕਾਂ ਦਾ ਹਾਲ ਚਾਲ ਪੁੱਛਿਆ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਸੁਣਦੇ ਹੋਏ ਤੁਰੰਤ ਹੀ ਹਦਾਇਤ ਕੀਤੀ ਕਿ ਇਨ੍ਹਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦਾ ਹੱਲ ਪਹਿਲ ਦੇ ਆਧਾਰ ਤੇ ਕੀਤਾ ਜਾਵੇ। ਉਨ੍ਹਾਂ ਆਮ ਆਦਮੀ ਕਲੀਨਿਕ ਵਿਖੇ ਆਪਣਾ ਵੀ ਚੈੱਕਅਪ ਕਰਵਾਇਆ ਗਿਆ ਅਤੇ ਆਪਣਾ ਬਲੱਡ ਸੈਂਪਲ ਵੀ ਦਿੱਤਾ। ਕੈਬਿਨਟ ਮੰਤਰੀ ਨੇ ਕਿਹਾ ਕਿ ਆਮ ਆਦਮੀ ਕਲੀਨਿਕ ਵਿਖੇ ਸਰਕਾਰ ਵੱਲੋਂ ਮੁਫਤ ਇਲਾਜ ਤੇ ਦਵਾਈਆਂ ਦਿੱਤੀਆਂ ਜਾਂਦੀਆਂ ਹਨ ਅਤੇ ਲੋੜਵੰਦ ਲੋਕ ਵੱਡੀ ਗਿਣਤੀ ਵਿਚ ਇਸ ਦਾ ਲਾਹਾ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਲਦੀ ਹੀ ਜੰਡਿਆਲਾ ਗੁਰੂ ਦੇ ਆਮ ਆਦਮੀ ਕਲੀਨਿਕ ਵਿਚ ਲੋਕਾਂ ਦੀ ਮੰਗ ਨੂੰ ਧਿਆਨ ਵਿਚ ਰੱਖਦੇ ਹੋਏ ਫਿਜ਼ੀਓਥਰੈਪੀ ਸੈਂਟਰ ਖੋਲ੍ਹਿਆ ਜਾਵੇਗਾ। ਇਸ ਤੋਂ ਪਹਿਲਾਂ ਈਟੀਓ ਵੱਲੋਂ ਜੰਡਿਆਲਾ ਸ਼ਹਿਰ ਦੇ ਤਪ ਅਸਥਾਨ ਧੰਨ ਧੰਨ ਸ੍ਰੀ ਗੁਰੂ ਬਾਬਾ ਹੰਦਾਲ ਵਿਖੇ ਮੱਥਾ ਟੇਕਿਆ ਅਤੇ ਸਮੂਹ ਸੰਗਤ ਨੂੰ ਬਾਬਾ ਜੀ ਦੇ ਜਨਮ ਦਿਹਾੜੇ ਦੀ ਵਧਾਈ ਦਿੰਦੇ ਹੋਏ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਇਸ ਮੌਕੇ ਨਰੇਸ਼ ਪਾਠਕ, ਸਰਬਜੀਤ ਸਿੰਘ ਡਿੰਪੀ, ਸਤਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਲੋਕ ਹਾਜ਼ਰ ਸਨ।

# ਦਮਦਮੀ ਟਕਸਾਲ ਨੇ ਗੁਰਦੁਆਰਾ ਕੰਧ ਸਾਹਿਬ ਬਟਾਲਾ ਵਿਖੇ ਸਜਾਏ ਸ਼ਹੀਦੀ ਦੀਵਾਨ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਰਹਿਨੁਮਾਈ ਹੇਠ ਜੂਨ '84 ਦੇ ਤੀਸਰਾ ਘੱਲੂਘਾਰਾ ਦੌਰਾਨ ਸ਼ਹੀਦ ਹੋਏ ਸਿੰਘਾਂ-ਸਿੰਘਣੀਆਂ ਤੇ ਭੁਚੰਗੀਆਂ ਦੀ ਯਾਦ ਨੂੰ ਸਮਰਪਿਤ ਵੱਖ ਵੱਖ ਨਗਰਾਂ ਵਿਚ ਕਥਾ-ਕੀਰਤਨ ਸਮਾਗਮ ਕੀਤੇ ਜਾ ਰਹੇ ਹਨ ਜਿਸ ਦੇ ਚਲਦਿਆਂ ਗੁਰਦੁਆਰਾ ਕੰਧ ਸਾਹਿਬ ਬਟਾਲਾ ਵਿਖੇ ਸ਼ਾਮ ਵੇਲੇ ਦਾ ਧਾਰਮਿਕ ਦੀਵਾਨ ਸਜਾਇਆ ਗਿਆ, ਜਿਸ ਵਿਚ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਭਾਈ ਗੁਰਲਾਲ ਸਿੰਘ ਦੇ ਜਥੇ ਨੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕਰਵਾਇਆ। ਉਪਰੰਤ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਨੇ ਵੱਡੀ ਗਿਣਤੀ ਵਿਚ ਜੁੜ ਬੈਠੀਆ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਅਤੇ ਸਿੱਖ ਪੰਥ ਦੇ ਮਹਾਨ ਜਰਨੈਲ, ਸੂਰਬੀਰ ਯੋਧੇ ਅਤੇ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਦੇ ਜੀਵਨ ਬਿਰਤਾਂਤ ਬਾਰੇ ਵਿਸਥਾਰ ਪੂਰਵਕ ਦੱਸਿਆ।ਉਨ੍ਹਾਂ ਦੱਸਿਆ ਕਿ ਕਿਵੇਂ ਬਾਬਾ ਜੀ ਨੇ ਸਿੱਖੀ ਨੂੰ ਪ੍ਰਫੁੱਲਤ ਕਰਨ ਲਈ ਗੁਰਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ ਅਤੇ ਸੰਗਤ ਨੂੰ ਸ਼ਬਦ ਗੁਰੂ ਨਾਲ ਜੋੜਨਾ ਕੀਤਾ।ਦੀਵਾਨ ਦੀ



ਸਮਾਪਤੀ ਮੌਕੇ ਪ੍ਰਬੰਧਕਾਂ ਦੇ ਵੱਲੋਂ ਵਿਸ਼ੇਸ਼ ਰੂਪ ਵਿਚ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦਾ ਸਨਮਾਨ ਕੀਤਾ ਗਿਆ।ਇਸ ਸਮੇਂ ਗਿਆਨੀ ਖਾਲਸਾ ਨੇ ਸੰਗਤ ਨੂੰ ਖਾਸ ਕਰਕੇ ਨੌਜਵਾਨਾਂ ਨੂੰ ਦਾੜ੍ਹੀ ਕੇਸ ਰੱਖਣ, ਅੰਮ੍ਰਿਤ ਛਕਣ ਤੇ ਸਿੰਘ ਸੱਜਣ ਲਈ ਪ੍ਰੇਰਿਤ ਕੀਤਾ।ਜ਼ਿਕਰਯੋਗ ਹੈ ਕਿ ਹਰ ਸਾਲ ਦੀ ਤਰ੍ਹਾਂ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਯੋਗ ਅਗਵਾਈ ਵਿਚ ਜੂਨ 1984 ਦੇ ਤੀਸਰੇ ਘੱਲੂਘਾਰੇ ਦੇ ਸ਼ਹੀਦਾਂ ਦੀ ਮਿੱਠੀ ਯਾਦ ਨੂੰ ਸਮਰਪਿਤ 41ਵਾਂ ਮਹਾਨ ਸ਼ਹੀਦੀ ਸਮਾਗਮ ਦਮਦਮੀ ਟਕਸਾਲ ਦੇ ਹੈੱਡਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਅੰਤਰਰਾਸ਼ਟਰੀ ਪੱਧਰ ਤੇ ਮਨਾਇਆ ਜਾ ਰਿਹਾ ਹੈ ਜਿਸ ਤਹਿਤ 1 ਮਈ ਤੋਂ 31 ਮਈ ਤਕ ਰੋਜ਼ਾਨਾ ਵੱਖ ਵੱਖ ਨਗਰਾਂ ਵਿਚ ਸ਼ਹੀਦੀ ਦੀਵਾਨ ਸਜਾਏ ਜਾ ਰਹੇ ਹਨ।ਇਸ ਸਮੇਂ ਮੰਚ ਸੰਚਾਲਨ ਦੀ ਸੇਵਾ ਪ੍ਰਿੰਸੀਪਲ ਹਰਸ਼ਦੀਪ ਸਿੰਘ ਰੰਧਾਵਾ ਵੱਲੋਂ ਨਿਭਾਈ ਗਈ।ਬਹੁਤ ਵੱਡ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀਆ ਭਰੀਆਂ। ਇਸ ਮੌਕੇ ਭਾਈ ਹਰਸ਼ਦੀਪ ਸਿੰਘ ਰੰਧਾਵਾ, ਡਾ. ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖਾਲਸਾ ਦੀਵਾਨ), ਜਥੇਦਾਰ ਬਾਬਾ ਬੋਹੜ ਸਿੰਘ, ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਜਥੇਦਾਰ ਗਿਆਨੀ ਸੁਖਦੇਵ ਸਿੰਘ, ਸਰਪੰਚ ਕਸ਼ਮੀਰ ਸਿੰਘ ਕਾਲ਼ਾ, ਸਰਪੰਚ ਹਰਜਿੰਦਰ ਸਿੰਘ ਜੱਜ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਦੁਵੱਲਿਓਂ ਜੰਗਬੰਦੀ ਦੇ ਫੈਸਲੇ ਦੀ ਸ਼ਲਾਘਾ

**ਚੇਤਨਪੁਰਾ, ਤਰਸਿੱਕਾ (ਸੁਖਵੰਤ ਚੇਤਨਪੁਰੀ, ਤਰਸੇਮ ਸਿੰਘ ਸਾਧਪੁਰ)**- ਭਾਰਤੀ ਕਮਿਊਨਿਸਟ ਪਾਰਟੀ ਅੰਮ੍ਰਿਤਸਰ (ਦਿਹਾਤੀ) ਦੀ ਜ਼ਿਲ੍ਹਾ ਕੌਂਸਲ ਦੀ ਮੀਟਿੰਗ ਸਲੱਖਣ ਸਿੰਘ ਐਡਵੋਕੇਟ ਦੀ ਪ੍ਰਧਾਨਗੀ ਹੇਠ ਬਟਾਲਾ ਰੋਡ ਦਫਤਰ ਵਿਖੇ ਹੋਈ। ਮੀਟਿੰਗ ਨੂੰ ਵਿਸ਼ੇਸ਼ ਤੌਰ 'ਤੇ ਸੂਬਾ ਸਕੱਤਰ ਕਾਮਰੇਡ ਬੰਤ ਸਿੰਘ ਬਰਾੜ ਨੇ ਸੰਬੋਧਨ ਕਰਦਿਆਂ ਅੱਜ ਦੇ ਹਾਲਾਤ ਦੀ ਵਿਆਖਿਆ ਕੀਤੀ। ਉਨ੍ਹਾਂ ਦਹਿਸ਼ਤਗਰਦਾਂ ਵੱਲੋਂ ਪਹਿਲਗਾਮ ਵਿਖੇ ਨਿਰਦੋਸ਼ ਲੋਕਾਂ ਦੇ ਕਤਲਾਂ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਲੋਕਾਂ ਵੱਲੋਂ ਫਿਰਕੂ ਸਦਭਾਵਨਾ ਕਾਇਮ ਰੱਖਣ ਦੀ ਜ਼ੋਰਦਾਰ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਦਹਿਸ਼ਤਗਰਦਾਂ ਦੇ ਘਿਨਾਉਣੇ ਮਨਸੂਬਿਆਂ ਦੀ ਪੂਰਤੀ ਵਾਸਤੇ ਗੁਆਂਢੀ ਦੇਸ਼ ਪਾਕਿਸਤਾਨ ਉਨਾਂ ਲਈ ਸਭ ਤੋਂ ਸੁਰੱਖਿਅਤ ਪਨਾਹਗਾਹ ਬਣਿਆ ਹੋਇਆ ਹੈ, ਜਿਸ ਕਾਰਨ ਭਾਰਤ ਸਰਕਾਰ ਨੂੰ ਇਨ੍ਹਾਂ ਪਨਾਹਗਾਹਾਂ ਨੂੰ ਖਤਮ ਕਰਨ ਲਈ ਅਪਰੇਸ਼ਨ ਸੰਧੂਰ ਦੇ ਨਾਮ ਥੱਲੇ ਫੌਜੀ ਕਾਰਵਾਈ ਕਰਨੀ ਪਈ ਹੈ।ਉਨ੍ਹਾਂ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਜੰਗ ਤੋਂ ਬਚਣ ਦੀ ਅਪੀਲ



ਕਰਦਿਆਂ ਅਮਨ ਸ਼ਾਂਤੀ ਦੀ ਆਵਾਜ਼ ਬੁਲੰਦ ਕਰਨ ਦੀ ਗੱਲ ਕਹੀ।ਉਨ੍ਹਾਂ ਕਿਹਾ ਕਿ ਖਾਸ ਕਰਕੇ ਸਰਹੱਦੀ ਇਲਾਕਿਆਂ ਵਿੱਚ ਪਿਛਲੇ ਇੱਕ ਹਫਤੇ ਤੋਂ ਜੋ ਹਲਾਤ ਬਣੇ ਹੋਏ ਸਨ, ਉਹ ਕਾਫੀ ਚਿੰਤਾਜਨਕ ਸਨ।ਭਾਵੇਂ ਹੁਣ ਦੋਵਾਂ ਦੇਸ਼ਾਂ ਦੀ ਸਰਕਾਰਾਂ ਵੱਲੋਂ ਫੌਜੀ ਕਾਰਵਾਈ ਬੰਦ ਕਰਕੇ ਗੱਲਬਾਤ ਰਾਹੀਂ ਮਸਲੇ ਹੱਲ ਕਰਨ ਦੇ ਸ਼ਲਾਘਾਯੋਗ ਕਦਮ ਚੁੱਕੇ ਹਨ ਜਿਸ ਨਾਲ ਇਲਾਕੇ ਅੰਦਰ ਸ਼ਾਂਤੀ ਬਹਾਲ ਕਰਨ ਵਿੱਚ ਮਦਦ ਮਿਲੇਗੀ।ਉਨ੍ਹਾਂ ਨੇ ਭਾਰਤੀ ਕਮਿਊਨਿਸਟ ਪਾਰਟੀ ਦੀ ਆਲ ਇੰਡੀਆ ਕਾਂਗਰਸ ਜੋ ਕਿ ਪੰਜਾਬ ਦੀ ਮੇਜ਼ਬਾਨੀ ਹੇਠ 21 ਸਤੰਬਰ ਤੋਂ 25 ਸਤੰਬਰ ਤੱਕ ਚੰਡੀਗੜ੍ਹ ਵਿਖੇ ਹੋਣੀ ਹੈ, ਦੀਆਂ ਤਿਆਰੀਆਂ ਸਬੰਧੀ ਅੰਮ੍ਰਿਤਸਰ ਜ਼ਿਲ੍ਹੇ ਦੇ ਲੋਕਾਂ ਨੂੰ ਵੱਧ ਤੋਂ ਵੱਧ ਸਹਿਯੋਗ ਕਰਨ ਦੀ ਅਪੀਲ ਕੀਤੀ।ਇਸ ਤੋਂ ਇਲਾਵਾ ਉਨ੍ਹਾਂ ਨੇ ਦੇਸ਼ ਦੀਆਂ ਕੇਂਦਰੀ ਟਰੇਡ ਯੂਨੀਅਨਾਂ ਵੱਲੋਂ 20 ਮਈ ਦੀ ਇੱਕ ਰੋਜ਼ਾ ਹੜਤਾਲ ਨੂੰ ਕਾਮਯਾਬ ਕਰਨ ਲਈ ਮਜ਼ਦੂਰਾਂ, ਮੁਲਾਜ਼ਮਾਂ, ਵਪਾਰੀਆਂ ਅਤੇ ਕਿਸਾਨ ਜਥੇਬੰਦੀਆਂ ਨੂੰ ਭਰਵਾਂ ਸਹਿਯੋਗ ਕਰਨ ਦੀ ਅਪੀਲ ਕੀਤੀ।ਇਸ ਸਮੇਂ ਜ਼ਿਲ੍ਹਾ ਸਕੱਤਰ ਲੱਖਬੀਰ ਸਿੰਘ ਨਿਜ਼ਾਮਪੁਰ, ਬਲਵਿੰਦਰ ਸਿੰਘ ਦੁਧਾਲਾ, ਗੁਰਦੀਪ ਸਿੰਘ ਗੁਰੂਵਾਲੀ, ਨਰਿੰਦਰ ਬੱਲ, ਮੰਗਲ ਸਿੰਘ ਖਜਾਲਾ, ਬਲਕਾਰ ਸਿੰਘ ਦੁਧਾਲਾ ਅਤੇ ਗੁਰਮੱਖ ਸਿੰਘ ਸ਼ੇਰਗਿੱਲ ਤੋਂ ਇਲਾਵਾ ਜ਼ਿਲ੍ਹਾ ਕੌਂਸਲ ਦੇ

# ਸਾਉਣੀ ਰੁੱਤ ਦੀ ਮੱਕੀ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ ਪ੍ਰਤੀ ਹੈਕਟੇਅਰ ਮਿਲਣਗੇ 17500 ਰੁਪਏ : ਮੁੱਖ ਖੇਤੀਬਾੜੀ ਅਫ਼ਸਰ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਝੋਨੇ ਹੇਠੋਂ ਰਕਬਾ ਕੱਢ ਕੇ ਮੱਕੀ ਹੇਠ ਰਕਬਾ ਵਧਾਉਣ ਲਈ ਸ਼ੁਰੂ ਕੀਤੇ ਗਏ ਪਾਇਲਟ ਪ੍ਰੋਜੈਕਟ ਤਹਿਤ ਕਿਸਾਨਾਂ ਨੂੰ ਮੱਕੀ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਬਲਾਕ ਪੱਧਰੀ ਕਿਸਾਨ ਜਾਗਰੂਕਤਾ ਕੈਂਪ ਬਲਾਕ ਦੀਨਾਨਗਰ ਦੇ ਸਰਹੱਦੀ ਪਿੰਡ ਮਰਾੜਾ ਵਿਚ ਲਗਾਇਆ ਗਿਆ।ਸੁਦੇਸ਼ ਕੁਮਾਰ ਖੇਤੀ ਵਿਸਥਾਰ ਅਫ਼ਸਰ ਦੇ ਪ੍ਰਬੰਧਾਂ ਹੇਠ ਲਗਾਏ ਕੈਂਪ ਦੀ ਪ੍ਰਧਾਨਗੀ ਡਾਕਟਰ ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਨੇ ਕੀਤੀ।ਇਸ ਮੌਕੇ ਡਾਕਟਰ ਬਲਜਿੰਦਰ ਸਿੰਘ ਬੈਂਸ, ਡਾਕਟਰ ਗੁਰਪ੍ਰੀਤ ਸਿੰਘ ਜਰਮਨਜੀਤ ਸਿੰਘ,ਡਾਕਟਰ ਸੰਦੀਪ ਸਿੰਘ ਖ਼ੇਤੀਬਾੜੀ ਅਫਸਰ, ਡਾਕਟਰ ਦਿਲਰਾਜ ਸਿੰਘ ਖੇਤੀਬਾੜੀ ਵਿਕਾਸ ਅਫਸਰ, ਪ੍ਰਭਜੀਤ ਕੌਰ, ਸੁਦੇਸ਼ ਕੁਮਾਰ ਖ਼ੇਤੀਬਾੜੀ ਵਿਸਥਾਰ ਅਫ਼ਸਰ ਸਮੇਤ ਸਮੂਹ ਸਟਾਫ ਅਤੇ ਵੱਡੀ ਗਿਣਤੀ ਵਿਚ ਕਿਸਾਨ ਹਾਜ਼ਰ ਸਨ।ਇਸ ਮੌਕੇ ਪ੍ਰਧਾਨ ਮੰਤਰੀ ਸਨਮਾਨ ਨਿਧੀ ਯੋਜਨਾ ਤਹਿਤ ਲਾਭਪਾਤਰੀਆਂ ਦੀ ਈਕੇਵਾਈਸੀ ਕੀਤੀ ਗਈ।ਕਿਸਾਨਾਂ ਨੂੰ ਸੰਬੋਧਨ ਕਰਦਿਆ ਡਾ. ਅਮਰੀਕ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਾਉਣੀ ਰੁੱਤੇ ਮੱਕੀ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ ਜਿਸ ਅਨੁਸਾਰ ਜ਼ਿਲਾ ਗੁਰਦਾਸਪੁਰ ਵਿੱਚ 2500 ਹੈਕਟੇਅਰ ਰਕਬੇ ਵਿੱਚ ਮੱਕੀ ਦੀ ਕਾਸ਼ਤ ਕੀਤੀ ਜਾਵੇਗੀ ਅਤੇ ਝੋਨੇ ਦੀ ਬਿਜਾਏ ਮੱਕੀ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ ਪ੍ਰਤੀ ਹੈਕ. 17500 ਰੁਪਏ ਬਤੌਰ ਪ੍ਰੋਤਸਾਹਨ ਰਾਸ਼ੀ ਵਜੋਂ ਦਿੱਤੇ ਜਾਣਗੇ।ਉਨ੍ਹਾਂ ਦੱਸਿਆ ਕਿ ਭਵਿਖ ਦੀ ਖੇਤੀ ਨੂੰ ਟਿਕਾਊ ਬਣਾਉਣ ਅਤੇ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਨੀਵਾਂ ਜਾਣ ਤੋਂ ਰੋਕਣ ਲਈ ਪੰਜਾਬ ਸਰਕਾਰ ਵੱਲੋਂ ਬਲਾਕ ਦੀਨਾਨਗਰ, ਗੁਰਦਾਸਪੁਰ, ਕਾਹਨੂੰਵਾਨ, ਕਾਦੀਆਂ ਅਤੇ ਸ੍ਰੀ ਹਰਗੋਬਿੰਦਪੁਰ ਵਿਚ 2500 ਹੈਕ ਰਕਬਾ ਝੋਨੇ ਦੀ ਖੇਤੀ ਹੇਠੋਂ ਕਢ ਕੇ ਮੱਕੀ ਦੀ ਕਾਸ਼ਤ ਹੇਠਾਂ ਲਿਆਉਣ ਲਈ ਪਾਇਲਟ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਤਹਿਤ ਜੋਂ ਕਿਸਾਨ ਝੋਨੇ ਦੀ ਖੇਤੀ ਕਰਨ ਦੀ ਬਿਜਾਏ ਸਾਉਣੀ ਰੁੱਤ ਵਾਲੀ ਮੱਕੀ ਦੀ ਕਾਸ਼ਤ ਕਰੇਗਾ ,ਉਨਾਂ ਨੂੰ ਪ੍ਰਤੀ ਹੈਕ 17500 ਰੁਪਏ ਬਤੌਰ ਪ੍ਰੋਤਸਾਹਨ ਰਾਸ਼ੀ ਵਜੋਂ ਸਿੱਧੇ ਬੈਂਕ ਖਾਤਿਆਂ ਵਿਚ ਦਿੱਤੇ ਜਾਣਗੇ




।ਉਨ੍ਹਾਂ ਨੂੰ ਦੱਸਿਆ ਕਿ ਇਸ ਵਾਰ ਪੰਜਾਬ ਸਰਕਾਰ ਵੱਲੋਂ ਮੱਕੀ ਦੀ ਖਰੀਦ ਦੇ ਪ੍ਰਬੰਧ ਕੀਤੇ ਜਾ ਰਹੇ ਹਨ ਅਤੇ ਮੱਕੀ ਦੀ ਖਰੀਦ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਮੱਕੀ ਦੀ ਖਰੀਦ ਘੱਟੋ ਘੱਟ ਸਮਰਥਨ ਮੁੱਲ ਤੇ ਕਰਨ ਨੂੰ ਯਕੀਨੀ ਬਣਾਏਗੀ।ਉਨ੍ਹਾਂ ਦੱਸਿਆ ਕਿ ਕਿਸਾਨਾਂ ਅਤੇ ਖ਼ੇਤੀਬਾੜੀ ਅਧਿਕਾਰੀਆਂ ਵਿਚ ਤਾਲਮੇਲ ਵਧਾਉਣ ਲਈ ਪਿੰਡਾਂ ਦੇ 30 ਅਗਾਂਹਵਧੂ ਨੌਜਵਾਨ ਬਤੌਰ ਕਿਸਾਨ ਮਿੱਤਰ ਨਿਯੁਕਤ ਕੀਤੇ ਗਏ ਹਨ ਅਤੇ ਹਰੇਕ ਕਿਸਾਨ ਮਿੱਤਰ ਲਈ ਮੱਕੀ ਦੀ ਕਾਸ਼ਤ ਕਰਨੀ ਜ਼ਰੂਰੀ ਹੋਵੇਗੀ। ਉਨ੍ਹਾਂ ਕਿਹਾ ਕਿ ਮੌਸਮੀ ਤਬਦੀਲੀਆਂ ਦਰਮਿਆਨ ਖੇਤੀ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਕਿਸਾਨਾਂ ਨੂੰ ਮੰਦਹਾਲੀ ਦੇ ਦੌਰ ਵਿੱਚੋਂ ਕੱਢਣ ਲਈ ਬਹੁਤ ਵੱਡੇ ਪੱਧਰ 'ਤੇ ਯਤਨ ਕਰਨ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਖੇਤੀ ਖਰਚੇ ਘਟਾਉਣ ਅਤੇ ਖਾਦਾਂ ਦਵਾਈਆਂ ਦੀ ਸੁਚੱਜੀ ਵਰਤੋਂ ਕਰਨ ਸਮੇਤ ਸਮੇ ਦੇ ਹਾਣੀ ਬਣਾਉਣ ਦੀ ਦਿਸ਼ਾ ਵੱਲ ਖ਼ੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਉਪਰਾਲੇ ਕੀਤੇ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਇਸੇ ਮੰਤਵ ਦੀ ਪੂਰਤੀ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਖੇਤੀ ਪਸਾਰ ਸੇਵਾਵਾਂ ਨੂੰ ਮਜ਼ਬੂਤ ਕਰਨ ਲਈ ਇਹ ਵਿਸ਼ੇਸ਼ ਯੋਜਨਾਬੰਧੀ ਕੀਤੀ ਗਈ ਹੈ ਤਾਂ ਜੋ ਕਿਸਾਨਾਂ ਨੂੰ ਰਵਾਇਤੀ ਖੇਤੀ ਤੋਂ ਹਟਾ ਕੇ ਤਕਨੀਕੀ ਖੇਤੀ ਨਾਲ ਜੋੜਿਆ ਜਾ ਸਕੇ।ਇਸ ਦੇ ਨਾਲ ਹੀ ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਖੁਦ ਵੀ ਆਪਣੀ ਫਸਲ ਦਾ ਨਿਰੰਤਰ ਨਿਰੀਖਣ ਕਰਦੇ ਰਹਿਣ ਅਤੇ ਜੇਕਰ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਨਜ਼ਰ ਆਉਂਦੀ ਹੈ ਤਾਂ ਤੁਰੰਤ ਖੇਤੀਬਾੜੀ ਮਾਹਿਰਾਂ ਨਾਲ ਸੰਪਰਕ ਕੀਤਾ ਜਾਵੇ।ਡਾਕਟਰ ਬਲਜਿੰਦਰ ਸਿੰਘ ਨੇ ਕਿਹਾ ਕਿ ਖੇਤੀਬਾੜੀ ਵਿਭਾਗ ਵਲੋਂ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਕਿਸਾਨਾਂ ਦੀ ਹਰੇਕ ਮੁਸ਼ਕਿਲ ਦਾ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਨੂੰ ਪੂਰਨ ਉਮੀਦ ਹੈ ਕਿ ਵਿਭਾਗ ਦੇ ਇਹਨਾਂ ਸਾਰਥਕ ਯਤਨਾਂ ਦਾ ਕਿਸਾਨਾਂ ਨੂੰ ਭਰਪੂਰ ਫਾਇਦਾ ਹੋਵੇਗਾ।ਡਾ. ਜਰਮਨਜੀਤ ਸਿੰਘ ਨੇ ਖੇਤੀ ਜਿਣਸਾਂ ਦੇ ਮੰਡੀਕਰਨ ਅਤੇ ਝੋਨੇ ਦੀ ਕਾਸ਼ਤ ਬਾਰੇ, ਡਾ. ਸੰਦੀਪ ਸਿੰਘ ਨੇ ਮੱਕੀ ਦੀ ਕਾਸ਼ਤ ਬਾਰੇ ਅਤੇ ਡਾ. ਦਿਲਰਾਜ ਸਿੰਘ ਨੇ ਪੀ ਐੱਮ ਕਿਸਾਨ ਸਨਮਾਨ ਨਿਧੀ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ।ਅਖੀਰ ਵਿੱਚ ਪ੍ਰਭਜੀਤ ਕੌਰ ਨੇ ਆਏ ਮਹਿਮਾਨਾਂ ਅਤੇ ਕਿਸਾਨਾਂ ਦਾ ਧੰਨਵਾਦ ਕੀਤਾ।

# ਡਾ. ਰਿਤੂ ਕੌਂਡਲ ਵੱਲੋਂ ਪਾਕਿਸਤਾਨ ਖਿਲਾਫ ਵਿੱਢੇ 'ਆਪਰੇਸ਼ਨ ਸੰਧੂਰ' ਦੀ ਪ੍ਰਸ਼ੰਸਾ

**ਗੁਰਦਾਸਪੁਰ (ਜਨਕ ਮਹਾਜਨ)**- ਹਿਮਾਲਯ ਪਰਿਵਾਰ ਸੰਸਥਾ ਪੰਜਾਬ ਦੀ ਮਹਾਂ ਮੰਤਰੀ ਡਾ. ਰਿਤੂ ਕੌਂਡਲ ਨੇ ਭਾਰਤੀ ਫੌਜ ਦੁਆਰਾ ਆਪਰੇਸ਼ਨ ਸੰਧੂਰ ਤਹਿਤ ਪਾਕਿਸਤਾਨ ਖਿਲਾਫ ਕੀਤੀ ਕਾਰਵਾਈ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਵਿੱਚ ਰਾਜ ਕਰਦੀ ਭਾਜਪਾ ਪਾਰਟੀ ਨੇ ਪਾਕਿਸਤਾਨ ਖਿਲਾਫ ਜ਼ਬਰਦਸਤ ਕਾਰਵਾਈ ਕਰਦਿਆਂ ਪਾਕਿਸਤਾਨ ਨੂੰ ਇਹ ਸਬਕ ਸਿਖਾ ਦਿੱਤਾ ਹੈ ਕਿ ਜੇਕਰ ਸਾਡੇ ਦੇਸ਼ ਅੰਦਰ ਕੋਈ ਵੀ ਅੱਤਵਾਦੀ ਘਟਨਾ ਵਾਪਰਦੀ ਹੈ ਤਾਂ ਇਸ ਨੂੰ ਸਿੱਧਾ ਜੰਗ ਮੰਨਿਆ ਜਾਵੇਗਾ। ਉਨ੍ਹਾਂ ਕਿਹਾ ਕਿ ਭਾਰਤੀ ਫੌਜ ਦੇ ਜਵਾਨਾਂ ਨੇ ਬੜੀ ਸੂਝਬੂਝ ਅਤੇ ਨਿਡਰਤਾ ਨਾਲ ਪੂਰੇ ਆਪਰੇਸ਼ਨ ਦੌਰਾਨ ਕੰਮ ਕੀਤਾ। ਡਾ. ਰਿਤੂ ਕੌਂਡਲ ਨੇ ਕਿਹਾ ਕਿ ਕੇਂਦਰ ਸਰਕਾਰ ਦੁਆਰਾ ਵਿਦੇਸ਼ ਤੋਂ ਅਤਿ ਅਧੁਨਿਕ ਖਰੀਦੇ ਹਥਿਆਰ ਅਤੇ ਮਸ਼ੀਨਾਂ ਦੀ ਬਦੌਲਤ ਅੱਜ ਭਾਰਤ ਨੇ ਲੜਾਈ ਦੌਰਾਨ ਆਪਣੇ ਦੇਸ਼ ਦੀ ਜਿੱਥੇ ਰੱਖਿਆ ਕੀਤੀ ਉਥੇ ਹੀ ਪਾਕਿਸਤਾਨ ਖਿਲਾਫ ਵੀ ਵੱਡਾ ਹਮਲਾ ਕੀਤਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਆਉਣ ਵਾਲੇ ਸਮੇਂ ਵਿੱਚ ਦੋਵਾਂ ਦੇਸ਼ਾਂ ਵਿਚਕਾਰ ਸ਼ਾਂਤੀ ਵਾਲਾ ਮਾਹੌਲ ਬਰਕਰਾਰ ਰਹੇ। ਉਨ੍ਹਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਅਫ਼ਵਾਹਾਂ ਤੋਂ ਦੂਰ ਰਹਿਣ ਅਤੇ ਜੇਕਰ ਕੋਈ ਸ਼ੱਕ ਵਿਅਕਤੀ ਨਜ਼ਰ ਆਉਂਦਾ ਹੈ ਤਾਂ ਇਸ ਦੀ ਸੂਚਨਾ ਪ੍ਰਸ਼ਾਸਨ ਨੂੰ ਦਿੱਤੀ ਜਾਵੇ।



13-May-PAGE-4.qxd 5/12/2025 10:36 PM Page 1

ਨਵਾਂ ਜ਼ਮਾਨਾ
ਮੰਗਲਵਾਰ, 13 ਮਈ 2025

# ਝੂਠ ਬੇਪਰਦ

*2020 ਤੇ 2021 ਦੇ ਉਨ੍ਹਾਂ ਭਿਆਨਕ ਦਿਨਾਂ ਨੂੰ ਚੇਤੇ ਕਰੋ, ਜਦ ਕੋਵਿਡ-19 ਮਹਾਂਮਾਰੀ ਭਾਰਤ ਦੇ ਸ਼ਹਿਰਾਂ, ਪਿੰਡਾਂ, ਸੜਕਾਂ ਤੇ ਗਲੀਆਂ ਵਿੱਚ ਮੌਤ ਦਾ ਤਾਂਡਵ ਕਰ ਰਹੀ ਸੀ। ਮਹਾਂਮਾਰੀ ਦੀ ਤਰ੍ਹਾਂ ਲਾਕਡਾਊਨ ਨੇ ਪੂਰੇ ਦੇਸ਼ ਵਿੱਚ ਗਰੀਬਾਂ ਨੂੰ ਸੜਕਾਂ 'ਤੇ ਚਲਦੇ-ਚਲਦੇ ਮਰਨ ਲਈ ਮਜਬੂਰ ਕਰ ਦਿੱਤਾ। ਮਹਾਂਮਾਰੀ ਨੂੰ ਧਰਮ ਦੇ ਰੰਗ ਵਿੱਚ ਰੰਗ ਕੇ ਨਫਰਤ ਦਾ ਬਾਜ਼ਾਰ ਗਰਮ ਕੀਤਾ ਗਿਆ। ਸਿਵਿਆਂ ਵਿੱਚ ਲਾਸ਼ਾਂ ਦੇ ਅੰਬਾਰ ਲੱਗ ਰਹੇ ਸਨ। ਲੋਕਾਂ ਨੇ ਨਦੀਆਂ ਕੰਢੇ ਆਪਣੇ ਪਿਆਰਿਆਂ ਨੂੰ ਦਫਨਾਇਆ। ਨਦੀਆਂ ਵਿੱਚ ਲਾਸ਼ਾਂ ਤੈਰਦੀਆਂ ਨਜ਼ਰ ਆਈਆਂ। ਆਕਸੀਜਨ ਤੇ ਬੁਖਾਰ ਦੀਆਂ ਦਵਾਈਆਂ ਲੱਭਦੇ ਲੋਕਾਂ ਦਾ ਬੁਰਾ ਹਾਲ ਹੋਇਆ ਅਤੇ ਹਸਪਤਾਲਾਂ ਵਿੱਚ ਕੋਈ ਥਾਂ ਨਹੀਂ ਬਚੀ ਸੀ। ਹੰਝੂਆਂ ਦੇ ਸੈਲਾਬ ਵਿੱਚ ਲੋਕ ਆਪਣੇ ਪਿਆਰਿਆਂ ਨੂੰ ਗੁਆਉਂਦੇ ਜਾ ਰਹੇ ਸਨ। ਉਸ ਸਮੇਂ ਦੀ ਸਿਆਸਤ ਨੂੰ ਵੀ ਚੇਤੇ ਕਰੋ, ਜਦੋਂ ਦੋਸ਼ਾਂ ਤੇ ਜਵਾਬੀ ਦੋਸ਼ਾਂ ਦੀ ਖੇਡ ਚੱਲ ਰਹੀ ਸੀ। ਕੋਵਿਡ-19 ਨਾਲ ਹੋਈਆਂ ਮੌਤਾਂ ਨੂੰ ਲੈ ਕੇ ਭਾਜਪਾ ਦੀ ਕੇਂਦਰ ਸਰਕਾਰ ਦੇ ਮੰਤਰੀਆਂ, ਸਾਂਸਦਾਂ ਤੇ ਇੱਥੋਂ ਤੱਕ ਕਿ ਪਾਰਟੀ ਅਹੁਦੇਦਾਰਾਂ ਦੇ ਬਿਆਨ ਹੈਰਾਨ ਕਰਨ ਵਾਲੇ ਸਨ। ਵਿਸ਼ਵ ਸਿਹਤ ਸੰਗਠਨ ਦੇ ਅੰਕੜਿਆਂ ਨੂੰ ਵੀ ਗਲਤ ਠਹਿਰਾਇਆ ਗਿਆ। 2021 ਲਈ ਕੋਵਿਡ-19 ਨਾਲ ਹੋਈਆਂ ਮੌਤਾਂ ਦੀ ਸਰਕਾਰੀ ਗਿਣਤੀ 3.32 ਲੱਖ ਦੱਸੀ ਗਈ, ਜਦਕਿ 2020 ਤੇ 2021 ਲਈ ਕੁਲ ਗਿਣਤੀ 4.8 ਲੱਖ ਦੱਸੀ ਗਈ। ਬਾਅਦ ਵਿੱਚ ਕੇਂਦਰੀ ਸਿਹਤ ਤੇ ਪਰਵਾਰ ਭਲਾਈ ਮੰਤਰਾਲੇ ਨੇ ਮੌਤਾਂ ਦੀ ਗਿਣਤੀ 5.33 ਲੱਖ ਦੱਸੀ। ਵਿਸ਼ਵ ਸਿਹਤ ਸੰਗਠਨ ਨੇ 2022 ਵਿੱਚ ਜਾਰੀ ਆਪਣੀ ਰਿਪੋਰਟ 'ਚ 2020 ਤੇ 2021 ਲਈ ਭਾਰਤ 'ਚ ਹੋਈਆਂ ਮੌਤਾਂ ਦੀ ਗਿਣਤੀ 47 ਲੱਖ ਦੱਸੀ ਸੀ। ਕੁਝ ਹੋਰ ਸੰਗਠਨਾਂ ਤੇ ਮੀਡੀਆ ਗਰੁੱਪਾਂ ਨੇ ਵੀ ਇਸ ਨਾਲ ਮਿਲਦੀ-ਜੁਲਦੀ ਦੱਸੀ ਸੀ। ਮੌਤਾਂ ਦੀ ਗਿਣਤੀ ਵਿੱਚ ਇਹ ਫਰਕ ਦਸ ਗੁਣਾ ਸੀ। ਇਹ ਸਿਰਫ ਗਿਣਤੀਆਂ ਨਹੀਂ ਸਨ, ਸਗੋਂ ਮਹਾਂਮਾਰੀ ਨਾਲ ਨਿਬੜਨ ਵਿੱਚ ਸਾਡੀ ਸਿਹਤ ਵਿਵਸਥਾ, ਨੀਤੀਆਂ ਤੇ ਤਿਆਰੀਆਂ ਨਾਲ ਜੁੜਿਆ ਮਸਲਾ ਸੀ। ਉਸ ਸਮੇਂ ਸਰਕਾਰੀ ਦਾਅਵੇ ਇਹ ਸਾਬਤ ਕਰ ਰਹੇ ਸਨ ਕਿ ਸਰਕਾਰ ਮਹਾਂਮਾਰੀ ਨਾਲ ਸਫਲਤਾ ਨਾਲ ਨਿਬੜ ਰਹੀ ਹੈ। ਉਹ ਮੌਤਾਂ ਦੀ ਗਿਣਤੀ ਵਿੱਚ ਆਪਣੀ ਨਾਕਾਮੀ ਦਾ ਚਿਹਰਾ ਨਹੀਂ ਦੇਖਣਾ ਚਾਹੁੰਦੀ ਸੀ। ਲੋਕਾਂ ਨੂੰ ਉਮੀਦ ਸੀ ਕਿ ਜਨਗਣਨਾ ਦੇ ਅੰਕੜਿਆਂ ਨਾਲ ਮੌਤਾਂ ਦੀ ਸਹੀ ਗਿਣਤੀ ਸਾਹਮਣੇ ਆਵੇਗੀ, ਪਰ ਹੈਰਾਨੀ ਦੀ ਗੱਲ ਹੈ ਕਿ ਸਰਕਾਰ ਨੇ ਜਨਗਣਨਾ ਹੀ ਨਹੀਂ ਕਰਾਈ।*

*ਤਾਂ ਵੀ ਮੌਤਾਂ ਦੀ ਗਿਣਤੀ ਬਾਰੇ ਕੁਝ ਰਿਪੋਰਟਾਂ ਸਾਹਮਣੇ ਆ ਗਈਆਂ ਹਨ, ਜਿਨ੍ਹਾਂ ਤੋਂ ਸਹੀ ਗਿਣਤੀ ਦਾ ਕੁਝ ਨਾ ਕੁਝ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਨ੍ਹਾਂ 'ਚ ਸ਼ਾਮਲ ਹਨ : ਸਿਵਲ ਰਜਿਸਟਰੇਸ਼ਨ ਸਿਸਟਮ (ਸੀ ਆਰ ਐੱਸ), ਸੈਂਪਲ ਰਜਿਸਟਰੇਸ਼ਨ ਸਿਸਟਮ (ਐੱਸ ਆਰ ਐੱਸ) ਅਤੇ ਮੈਡੀਕਲ ਸਰਟੀਫਿਕੇਟ ਆਫ ਕਾਜ਼ ਆਫ ਡੈੱਥ (ਐੱਮ ਸੀ ਸੀ ਡੀ)। ਇਹ ਅੰਕੜੇ ਜੀਵਨ, ਮੌਤ ਤੇ ਮੌਤ ਦੇ ਕਾਰਨਾਂ ਨੂੰ ਸਾਹਮਣੇ ਲਿਆਉਂਦੇ ਹਨ। ਸੀ ਆਰ ਐੱਸ ਮੁਤਾਬਕ ਦੇਸ਼ ਵਿੱਚ ਕੁਲ ਰਜਿਸਟਰਡ ਮੌਤਾਂ ਦੀ ਗਿਣਤੀ 1.02 ਕਰੋੜ ਸੀ, ਜੋ ਕਿ 2020 ਨਾਲੋਂ 21 ਲੱਖ ਵੱਧ ਸਨ। ਐੱਸ ਆਰ ਐੱਸ ਦੇ ਅੰਕੜਿਆਂ ਮੁਤਾਬਕ 2007-2019 ਵਿੱਚ ਮੌਤਾਂ ਦਾ ਔਸਤ 83.5 ਲੱਖ ਸੀ। ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ 2013 ਤੋਂ 2016 ਤੱਕ ਮੌਤਾਂ ਦੀ ਰਜਿਸਟਰੇਸ਼ਨ ਦਾ ਪ੍ਰਤੀਸ਼ਤ 70 ਤੋਂ ਵਧ ਕੇ 77 ਹੋਇਆ, ਜੋ ਕਿ 2019 ਵਿੱਚ 92 ਪ੍ਰਤੀਸ਼ਤ ਤੱਕ ਪੁੱਜ ਗਿਆ। 2020 ਤੇ 2021 ਦੀ ਅਨੁਮਾਨਤ ਮੌਤ ਗਿਣਤੀ ਅਜੇ ਤੱਕ ਦੱਸੀ ਨਹੀਂ ਗਈ, ਪਰ ਰਜਿਸਟਰਡ ਮੌਤਾਂ ਦੀ ਗਿਣਤੀ 2020 ਵਿੱਚ 81,15,882 ਸੀ, ਜੋ 2021 ਵਿੱਚ ਵਧ ਕੇ 1.02, 24,506 ਹੋ ਗਈ। ਜੇ ਸਿਰਫ 2021 ਦੇ ਅੰਕੜਿਆਂ ਨੂੰ ਦੇਖੀਏ ਤਾਂ ਆਮ ਵਾਧੇ ਨਾਲ 28.75 ਲੱਖ ਮੌਤਾਂ ਹੋਈਆਂ। ਇਹ ਕੋਵਿਡ-19 ਨਾਲ ਹੋਈਆਂ ਮੌਤਾਂ ਦੇ ਸਰਕਾਰੀ ਅੰਕੜਿਆਂ ਨਾਲੋਂ ਕਈ ਗੁਣਾ ਵੱਧ ਹਨ। ਜੇ 2019 ਦੇ ਅੰਕੜਿਆਂ ਨੂੰ ਜੋੜਿਆ ਜਾਵੇ ਤਾਂ ਇਹ ਅਨੁਮਾਨਤ ਗਿਣਤੀ ਲਗਭਗ 21 ਲੱਖ ਤੱਕ ਪੁੱਜਦੀ ਹੈ। 2021 ਦੇ ਐੱਮ ਸੀ ਸੀ ਡੀ ਮੁਤਾਬਕ ਕੋਵਿਡ-19 ਨਾਲ ਮੌਤਾਂ ਦਾ ਪ੍ਰਤੀਸ਼ਤ 17.3 ਸੀ, ਸਾਹ ਸੰਬੰਧੀ ਬਿਮਾਰੀਆਂ ਦਾ 12.7 ਸੀ ਅਤੇ ਲਾਗ ਕਾਰਨ ਹੋਈਆਂ ਮੌਤਾਂ ਦਾ 29.8 ਸੀ। ਇੱਥੇ ਮੌਤ ਦੇ ਕਾਰਨ ਉਹੀ ਦਰਜ ਕੀਤੇ ਗਏ, ਜਿਹੜੇ ਰਜਿਸਟਰਡ ਹੋਏ। ਇਨ੍ਹਾਂ ਅੰਕੜਿਆਂ ਵਿੱਚ ਕੋਵਿਡ-19 ਨੂੰ ਸਾਹ ਸੰਬੰਧੀ ਬਿਮਾਰੀਆਂ ਨਾਲੋਂ ਕਿਵੇਂ ਅੱਡ ਕੀਤਾ ਗਿਆ, ਇਹ ਸਪੱਸ਼ਟ ਨਹੀਂ ਹੈ। ਕੋਵਿਡ ਕਾਲ ਵਿੱਚ ਜਨਮ ਰਜਿਸਟਰੇਸ਼ਨ ਦੀ ਗਿਣਤੀ ਵਿੱਚ ਵੀ ਮਾਮੂਲੀ ਗਿਰਾਵਟ ਦੇਖੀ ਗਈ। ਉਪਰੋਕਤ ਅੰਕੜਿਆਂ ਤੋਂ ਸਪੱਸ਼ਟ ਹੈ ਕਿ ਸਰਕਾਰ ਦੇ ਅੰਕੜੇ ਗਲਤ ਹਨ ਅਤੇ ਅਸਲ ਮੌਤਾਂ ਲਗਭਗ ਛੇ ਗੁਣਾ ਵੱਧ ਹੋਈਆਂ। ਜਨਗਣਨਾ ਇਨ੍ਹਾਂ ਅੰਕੜਿਆਂ ਨੂੰ ਹੋਰ ਸਪੱਸ਼ਟ ਕਰ ਸਕਦੀ ਹੈ, ਪਰ ਉਸ ਲਈ ਹੋਰ ਉਡੀਕ ਕਰਨੀ ਪਵੇਗੀ। ਤਾਂ ਵੀ, ਨਵੇਂ ਅੰਕੜਿਆਂ ਨੇ ਸਰਕਾਰੀ ਝੂਠ ਨੂੰ ਇੱਕ ਵਾਰ ਫਿਰ ਬੇਪਰਦ ਕਰ ਦਿੱਤਾ ਹੈ।*

# ਯੁੱਧ ਆਰਥਕ ਤੇ ਸਿਆਸੀ ਲਾਲਸਾਵਾਂ ਅਧੀਨ ਲੜੇ ਜਾਂਦੇ



ਪਵਨ ਕੁਮਾਰ ਕੌਸ਼ਲ

ਸਰਮਾਏਦਾਰੀ ਸਮਾਜਕ ਆਰਥਕ ਪ੍ਰਬੰਧ ਅਧੀਨ ਆਰਥਕਤਾ ਦੀ ਇੱਕ ਮਹਤੱਵਪੂਰਨ ਭੂਮਿਕਾ ਹੁੰਦੀ ਹੈ। ਸਰਮਾਏਦਾਰੀ ਪ੍ਰਬੰਧ ਅਧੀਨ ਨਿੱਜੀ ਜਾਇਦਾਦ ਦਾ ਅਧਿਕਾਰ ਸਮੱਸਿਆਵਾਂ ਦੀ ਜੜ੍ਹ ਹੁੰਦੀ ਹੈ। ਆਰਥਕ-ਅਸਮਾਨਤਾ ਸਾਰੀਆ ਸਮੱਸਿਆਵਾਂ ਦੀ ਜਨਮ ਦਾਤਾ ਹੁੰਦੀ ਹੈ। ਇਸੇ ਕਾਰਨ 'ਇਹ ਪੂੰਜੀ ਦੇ ਸੰਗ੍ਰਹਿ ਦੇ ਅਨੁਸਾਰ ਦੁੱਖਾਂ ਦਾ ਸੰਗ੍ਰਹਿ ਸਥਾਪਤ ਕਰਦਾ ਹੈ। ਇਸ ਲਈ ਇੱਕ ਧਰੁਵ 'ਤੇ ਦੌਲਤ ਦਾ ਸੰਗ੍ਰਹਿ, ਉਸੇ ਸਮੇਂ, ਉਲਟ ਧਰੁਵ 'ਤੇ ਦੁੱਖਾਂ, ਮਿਹਨਤ ਦੀ ਪੀੜਾ, ਗੁਲਾਮੀ, ਅਗਿਆਨਤਾ, ਬੇਰਹਿਮੀ, ਮਾਨਸਿਕ ਪਤਨ ਦਾ ਸੰਗ੍ਰਹਿ ਹੈ, ਭਾਵ ਉਸ ਵਰਗ ਦੇ ਪਾਸੇ ਜੋ ਪੂੰਜੀ ਦੇ ਰੂਪ ਵਿੱਚ ਆਪਣੀ ਪੈਦਾਵਾਰ ਪੈਦਾ ਕਰਦਾ ਹੈ।' (ਮਾਰਕਸ ਦੀ ਪੂੰਜੀ, ਪੰਨਾ 661)

ਕਾਰਲ ਮਾਰਕਸ ਨੇ ਜੰਗ ਨੂੰ ਰਾਜਾਂ ਦੇ ਵਿਹਾਰ ਨੂੰ ਨਹੀਂ, ਸਗੋਂ ਸਮਾਜ ਦੇ ਵਰਗੀ ਢਾਂਚੇ ਨੂੰ ਮੰਨਿਆ। ਉਸ ਦੇ ਲਈ ਜੰਗਾਂ ਰਾਜਨੀਤੀ ਦੇ ਅਕਸਰ ਸਵੈ-ਇੱਛਤ ਸਾਧਨ ਵਜੋਂ ਨਹੀਂ, ਸਗੋਂ ਸਮਾਜਿਕ ਤਾਕਤਾਂ ਦੇ ਟਕਰਾਅ ਦੇ ਨਤੀਜੇ ਵਜੋਂ ਵਾਪਰਦੀਆਂ ਹਨ।

ਵਰਗਾਂ ਨੇ ਇਸ ਨੂੰ ਸਟੇਜ 'ਤੇ ਲਿਆਂਦਾ ਅਤੇ ਇਨ੍ਹਾਂ ਦਾ ਨਿਰਦੇਸ਼ਨ ਕੀਤਾ। ਮਾਰਕਸਵਾਦੀ ਉਸ ਸ਼੍ਰੇਣੀ ਦੇ ਲੋਕਾਂ ਨਾਲ ਸੰਬੰਧਤ ਨਹੀਂ ਹਨ, ਜੋ ਸਾਰੇ ਯੁੱਧ ਦੇ ਅਯੋਗ ਵਿਰੋਧੀ ਹਨ। ਉਨ੍ਹਾਂ ਦਾ ਉਦੇਸ਼ ਸਮਾਜਵਾਦੀ ਸਮਾਜਕ ਪ੍ਰਣਾਲੀ ਨੂੰ ਪ੍ਰਾਪਤ ਕਰਨਾ ਹੈ, ਜੋ ਮਨੁੱਖਤਾ ਨੂੰ ਵਰਗਾਂ ਵਿੱਚ ਵੰਡਣ ਨੂੰ ਖਤਮ ਕਰਕੇ ਮਨੁੱਖ ਦੁਆਰਾ ਮਨੁੱਖ ਅਤੇ ਕੌਮ ਦੁਆਰਾ ਕੌਮ ਦੇ ਸਾਰੇ ਸ਼ੋਸ਼ਣ ਨੂੰ ਖਤਮ ਕਰਕੇ, ਯੁੱਧ ਦੀ ਸੰਭਾਵਨਾ ਨੂੰ ਅਟੱਲ ਤੌਰ 'ਤੇ ਖਤਮ ਕਰ ਦੇਵੇਗਾ।

ਦੇਸ਼ ਆਰਥਿਕ, ਰਾਜਨੀਤਕ ਅਤੇ ਵਿਚਾਰਧਾਰਕ ਕਾਰਕਾਂ ਦੇ ਗੁੰਝਲਦਾਰ ਮਿਸ਼ਰਣ ਦੇ ਨਾਲ-ਨਾਲ ਖੇਤਰੀ ਵਿਵਾਦਾਂ ਅਤੇ ਕੁਝ ਮਾਮਲਿਆਂ ਵਿੱਚ ਬਦਲਾ ਲੈਣ ਦੀ ਇੱਛਾ ਜਾਂ ਸਵੈ-ਰੱਖਿਆ ਦੀ ਸਮਝੀ ਗਈ ਜ਼ਰੂਰਤ ਕਾਰਨ ਯੁੱਧ ਵਿੱਚ ਸ਼ਾਮਲ ਹੁੰਦੇ ਹਨ। ਇੱਕ ਰਾਸ਼ਟਰ ਦੂਜੇ ਦੇ ਕੁਦਰਤੀ ਸਰੋਤਾਂ ਨੂੰ ਕੰਟਰੋਲ ਕਰਨ, ਵਪਾਰ ਵਿੱਚ ਹੇਰਾਫੇਰੀ ਕਰਨ ਜਾਂ ਆਪਣੀ ਆਰਥਿਕਤਾ ਦੇ ਅਨੁਕੂਲ ਨੀਤੀਆਂ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ। ਯੁੱਧ ਮੁੱਖ ਤੌਰ 'ਤੇ ਆਰਥਿਕ, ਧਾਰਮਿਕ ਅਤੇ ਰਾਜਨੀਤਕ ਕਾਰਨਾਂ ਕਰਕੇ ਲੜੇ ਜਾਂਦੇ ਹਨ।

ਪੂੰਜੀਵਾਦੀ ਪ੍ਰਣਾਲੀ ਕੱਚੇ ਮਾਲ ਅਤੇ ਸਸਤੀ ਕਿਰਤ ਦੀ ਜ਼ਰੂਰਤ ਦੁਆਰਾ ਸੰਚਾਲਿਤ ਅੰਦਰੂਨੀ ਤੌਰ 'ਤੇ ਟਕਰਾਅ ਅਤੇ ਯੁੱਧ ਨੂੰ ਉਤਸ਼ਾਹਤ ਕਰਦੀ ਹੈ। ਬੁਰਜੂਆਜੀ (ਸ਼ਾਸਕ ਵਰਗ) ਆਪਣੇ ਹਿੱਤਾਂ ਦੀ ਰੱਖਿਆ ਲਈ ਰਾਜ ਸੱਤਾ ਦੀ ਵਰਤੋਂ ਕਰਦੀ ਹੈ, ਜੋ ਅਕਸਰ ਪੂੰਜੀ ਇਕੱਠਾ ਕਰਨ ਦੀ ਕੋਸ਼ਿਸ਼ ਵਿੱਚ ਯੁੱਧਾਂ ਵੱਲ ਲੈ ਜਾਂਦੀ ਹੈ।

ਪਹਿਲੇ ਵਿਸ਼ਵ ਯੁੱਧ ਤੋਂ ਲੈ ਕੇ ਵੀਅਤਨਾਮੀ ਯੁੱਧ ਤੱਕ, ਸੰਯੁਕਤ ਰਾਜ ਅਮਰੀਕਾ ਲਗਭਗ ਹਮੇਸ਼ਾ ਜੰਗ ਲੜ ਰਿਹਾ ਸੀ। ਉਨ੍ਹਾਂ ਸਾਲਾਂ ਵਿੱਚ ਕੋਈ ਵੀ ਪੀੜ੍ਹੀ ਇਸ ਦਹਿਸ਼ਤ ਤੋਂ ਨਹੀਂ ਬਚੀ। ਸਮਾਜਵਾਦੀ ਲਹਿਰ ਦੇ ਸਾਹਮਣੇ ਆਉਣ ਵਾਲੇ ਰਾਜਨੀਤਕ ਸਵਾਲ ਆਮ ਤੌਰ 'ਤੇ ਸਾਮਰਾਜਵਾਦ ਅਤੇ ਜੰਗ ਨਾਲ ਜੁੜੇ ਹੋਏ ਸਨ। ਅੰਤਰਰਾਸ਼ਟਰੀ ਸਮਾਜਵਾਦੀ ਰੁਝਾਨ ਨੂੰ ਹਮੇਸ਼ਾ ਸਾਮਰਾਜਵਾਦੀ ਜੰਗ ਦੇ ਵਿਰੋਧ ਵਿੱਚ ਇਸ ਦੇ ਅਸੰਤੁਸ਼ਟ ਵਿਰੋਧ ਦੁਆਰਾ ਵੱਖਰਾ ਕੀਤਾ ਗਿਆ।

ਸਮਾਜਵਾਦੀ ਵੀਅਤਨਾਮ ਵਿੱਚ ਹੋਈ ਹਾਰ ਨੇ ਅਮਰੀਕੀ ਸ਼ਕਤੀ ਅਤੇ ਪੂੰਜੀਵਾਦੀ ਆਤਮ-ਵਿਸ਼ਵਾਸ ਨੂੰ ਝਟਕਾ ਦਿੱਤਾ। ਹਾਕਮ-ਸ਼੍ਰੇਣੀ ਦੀਆਂ ਇੱਛਾਵਾਂ ਇਸ ਡਰ ਨਾਲ ਰੋਕੀਆਂ ਗਈਆਂ ਸਨ ਕਿ ਅਮਰੀਕੀ ਮਜ਼ਦੂਰ ਵਰਗ ਹਮੇਸ਼ਾ ਪੈਸਿਵ ਤੋਪਾਂ ਦੇ ਚਾਰੇ ਵਜੋਂ ਕੰਮ ਨਹੀਂ ਕਰੇਗਾ। 'ਵੀਅਤਨਾਮ ਸਿੰਡਰੋਮ' ਹਾਕਮ-ਸ਼੍ਰੇਣੀ ਦੀ ਚਿੰਤਾ 'ਤੇ ਟਿਕੀ ਹੋਈ ਸੀ ਕਿ ਜੰਗ ਅਤੇ ਜ਼ਮੀਨੀ ਫੌਜਾਂ ਦੀ ਵਰਤੋਂ ਘਰ ਵਿੱਚ ਸੰਘਰਸ਼ ਅਤੇ ਫੌਜ ਵਿੱਚ ਬਗਾਵਤ ਨੂੰ ਜਨਮ ਦੇ ਸਕਦੀ ਹੈ।

ਵੀਅਤਨਾਮ ਤੋਂ ਬਾਅਦ ਦਾ ਸਮਾਂ ਸ਼ੀਤ ਯੁੱਧ ਅਤੇ ਖਾੜੀ ਯੁੱਧ ਵਿੱਚ ਜਿੱਤਾਂ ਨੇ ਜੰਗ ਬਾਰੇ ਪਿਛਲੀ ਪੀੜ੍ਹੀ ਦੀਆਂ ਰਾਜਨੀਤਕ ਧਾਰਨਾਵਾਂ ਨੂੰ ਆਕਾਰ ਦਿੱਤਾ। ਉਹ ਧਾਰਨਾਵਾਂ, ਭਾਵੇਂ ਕਿੰਨੀਆਂ ਵੀ ਭਰਮਪੂਰਨ ਹੋਣ, ਇਹ ਸਨ ਕਿ ਜੰਗਾਂ ਸ਼ਾਂਤੀ ਦੇ ਮਾਮੂਲੀ, ਛੋਟੇ, ਐਪੀਸੋਡਿਕ ਰੁਕਾਵਟਾਂ ਹਨ ਅਤੇ ਕੋਈ ਵੀ ਅਮਰੀਕਾ ਦੀ ਫੌਜੀ ਸ਼ਕਤੀ ਨੂੰ ਗੰਭੀਰਤਾ ਨਾਲ ਚੁਣੌਤੀ ਨਹੀਂ ਦੇ ਸਕਦਾ। ਅੰਤਰਰਾਸ਼ਟਰੀ ਪੱਧਰ 'ਤੇ ਸੁਧਾਰਵਾਦੀਆਂ ਦੀਆਂ ਸਾਰੀਆਂ ਕਿਸਮਾਂ ਨੇ ਇਹ ਸਿੱਟਾ ਕੱਢਿਆ ਹੈ ਕਿ ਅਮਰੀਕੀ ਸ਼ਕਤੀ ਨੂੰ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ ਅਤੇ ਅੰਤਰਰਾਸ਼ਟਰੀ ਸਮੱਸਿਆਵਾਂ ਨੂੰ ਹੱਲ ਕਰਨ ਦੇ ਸਮਰੱਥ ਇੱਕੋ-ਇੱਕ ਯਥਾਰਥਵਾਦੀ ਸ਼ਕਤੀ ਵਜੋਂ ਕੰਮ ਕੀਤਾ ਜਾਣਾ ਚਾਹੀਦਾ ਹੈ।

ਕਿਊਬਾ ਦੀ ਸਤਾ ਸੰਭਾਲਣ ਤੋਂ ਬਾਅਦ ਫੀਡਲ ਕਾਸਟਰੋ ਨੇ ਦੇਸ਼ ਨੂੰ ਸਮਾਜਵਾਦ ਦੀਆਂ ਲੀਹਾਂ ਉਪੱਰ ਉਸਾਰਨਾ ਸ਼ੁਰੂ ਕੀਤਾ ਤਾਂ ਇਹ ਅਮਰੀਕਨ ਸਾਮਰਾਜਵਾਦ ਅਤੇ ਇਸ ਦੀ ਜੁੰਡਲੀ ਤੋਂ ਬਰਦਾਸ਼ਤ ਨਹੀ ਹੋਇਆ। ਅਮਰੀਕਾ ਨੇ ਕਿਊਬਾ ਉਪਰ 1962 ਤੋਂ ਗੰਭੀਰ ਆਰਥਕ ਪਾਬੰਦੀਆਂ ਠੋਸ ਦਿੱਤੀਆਂ, ਕਿਊਬਾ ਦੀ ਮਿਜ਼ਾਈਲ ਨਾਕਾਬੰਦੀ ਕਰਕੇ ਜੰਗੀ ਹਾਲਤ ਪੈਦਾ ਕਰ ਦਿੱਤੇ ਅਤੇ ਨਾਲ ਹੀ ਕਾਸਟਰੋ ਨੂੰ ਮਾਰਨ ਦੇ ਸਾਜਿਸ਼ਾਂ ਸ਼ੁਰੂ ਕਰ ਦਿੱਤੀਆਂ। ਕਾਸਟਰੋ ਨੂੰ ਮਾਰਨ ਦੇ ਸੀ ਆਈ ਏ ਵੱਲੋਂ 600 ਤੋਂ ਉਪਰ ਯਤਨ ਕੀਤੇ ਗਏ ਅਤੇ ਹਰ ਵਾਰ ਮਾਰ ਖਾਣੀ ਪਈ।

ਭਾਰਤ ਦੀ ਗੱਲ ਕਰੀਏ ਤਾਂ ਬਰਤਾਨਵੀ ਸਾਮਰਾਜ ਨੇ 1947 'ਚ ਭਾਰਤ ਦੀ ਵੰਡ ਜਾਤੀ 'ਤੇ ਅਧਾਰਤ ਪਾਕਿਸਤਾਨ ਅਤੇ ਹਿੰਦੋਸਤਾਨ ਵਿੱਚ ਕਰਕੇ ਦੋਨਾਂ ਦੇਸ਼ਾਂ ਨੂੰ ਇੱਕ-ਦੂਜੇ ਦੇ ਦੁਸ਼ਮਣ ਬਣਾ ਦਿੱਤਾ। ਪ੍ਰਸਿੱਧ ਕਾਲਮ ਨਵੀਸ ਕੁਲਦੀਪ ਨਈਅਰ ਨੇ ਆਪਣੀ ਕਿਤਾਬ 'ਭਗਤ ਸਿੰਘ ਦੇ ਇਨਕਲਾਬੀ ਤਜਰਬੇ' ਵਿੱਚ ਇੱਕ ਥਾਂ ਲਿਖਿਆ ਹੈ, 'ਉਸ ਨੂੰ ਇਸ ਗੱਲ ਦੀ ਸ਼ੰਕਾ ਸੀ ਕਿ ਕਾਂਗਰਸ ਦੀਆਂ ਨੀਤੀਆਂ ਕਾਰਨ ਦੇਸ਼ ਦੀ ਵੰਡ ਨਾ ਹੋ ਜਾਵੇ। ਉਸ ਦੀ ਸ਼ੰਕਾ ਜਾਇਜ਼ ਸੀ। 'ਨਈਅਰ ਨੇ ਇਸੇ ਕਿਤਾਬ ਵਿੱਚ ਲਿਖਿਆ ਹੈ, 'ਭਗਤ ਸਿੰਘ ਨੂੰ ਡਰ ਸੀ ਕਿ ਜੇ ਲਾਲਾ ਲਾਜਪਤ ਰਾਏ ਵਾਲਾ ਵੰਡ ਵਾਲਾ ਵਿਚਾਰ ਅਸਲੀਅਤ ਬਣ ਗਿਆ ਤਾਂ ਇਹ ਦੇਸ਼ ਲਈ ਤਬਾਹਕੁਨ ਹੋਵੇਗਾ। ਦੇਸ਼ ਵਿੱਚ ਖੂਨ-ਖਰਾਬਾ ਹੋਵੇਗਾ ਤੇ ਹਿੰਦੂਆਂ ਅਤੇ ਮੁਸਲਮਾਨਾਂ ਦੇ ਇਹ ਮੁਲਕ ਸਦੀਵੀ ਯੁੱਧ ਵਿੱਚ ਉਲਝੇ ਰਹਿਣਗੇ। ਉਨ੍ਹਾਂ ਦਾ ਸਾਰਾ ਧਿਆਨ ਤੇ ਸਾਧਨ ਇੱਕ-ਦੂਜੇ ਨਾਲ ਲੜਨ ਲਈ ਹਥਿਆਰ ਇਕੱਤਰ ਕਰਨ ਵੱਲ ਕੇਂਦ੍ਰਿਤ ਹੋਣਗੇ।'

ਇਸੇ ਕਿਤਾਬ ਵਿੱਚ ਅੱਗੇ ਲਿਖਿਆ ਹੈ ਕਿ ਭਗਤ ਸਿੰਘ ਨੇ ਇੱਕ ਵਾਰ ਆਪਣੀ ਮਾਂ ਨੂੰ ਲਿਖਿਆ ਸੀ, 'ਮਾਂ ਮੈਨੂੰ ਇਸ ਬਾਰੇ ਕੋਈ ਸ਼ੱਕ ਨਹੀਂ ਕਿ ਮੇਰਾ ਦੇਸ਼ ਇੱਕ ਦਿਨ ਸੁਤੰਤਰ ਹੋ ਜਾਵੇਗਾ, ਪਰ ਮੈਨੂੰ ਡਰ ਹੈ ਕਿ ਉਹ ਕੁਰਸੀਆਂ ਜਿਹੜੀਆਂ ਗੋਰੇ ਸਾਹਿਬ ਖਾਲੀ ਕਰਨਗੇ, ਉਹਨਾਂ 'ਤੇ ਕਾਲੇ ਬਾਬੂ ਬੈਠ ਜਾਣਗੇ, ਜੇ ਸਿਰਫ ਹਾਕਮ ਹੀ ਬਦਲੇ ਤਾਂ ਲੋਕਾਂ ਦੀ ਹਾਲਤ ਵਿੱਚ ਕੋਈ ਫ਼ਰਕ ਨਹੀਂ ਪਵੇਗਾ।' ਉਸ ਦਾ ਪੱਕਾ ਵਿਸ਼ਵਾਸ਼ ਸੀ ਕਿ ਰਾਜ-ਭਾਗ ਦੇ ਪੁਰਾਣੇ ਢਾਂਚੇ ਨੂੰ ਤਬਾਹ ਕੀਤੇ ਬਿਨਾਂ ਕੋਈ ਤਬਦੀਲੀ ਸੰਭਵ ਨਹੀ। ਉਸ ਅਨੁਸਾਰ ਸਮੁਚਾ ਢਾਂਚਾ ਹੀ ਵਿਕਾਸ ਦੇ ਰਾਹ ਵਿੱਚ ਰੋੜਾ ਹੈ।

ਭਾਰਤ ਅਤੇ ਪਾਕਿਸਤਾਨ 1949 ਤੋਂ ਲਗਾਤਾਰ ਇੱਕ ਦੂਜੇ ਪ੍ਰਤੀ ਸ਼ਾਂਤੀ ਕਾਇਮ ਕਰਨ ਦੀ ਬਜਾਏ ਯੁੱਧ ਨੀਤੀ ਅਪਣਾ ਰਹੇ ਹਨ। ਦਹਿਸ਼ਤਗਰਦਾਂ ਨੇ ਪਹਿਲਗਾਮ ਵਿਖੇ 22 ਅਪ੍ਰੈਲ ਨੂੰ 26 ਨਿਰਦੋਸ਼ ਸੈਲਾਨੀਆਂ ਨੂੰ ਮਾਰ ਦਿੱਤਾ ਅਤੇ 7 ਮਈ ਨੂੰ ਦੋਨਾਂ ਦੇਸ਼ਾਂ ਵਿਚਕਾਰ ਯੁੱਧ ਸ਼ੁਰੂ ਹੋ ਗਿਆ।

ਪਿਛਲੇ ਕੁਝ ਮਹੀਨਿਆਂ ਵਿੱਚ ਦੁਨੀਆ ਇੱਕ ਬਹੁਤ ਜ਼ਿਆਦਾ ਖ਼ਤਰਨਾਕ ਜਗ੍ਹਾ ਬਣ ਗਈ ਹੈ, ਕਿਉਂਕਿ ਬਾਲਕਨ, ਪੂਰੇ ਯੂਰਪ ਅਤੇ ਰੂਸ ਅਤੇ ਚੀਨ ਨਾਲ ਅਮਰੀਕਾ ਦੇ ਸੰਬੰਧਾਂ ਵਿੱਚ ਸਥਿਰਤਾ ਕਮਜ਼ੋਰ ਹੋ ਗਈ ਹੈ। ਅੰਤਰਰਾਸ਼ਟਰੀ ਪੱਧਰ 'ਤੇ ਹਾਕਮ ਵਰਗ ਆਪਣੇ ਫੌਜੀ ਵਿਕਲਪਾਂ ਦੀ ਮੁੜ ਜਾਂਚ ਕਰ ਰਹੇ ਹਨ ਅਤੇ ਇੱਕ ਨਵੀਂ ਹਥਿਆਰਾਂ ਦੀ ਦੌੜ 'ਤੇ ਬਹਿਸ ਕਰ ਰਹੇ ਹਨ।

ਇਸ ਤਰ੍ਹਾਂ ਨਵੀਂ ਪੀੜ੍ਹੀ ਲਈ ਪ੍ਰਮਾਣਿਕ ਸਾਮਰਾਜ ਵਿਰੋਧੀ ਪਰੰਪਰਾ, ਯੁੱਧ ਪ੍ਰਤੀ ਇਨਕਲਾਬੀ ਮਾਰਕਸਵਾਦੀ ਪਹੁੰਚ ਦੀ ਜਾਂਚ ਕਰਨਾ ਬਹੁਤ ਦੇਰ ਤੋਂ ਵਿਸ਼ਲੇਸ਼ਣ ਦੀ ਜਰੂਰਤ ਨਾਲ ਜੂਝ ਰਹੀ ਹੈ। ਪਿਛਲੇ ਸਮੇਂ ਦੀ ਸਿਧਾਂਤਕ ਵਿਰਾਸਤ ਨੂੰ ਮੁੜ ਹਾਸਲ ਕਰਨਾ ਪਵੇਗਾ, ਤਾਂ ਜੋ ਆਪਣੇ ਆਪ ਨੂੰ ਇੱਕ ਅਜਿਹੇ ਸਮੇਂ ਲਈ ਤਿਆਰ ਕੀਤਾ ਜਾ ਸਕੇ, ਜੋ ਪਿਛਲੀ ਚੌਥਾਈ ਸਦੀ ਵਰਗਾ ਨਹੀਂ ਹੋਵੇਗਾ। ਰਾਜਨੀਤਿਕ ਜੀਵਨ ਤਿੱਖਾ, ਵਧੇਰੇ ਤੀਬਰ ਅਤੇ ਵਧੇਰੇ ਲੜਾਕੂ ਹੋਵੇਗਾ, ਕਿਉਂਕਿ ਇਹ ਸਾਮਰਾਜਵਾਦੀ ਦੁਸ਼ਮਣੀ, ਫੌਜੀ ਅਤੇ ਕੂਟਨੀਤਕ ਤਣਾਅ ਅਤੇ ਸੰਭਾਵਿਤ ਨਵੀਆਂ ਜੰਗਾਂ ਦੇ ਜੀਵਨ ਅਤੇ ਮੌਤ ਦੇ ਸਵਾਲਾਂ ਨਾਲ ਨਜਿੱਠਦਾ ਹੈ।

ਸਮਾਜਵਾਦੀਆਂ ਨੇ ਹਮੇਸ਼ਾ ਕੌਮਾਂ ਵਿਚਕਾਰ ਜੰਗਾਂ ਨੂੰ ਵਹਿਸ਼ੀ ਅਤੇ ਬੇਰਹਿਮ ਕਰਾਰ ਦਿੱਤਾ ਹੈ। ਯੁੱਧ ਪ੍ਰਤੀ ਮਾਰਕਸਵਾਦੀਆਂ ਦਾ ਰਵੱਈਆ ਬੁਰਜੂਆ ਸ਼ਾਂਤੀਵਾਦੀਆਂ ਨਾਲੋਂ ਬੁਨਿਆਦੀ ਤੌਰ 'ਤੇ ਵੱਖਰਾ ਹੈ। ਇਸ ਵਿੱਚ ਜੰਗਾਂ ਅਤੇ ਇੱਕ ਦੇਸ਼ ਦੇ ਅੰਦਰ ਜਮਾਤੀ ਸੰਘਰਸ਼ ਵਿਚਕਾਰ ਅਟੱਲ ਸੰਬੰਧ ਨੂੰ ਸਮਝਦੇ ਹਨ। ਇਸ ਸਮਝ ਦੇ ਮੁਤਾਬਕ ਜੰਗਾਂ ਨੂੰ ਉਦੋਂ ਤੱਕ ਖਤਮ ਨਹੀਂ ਕੀਤਾ ਜਾ ਸਕਦਾ, ਜਦੋਂ ਤੱਕ ਜਮਾਤਾਂ ਨੂੰ ਖਤਮ ਨਹੀਂ ਕੀਤਾ ਜਾਂਦਾ ਅਤੇ ਸਮਾਜਵਾਦ ਨਹੀਂ ਲਿਆਇਆ ਜਾਂਦਾ।

ਇਸ ਵਿੱਚ ਵੀ ਭਿੰਨ ਹੁੰਦੇ ਹੋਏ ਘਰੇਲੂ ਯੁੱਧਾਂ ਭਾਵ ਇੱਕ ਦੱਬੇ-ਕੁਚਲੇ ਵਰਗ ਦੁਆਰਾ ਜ਼ਾਲਮ ਵਰਗ ਦੇ ਵਿਰੁੱਧ, ਗੁਲਾਮਾਂ ਦੁਆਰਾ ਗੁਲਾਮਾਂ ਦੇ ਵਿਰੁੱਧ, ਭੂਮੀਪਤੀਆਂ ਦੁਆਰਾ ਜ਼ਮੀਨ ਮਾਲਕਾਂ ਦੇ ਵਿਰੁੱਧ ਅਤੇ ਮਜ਼ਦੂਰ ਮਜ਼ਦੂਰਾਂ ਦੁਆਰਾ ਬੁਰਜੂਆਜ਼ੀ ਦੇ ਵਿਰੁੱਧ ਚਲਾਈਆਂ ਗਈਆਂ ਜੰਗਾਂ ਨੂੰ ਪੂਰੀ ਤਰ੍ਹਾਂ ਜਾਇਜ਼, ਪ੍ਰਗਤੀਸ਼ੀਲ ਅਤੇ ਜ਼ਰੂਰੀ ਸਮਝਿਆ ਜਾਂਦਾ ਹੈ। ਮਾਰਕਸਵਾਦੀ ਸ਼ਾਂਤੀਵਾਦੀਆਂ ਤੋਂ ਭਿੰਨ ਹਨ, ਇਸ ਵਿੱਚ ਮਾਰਕਸਵਾਦੀ ਹਰੇਕ ਯੁੱਧ ਦਾ ਇਤਿਹਾਸਕ ਤੌਰ 'ਤੇ (ਮਾਰਕਸ ਦੇ ਦਵੰਦਵਾਦੀ ਪਦਾਰਥਵਾਦ ਦੇ ਦ੍ਰਿਸ਼ਟੀਕੋਣ ਤੋਂ) ਅਤੇ ਵੱਖਰੇ ਤੌਰ 'ਤੇ ਅਧਿਐਨ ਕਰਨਾ ਜ਼ਰੂਰੀ ਸਮਝਦੇ ਹਨ। ਜੰਗ ਤਾਕਤ ਦੀ ਰਾਜਨੀਤੀ ਹੈ।' ਯੁੱਧ ਰਾਜਨੀਤੀ ਨੂੰ ਹੋਰ ਹਿੰਸਕ ਤਰੀਕਿਆਂ ਨਾਲ ਜਾਰੀ ਰੱਖਿਆ ਜਾਂਦਾ ਹੈ। ਸਾਮਰਾਜੀ ਯੁੱਧ ਦਾ ਵਿਰੋਧ ਇੱਕ ਪੂੰਜੀਵਾਦੀ ਪ੍ਰਣਾਲੀ ਦੇ ਵਿਰੁੱਧ ਸਮਾਜਵਾਦੀ ਮਾਮਲੇ ਵਿੱਚ ਸਭ ਤੋਂ ਮਜ਼ਬੂਤ ? ਦਲੀਲ ਹੈ ਜਿਸ ਦਾ ਸੜਨ ਬਿਨਾਂ ਕਿਸੇ ਅੰਤ ਦੀ ਭਿਆਨਕਤਾ ਪੈਦਾ ਕਰਦਾ ਹੈ।

ਉਹ ਯੁੱਧ, ਜੋ ਸਾਰੇ ਦੇਸ਼ਾਂ ਦੇ ਪੂੰਜੀਪਤੀ ਲੜ ਰਹੇ ਹਨ, ਇਹਨਾਂ ਪੂੰਜੀਪਤੀਆਂ ਦੇ ਵਿਰੁੱਧ ਮਜ਼ਦੂਰ ਇਨਕਲਾਬ ਤੋਂ ਬਿਨਾਂ ਖਤਮ ਨਹੀਂ ਹੋ ਸਕਦਾ। ਜਿੰਨਾ ਚਿਰ ਨਿਯੰਤਰਣ ਕੰਮ ਦੀ ਬਜਾਏ ਸਿਰਫ਼ 'ਵਾਕੰਸ਼' ਹੀ ਰਹਿੰਦਾ ਹੈ, ਜਿੰਨਾ ਚਿਰ ਪੂੰਜੀਪਤੀਆਂ ਦੀ ਸਰਕਾਰ ਨੂੰ ਇਨਕਲਾਬੀ ਪ੍ਰੋਲੇਤਾਰੀ ਦੀ ਸਰਕਾਰ ਦੁਆਰਾ ਨਹੀਂ ਬਦਲਿਆ ਜਾਂਦਾ। ਪੂੰਜੀਪਤੀ ਅਜੇ ਵੀ ਜੰਗ ਜਾਰੀ ਰੱਖ ਰਹੇ ਹਨ ਅਤੇ ਜਦੋਂ ਤੱਕ ਦੇਸ਼ਾਂ ਵਿੱਚ ਮਜ਼ਦੂਰ/ਪ੍ਰੋਲੇਤਾਰੀ ਇਨਕਲਾਬ ਨਹੀਂ ਹੁੰਦਾ, ਜੰਗ ਨੂੰ ਰੋਕਿਆ ਨਹੀਂ ਜਾ ਸਕਦਾ, ਕਿਉਂਕਿ ਉਹ ਲੋਕ ਜੋ ਜੰਗ ਚਾਹੁੰਦੇ ਹਨ, ਉਹ ਅਜੇ ਵੀ ਸੱਤਾ ਵਿੱਚ ਹਨ।

***# ਸੰਪਰਕ : 98550-04500***

# ਦੇਸ਼ ਦੀ ਤਰੱਕੀ ਲਈ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਓ

ਪ੍ਰਮੋਦ ਧੀਰ

ਨੌਜਵਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਅੱਜ ਨਸ਼ਾਖੋਰੀ ਦੇ ਵਧਦੇ ਰੁਝਾਨ ਵੱਲ ਨਿਗਾਹ ਮਾਰੀ ਜਾਵੇ ਤਾਂ ਨੌਜਵਾਨ ਨਸ਼ਾਖੋਰੀ ਦੀ ਭਿਆਨਕ ਬੁਰਾਈ ਤੋਂ ਗ੍ਰਸਤ ਹਨ। ਪੁਰਾਣੀਆਂ ਕਹਾਣੀਆਂ ਅਨੁਸਾਰ ਨਸ਼ੇ ਸ਼ੈਤਾਨ ਦੀ ਦੇਣ ਹਨ। ਚਿੱਟੇ 'ਤੇ ਹੋਰ ਸਾਰੇ ਤਰ੍ਹਾਂ ਦੇ ਨਸ਼ਿਆਂ ਖਿਲਾਫ ਛੇੜੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਸ਼ਰਾਬ, ਬੀਅਰ ਤੋਂ ਇਲਾਵਾ ਚਿੱਟੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਦਾ ਵਧਦਾ ਰੁਝਾਨ ਚਿੰਤਾ ਦਾ ਵਿਸ਼ਾ ਹੈ। ਅੱਜ ਦੀ ਜਵਾਨੀ ਜਿਵੇਂ ਕਿਵੇਂ ਕਹਿ ਲਵੋ ਚਿੱਟੇ ਦੀ ਲਪੇਟ ਵਿੱਚ ਆ ਰਹੀ ਹੈ। ਇਸ ਚਿੱਟੇ ਨੇ ਪਿਛਲੇ ਕਈ ਵਰਿਆ ਤੋਂ ਪੰਜਾਬ ਵਿੱਚ ਵੀ ਆਪਣੇ ਪੈਰ ਪਸਾਰ ਲਏ ਹਨ। ਇਸ ਚਿੱਟੇ ਨੇ ਕਈ ਮਾਵਾਂ ਤੇ ਪੁੱਤ ਖੋ ਲਏ ਹਨ। ਬੜਾ ਦੁੱਖ ਹੁੰਦਾ ਹੈ ਸੁਣ ਕੇ ਕਿ ਅੱਜਕੱਲ੍ਹ ਕਈ ਕੁੜੀਆਂ ਵੀ ਨਸ਼ੇ ਦੀਆਂ ਆਦਿ ਬਣ ਚੁੱਕੀਆਂ ਹਨ। ਪੁਰਾਣੇ ਸਮਿਆਂ ਵਿੱਚ ਕੋਈ ਬੇਈਮਾਨ ਆਦਮੀ ਆਪਣੇ ਵਿਰੋਧੀ ਨੂੰ ਕਮਜ਼ੋਰ ਕਰਨ ਲਈ ਉਸ ਦੇ ਬੱਚਿਆਂ ਨੂੰ ਧੋਖੇ ਨਾਲ ਅਫੀਮ ਦੇ ਕੇ ਅਮਲੀ ਬਣਾ ਕੇ ਵੈਰ ਕਮਾਉਂਦਾ ਸੀ ਅੱਜ ਦੀ ਨੌਜਵਾਨ ਪੀੜ੍ਹੀ ਖੁਦ ਹੀ ਮਾੜੀ ਸੰਗਤ ਸਦਕਾ ਨਸ਼ਿਆਂ ਦੀ ਟਾਂਣ ਬਣਦੀ ਜਾ ਰਹੀ ਹੈ। ਕਈ ਤਾਂ ਚਿੱਟਾ, ਮਹਿੰਗੀ ਸ਼ਰਾਬ, ਨਸ਼ੇ ਦੀਆਂ ਦਵਾਈਆਂ,ਚਰਸ, ਹੇਰੋਇਨ, ਸਿਗਰਟਾਂ, ਹੁੱਕੇ ਆਦਿ ਨਾਲ ਨਸ਼ੇ ਕਰਨਾ ਆਪਣਾ ਉੱਚਾ ਸਟੇਟਸ ਮੰਨਣ ਲੱਗ ਪਏ ਹਨ।

ਮੇਰੀ ਦੇਸ਼ ਦੇ ਨੌਜਵਾਨ ਵੀਰਾਂ ਤੇ ਭੈਣਾਂ ਨੂੰ ਅਪੀਲ ਹੈ ਕਿ ਸੰਭਲ ਜਾਓ, ਇਸ ਨਾਲ ਨਸ਼ਾ ਵੇਚਣ ਵਾਲਿਆਂ ਦਾ, ਨਸ਼ਾ ਵਿਕਾਉਣ ਵਾਲਿਆਂ ਦਾ ਤੇ ਸਮੇਂ ਦੇ ਹਾਕਮਾਂ ਦਾ ਕੋਈ ਨੁਕਸਾਨ ਨਹੀਂ, ਸਗੋਂ ਪੂਰਾ ਨੁਕਸਾਨ ਤੁਹਾਡਾ ਅਤੇ ਤੁਹਾਡੇ ਪਰਵਾਰ ਦਾ ਹੈ। ਨਸ਼ਾ ਤੁਹਾਡੀ ਪ੍ਰਾਪਰਟੀ ਵਿਕਾ ਦਿੰਦਾ ਹੈ । ਤੁਹਾਡੀ ਜ਼ਿੰਦਗੀ ਖਰਾਬ ਕਰਦਾ ਹੈ ਤੇ ਨਾਲ-ਨਾਲ ਤੁਹਾਡੀ ਬਣੀ ਬਣਾਈ ਇੱਜ਼ਤ ਵੀ ਮਿੱਟੀ ਵਿੱਚ ਮਿਲਾ ਦਿੰਦਾ ਹੈ ਤੇ ਫਿਰ ਇੱਕ ਐਸਾ ਦਿਨ ਆ ਜਾਂਦਾ ਹੈ ਕਿ ਇਹੀ ਨਸ਼ਾ ਬੰਦੇ ਨੂੰ ਮੌਤ ਦੇ ਮੂੰਹ ਵਿੱਚ ਲੈ ਜਾਂਦਾ ਹੈ।

ਭਾਰਤ ਦੇ ਗੁਜਰਾਤ ਰਾਜ ਵਾਂਗ ਸਾਰੇ ਰਾਜਾਂ ਵਿੱਚ ਸ਼ਰਾਬ, ਚਿੱਟਾ ਆਦਿ ਨਸ਼ੇ ਬੰਦ ਹੋਣੇ ਚਾਹੀਦੇ ਹਨ। ਸਾਡੀ ਜੀਵਨ ਸ਼ੈਲੀ ਤੇ ਬੱਚਿਆਂ ਦੇ ਪਾਲਣ-ਪੋਸ਼ਣ 'ਚ ਹੀ ਕੁਝ ਅਜਿਹੀਆਂ ਕਮੀਆਂ ਹਨ, ਜੋ ਉਨ੍ਹਾਂ 'ਚ ਨਸ਼ਾਖੋਰੀ ਦੇ ਰੁਝਾਨ ਵਧਣ ਦੀ ਵਜ੍ਹਾ ਬਣ ਰਹੀਆਂ ਹਨ, ਜਿਵੇਂ ਸਾਡੇ ਸਮਾਜ 'ਚ ਪ੍ਰਾਹੁਣਿਆਂ ਦਾ ਆਦਰ-ਸਤਿਕਾਰ ਹੁੰਦਾ ਹੈ ਅਤੇ ਜ਼ਿਆਦਾਤਰ ਲੋਕ ਪ੍ਰਾਹੁਣਿਆਂ ਦੀ ਸਭ ਤੋਂ ਵੱਡੀ ਸੇਵਾ ਸ਼ਰਾਬ ਆਦਿ ਪਿਆਉਣ ਨੂੰ ਮੰਨਦੇ ਹਨ। ਘਰ ਵਿੱਚ ਕੋਈ ਵੀ ਖੁਸ਼ੀ ਦਾ ਮੌਕਾ ਹੋਵੇ ਤਾਂ ਵੀ ਸ਼ਰਾਬ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ, ਹੌਲੀ-ਹੌਲੀ ਬੱਚੇ ਦੇ ਦਿਮਾਗ 'ਚ ਇਹ ਗੱਲ ਘਰ ਕਰ ਜਾਂਦੀ ਹੈ ਕਿ ਸ਼ਰਾਬ ਖਾਸ ਰਿਸ਼ਤੇਦਾਰਾਂ ਦੀ ਸੇਵਾ ਲਈ ਹੀ ਵਰਤੀ ਜਾਣ ਕਰਕੇ ਖਾਸ ਚੀਜ਼ ਹੈ ਤੇ ਉਹ ਸ਼ਰਾਬ ਪੀਣ ਦੀ ਇੱਛਾ ਤੇ ਆਦਤ ਪਾਲ ਲੈਂਦੇ ਹਨ ਜਾਂ ਕਈ ਲੋਕ ਮਜ਼ਾਕ 'ਚ ਹੀ ਬੱਚਿਆਂ ਨੂੰ ਨਸ਼ਾ ਕਰਵਾ ਦਿੰਦੇ ਹਨ ਤੇ ਇਹ ਮਜ਼ਾਕ ਹੌਲੀ-ਹੌਲੀ ਬੱਚੇ ਦਾ ਸ਼ੌਕ ਤੇ ਆਦਤ ਬਣ ਜਾਂਦਾ ਹੈ । ਬੱਚੇ ਨਸ਼ਾ ਕਰਨਾ ਘਰੋਂ ਹੀ ਸਿੱਖ ਜਾਂਦੇ ਹਨ, ਜੋ ਕਿ ਸਮਾਜ ਲਈ ਬਹੁਤ ਹੀ ਨੁਕਸਾਨਦੇਹ ਹੈ, ਜਿਸ ਦਾ ਨਤੀਜਾ ਅੱਜ ਅਸੀਂ ਅਜੋਕੇ ਸਮਾਜ ਵਿੱਚ ਭਲੀ-ਭਾਂਤ ਦੇਖ ਸਕਦੇ ਹਾਂ। ਦਿੱਲੀ ਦੇ ਏਮਜ਼ ਹਸਪਤਾਲ ਦੇ ਇਕ ਐੱਨ ਜੀ ਓ 'ਸੋਸਾਇਟੀ ਫਾਰ ਪ੍ਰਮੋਸ਼ਨ ਆਫ ਯੂਥ ਐਂਡ ਮਾਸਿਜ਼' ਦੇ ਸਹਿਯੋਗ ਨਾਲ ਪੰਜਾਬ ਵਿੱਚ ਨਸ਼ਿਆਂ ਬਾਰੇ ਇਕ ਸਰਵੇਖਣ ਕਰਵਾਇਆ ਗਿਆ, ਜਿਸ ਦੀ ਰਿਪੋਰਟ ਅਨੁਸਾਰ ਪੰਜਾਬ ਵਿੱਚ ਹਰ ਸਾਲ 7500 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਵਿਕਦੇ ਹਨ। ਪ੍ਰਮੁੱਖ ਉਦਯੋਗਿਕ ਦੇਸ਼ਾਂ ਦੇ ਆਰਥਕ ਸਹਿਯੋਗ ਅਤੇ ਵਿਕਾਸ ਸੰਗਠਨ ਦੀ ਰਿਪੋਰਟ ਅਨੁਸਾਰ ਦੁਨੀਆਂ ਵਿੱਚ ਟੀ ਬੀ, ਹਿੰਸਾ ਅਤੇ ਏਡਜ਼ ਨਾਲ ਹੋਣ ਵਾਲੀਆਂ ਮੌਤਾਂ ਤੋਂ ਵੀ ਜ਼ਿਆਦਾ ਮੌਤਾਂ ਸ਼ਰਾਬ ਕਰਕੇ ਹੁੰਦੀਆਂ ਹਨ। ਦੁਨੀਆਂ ਵਿੱਚ ਸਮੇਂ ਤੋਂ ਪਹਿਲਾਂ ਹੋਣ ਵਾਲੀਆਂ ਮੌਤਾਂ ਦੇ ਕਾਰਨਾਂ ਵਿੱਚ ਸ਼ਰਾਬ 5ਵਾਂ ਸਭ ਤੋਂ ਵੱਡਾ ਕਾਰਨ ਹੈ। ਸੰਨ 2000 ਤੋਂ ਬਾਅਦ ਪੂਰੀ ਦੁਨੀਆ ਵਿੱਚ ਮੁੰਡਿਆਂ-ਕੁੜੀਆਂ ਵਿੱਚ ਸ਼ਰਾਬ ਪੀਣ ਦਾ ਰੁਝਾਨ ਜ਼ਿਆਦਾ ਵਧਿਆ ਹੈ। ਨਸ਼ਿਆਂ ਕਰਕੇ ਲੱਖਾਂ ਘਰ ਉੱਜੜ ਗਏ, ਨਸ਼ਈਆਂ ਨੇ ਪਤਨੀਆਂ ਅਤੇ ਮਾਪਿਆਂ ਦੇ ਕਤਲ ਕਰ ਦਿੱਤੇ , ਨਸ਼ਿਆਂ ਕਾਰਨ ਬਹੁਤੇ ਲੜਕੇ ਗ੍ਰਹਿਸਥ ਜੀਵਨ ਦੇ ਕਾਬਲ ਨਹੀਂ ਰਹੇ, ਤਲਾਕ ਹੋ ਰਹੇ ਹਨੇ।

ਸਮਾਜ ਅਤੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਦੀ ਪਰਵਰਿਸ਼ ਦਾ ਖਾਸ ਧਿਆਨ ਰੱਖਣ, ਉਨ੍ਹਾਂ ਨੂੰ ਵੱਧ ਤੋਂ ਵੱਧ ਸਮਾਂ ਦੇਣ, ਉਨ੍ਹਾਂ ਦੇ ਦੋਸਤਾਂ-ਮਿੱਤਰਾਂ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਰੱਖਣ, ਹੋਸਟਲਾਂ ਵਿੱਚ ਰਹਿੰਦੇ ਲੜਕੇ-ਲੜਕੀਆਂ ਦੀ ਨਿਗਰਾਨੀ ਹੋਵੇ, ਖੁਦ ਨਸ਼ਿਆਂ ਦੀ ਆਦਤ ਦਾ ਤਿਆਗ ਕਰਨ, ਬੱਚਿਆਂ ਦੇ ਖਰਚੇ ਬਾਰੇ ਜਾਣਕਾਰੀ ਰੱਖਣ। ਨਸ਼ਿਆਂ ਦੇ ਹੜ੍ਹ ਨੂੰ ਰੋਕਣ ਲਈ ਸਾਨੂੰ ਆਪਣੇ ਪੱਧਰ 'ਤੇ ਸ਼ੁਰੂਆਤ ਕਰਨੀ ਪਵੇਗੀ, ਸਿਰਫ ਸਰਕਾਰਾਂ ਤੇ ਡਾਕਟਰੀ ਇਲਾਜ 'ਤੇ ਹੀ ਨਿਰਭਰ ਨਹੀਂ ਰਹਿਣਾ ਚਾਹੀਦਾ।

ਇਸ ਸਮੇਂ ਪੰਜਾਬ ਸਰਕਾਰ ਵੱਲੋਂ ਨਸ਼ਾ ਰੋਕਣ ਦੀ ਮੁਹਿੰਮ ਵੀ ਚਲਾਈ ਗਈ ਹੈ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 31 ਮਈ ਤੱਕ ਪੰਜਾਬ ਪੁਲਸ ਨੂੰ ਪੰਜਾਬ ਵਿਚੋਂ ਨਸ਼ਾ ਵੇਚਨ ਵਾਲਿਆਂ ਖਿਲਾਫ਼ ਸਖਤ ਕਾਰਵਾਈ ਕਰਕੇ ਨਸ਼ਾ ਖਤਮ ਕਰਨ ਦੀ ਜੋ ਮੁਹਿੰਮ ਚਲਾਈ ਹੈ, ਇਸ ਦੀ ਭਰਪੂਰ ਸ਼ਲਾਘਾ ਕਰਨੀ ਚਾਹੀਦੀ ਹੈ ਤੇ ਸਾਨੂੰ ਸਭ ਨੂੰ ਨਸ਼ੇ ਵੇਚਣ ਵਾਲੇ ਸੌਦਾਗਰਾਂ ਦੇ ਖਿਲਾਫ਼ ਚਲਾਈ ਮੁਹਿੰਮ ਵਿੱਚ ਪੁਲਸ ਨੂੰ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ।

ਫਿਕਰਮੰਦ ਲੋਕਾਂ ਨੇ ਇਕੱਠੇ ਹੋ ਕੇ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਨਸ਼ੇ ਦੇ ਸੌਦਾਗਰਾਂ ਵਿਰੁੱਧ ਹੰਭਲਾ ਨਾ ਮਾਰਿਆ ਤਾਂ ਆਉਣ ਵਾਲੀ ਪੀੜ੍ਹੀ ਬੇਹੱਦ ਕਮਜ਼ੋਰ, ਆਲਸੀ ਅਤੇ ਮਨੋਰੋਗੀ ਹੋਵੇਗੀ। ਦੇਸ਼ ਦੀ ਤਰੱਕੀ ਅਗਰ ਚਾਹੁੰਦੇ ਹੋ ਤਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉ। ਆਓ, ਅਸੀਂ ਵਾਅਦਾ ਕਰੀਏ ਕਿ ਅਸੀਂ ਖੁਦ ਤਾਂ ਚਿੱਟੇ ਆਦਿ ਨਸ਼ਿਆਂ ਤੋਂ ਬਚਾਂਗੇ ਹੀ, ਨਾਲ ਹੀ ਆਉਣ ਵਾਲੀ ਪੀੜ੍ਹੀ ਤੇ ਹੋਰਨਾਂ ਨੂੰ ਵੀ ਇਸ ਤੋਂ ਬਚਾਉਣ ਤੇ ਯਤਨ ਕਰਾਂਗੇ।

***# ਸੰਪਰਕ : 98550-31081***

# ਬਹੁਤ ਸਾਰੇ ਸਵਾਲ ਛੱਡ ਗਈ ਜੰਗਬੰਦੀ



ਹਰਜਿੰਦਰ ਸਿੰਘ ਗੁਲਪੁਰ

ਇਹ ਪਹਿਲੀ ਵਾਰ ਹੋਇਆ ਹੈ ਕਿ ਭਾਰਤ-ਪਾਕਿਸਤਾਨ ਦਰਮਿਆਨ ਦੋਹਾਂ ਦੇਸ਼ਾਂ ਦੇ ਮੇਨ ਸਟਰੀਮ ਮੀਡੀਆ ਅਤੇ ਸੋਸ਼ਲ ਮੀਡੀਆ ਦੇ ਇੱਕ ਹਿੱਸੇ ਉਤੇ ਜੰਗ ਲੱਗ ਕੇ ਮਹਿਜ਼ ਚਾਰ ਦਿਨ ਚੱਲਣ ਤੋਂ ਬਾਅਦ ਖਤਮ ਹੋ ਗਈ ਹੈ । ਇਸ ਦੌਰਾਨ ਕੁੱਝ ਸੁਹਿਰਦ ਸਾਬਕਾ ਜਰਨੈਲਾਂ ਅਤੇ ਜੰਗਾਂ ਨੂੰ ਕਵਰ ਵਾਲੇ ਖੋਜੀ ਪੱਤਰਕਾਰਾਂ ਨੇ ਵਾਰ-ਵਾਰ ਦਾਅਵਾ ਕੀਤਾ ਸੀ ਕਿ ਦੋਹਾਂ ਦੇਸ਼ਾਂ ਦਰਮਿਆਨ ਜੰਗ ਨਹੀ ਲੱਗੇਗੀ । ਉਹਨਾਂ ਦਾ ਤਰਕ ਸੀ ਕਿ ਨਾ ਤਾਂ ਦੋਹਾਂ ਦੇਸ਼ਾਂ ਦੀ ਆਰਥਿਕ ਹਾਲਤ ਇਸ ਦੀ ਇਜਾਜ਼ਤ ਦਿੰਦੀ ਹੈ ਅਤੇ ਨਾ ਹੀ ਕਿਸੇ ਵੱਡੀ ਤਾਕਤ ਨੂੰ ਇਸ ਜੰਗ ਦਾ ਫਾਇਦਾ ਹੈ । ਸਾਰੀ ਦੁਨੀਆ ਟਰੇਡ ਵਾਰ ਵਿੱਚ ਉਲਝੀ ਹੋਈ ਹੈ । ਇਸ ਦੇ ਬਾਵਯੂਦ ਦੋਵੇਂ ਦੇਸ਼ ਦਾਅਵਾ ਕਰ ਰਹੇ ਹਨ ਕਿ ਉਹਨਾਂ ਆਪੋ-ਆਪਣੇ ਮਕਸਦ ਪੂਰੇ ਕਰ ਲਏ ਹਨ । ਦੋਵੇਂ ਦੇਸ਼ ਆਪੋ-ਆਪਣੀ ਜਿੱਤ ਦਾ ਦਾਅਵਾ ਕਰ ਰਹੇ ਹਨ । ਫੇਰ ਵੀ ਇਸ ਅੱਧੀ ਅਧੂਰੀ ਜੰਗਬੰਦੀ ਨਾਲ ਦੋਹਾਂ ਦੇਸ਼ਾਂ ਦਾ ਅਵਾਮ ਸੁੱਖ ਦਾ ਸਾਹ ਲਵੇਗਾ ਅਤੇ ਜੰਗ ਦੀ ਉਡੀਕ ਕਰਨ ਵਾਲਿਆਂ ਦੇ ਪੱਲੇ ਨਿਰਾਸ਼ਾ ਪਵੇਗੀ । ਇਸ ਨਿਹੱਕੀ ਜੰਗ ਦੌਰਾਨ ਜਿਹੜਾ ਜਾਨੀ ਅਤੇ ਮਾਲੀ ਨੁਕਸਾਨ ਹੋਇਆ, ਉਸ ਦੀ ਭਰਪਾਈ ਨਹੀਂ ਹੋਣੀ । ਭਾਰਤ ਸਰਕਾਰ ਦੋਚਿੱਤੀ ਵਿੱਚ ਫਸੀ ਹੋਈ ਸੀ । ਪੀ ਐੱਮ ਮੋਦੀ ਵਿਦੇਸ਼ ਦੌਰਾ ਛੱਡ ਕੇ ਵਾਪਸ ਆ ਗਏ ਸਨ । ਉਹਨਾਂ ਦਿੱਲੀ ਦੇ ਹਵਾਈ ਅੱਡੇ ਉੱਤੇ ਹੀ ਮੰਤਰੀ ਮੰਡਲ ਦੀ ਮੀਟਿੰਗ ਬੁਲਾ ਲਈ । ਇਸ ਨਾਲ ਦੇਸ਼ ਨੂੰ ਸੁਨੇਹਾ ਮਿਲ ਗਿਆ ਕਿ ਹੁਣ ਪਾਕਿਸਤਾਨ ਦੀ ਖੈਰ ਨਹੀਂ ।

ਉੱਥੋਂ ਉਹ ਸਿੱਧੇ ਚੋਣ ਰੈਲੀ ਨੂੰ ਸੰਬੋਧਨ ਕਰਨ ਲਈ ਬਿਹਾਰ ਪਹੁੰਚ ਗਏ । ਉੱਥੇ ਉਹਨਾਂ ਪਾਕਿਸਤਾਨ ਦਾ ਨਾਂਅ ਲਏ ਬਗੈਰ ਅੱਤਵਾਦੀਆਂ ਅਤੇ ਉਹਨਾਂ ਦੇ ਪਾਲਣਹਾਰਿਆਂ ਨੂੰ ਮਿੱਟੀ ਵਿੱਚ ਮਿਲਾਉਣ ਦਾ ਐਲਾਨ ਕੀਤਾ । ਇਸ ਤੋਂ ਬਾਅਦ ਚੀਫ ਆਫ ਸਟਾਫ ਸਮੇਤ ਤਿੰਨਾਂ ਫੌਜਾਂ ਦੇ ਮੁਖੀਆਂ ਨਾਲ ਮੀਟਿੰਗ ਦਰ ਮੀਟਿੰਗ ਦਾ ਸਿਲਸਿਲਾ ਸ਼ੁਰੂ ਹੋ ਗਿਆ । ਅਚਾਨਕ ਇੱਕ ਦਿਨ ਪੀ ਐੱਮ ਨੇ ਲੋਕਾਂ ਦੀ ਉਮੀਦ ਤੋਂ ਉਲਟ ਬਿਆਨ ਦਿੱਤਾ ਕਿ ਦੇਸ਼ ਵਿੱਚ ਜਾਤੀ ਜਨਗਣਨਾ ਕਰਵਾਈ ਜਾਵੇਗੀ । ਲੋਕ ਪੀ ਐੱਮ ਦੇ ਇਸ ਐਲਾਨ ਦਾ ਮਖੌਲ ਉਡਾਉਣ ਲੱਗ ਪਏ । ਜਨਤਾ ਦਾ ਦਬਾਅ ਹੋਰ ਵਧ ਗਿਆ । ਅਖੀਰ ਪੰਦਰਾਂ ਦਿਨਾਂ ਬਾਅਦ ਸੱਤ ਮਈ ਨੂੰ ਤਕਰੀਬਨ ਇੱਕ ਵਜੇ ਭਾਰਤੀ ਏਅਰ ਫੋਰਸ ਨੇ ਪਾਕਿਸਤਾਨ ਦੇ ਨੌਂ ਅੱਤਵਾਦੀ ਟਿਕਾਣਿਆਂ 'ਤੇ ਬਿਨਾਂ ਇੰਡੋ-ਪਾਕ ਸਰਹੱਦ ਦੀ ਖਿਲਾਫਵਰਜੀ ਕੀਤੇ ਏਅਰ ਸਟਰਾਈਕ ਕਰ ਦਿੱਤੀ । ਇਸ ਦੌਰਾਨ ਕੁਝ ਲੋਕ ਮਾਰੇ ਗਏ, ਜਿਹਨਾਂ ਵਿੱਚ ਅਜ਼ਹਰ ਮਸੂਦ ਦੇ ਕੁਝ ਨੇੜਲੇ ਲੋਕ ਵੀ ਮਾਰੇ ਗਏ । ਟਾਰਗਿਟ ਕੀਤੇ ਗਏ ਇਹਨਾਂ ਟਿਕਾਣਿਆਂ ਵਿੱਚ ਪੰਜ ਪੀ ਓ ਕੇ ਵਿੱਚ ਸਨ ਅਤੇ ਚਾਰ ਇਸ ਖਿੱਤੇ ਤੋਂ ਬਾਹਰ ਸਨ । ਇਸ ਦੇ ਜਵਾਬ ਵਿਚ ਪਾਕਿਸਤਾਨ ਆਰਮੀ ਵੱਲੋਂ ਕਸਮੀਰ ਤੋਂ ਲੈ ਕੇ ਗੁਜਰਾਤ ਤੱਕ ਡਰੋਨ ਅਤੇ ਮਿਜ਼ਾਇਲ ਹਮਲੇ ਕੀਤੇ ਗਏ । ਭਾਰਤੀ ਫੌਜ ਅਨੁਸਾਰ ਇਹਨਾਂ ਡਰੋਨਾਂ ਅਤੇ ਮਿਜ਼ਾਇਲਾਂ ਨੂੰ ਧਰਤੀ 'ਤੇ ਡਿੱਗਣ ਤੋਂ ਪਹਿਲਾਂ ਹੀ ਰੂਸ ਨਿਰਮਾਣਤ ਡਿਫੈਂਸ ਸਿਸਟਮ ਐਸ 400 ਦੀ ਮਦਦ ਨਾਲ ਨਸ਼ਟ ਕਰ ਦਿੱਤਾ ਗਿਆ । ਪਾਕਿਸਤਾਨ ਨੇ ਕਿਹਾ ਕਿ ਅਸੀਂ ਭਾਰਤ ਦੇ ਤਿੰਨ ਲੜਾਕੂ ਜਹਾਜ਼ ਤਬਾਹ ਕਰ ਦਿੱਤੇ ਹਨ । ਇਹਨਾਂ ਹਮਲਿਆਂ ਤੋਂ ਬਾਅਦ ਦੋਹਾਂ ਦੇਸ਼ਾਂ ਦੇ ਮੀਡੀਆ ਨੇ ਇੱਕ ਤਰ੍ਹਾਂ ਨਾਲ ਜੰਗ ਦਾ ਐਲਾਨ ਕਰ ਦਿੱਤਾ। ਦੋਹਾਂ ਦੇਸ਼ਾਂ ਵਿੱਚ ਸਥਿਤ ਮੀਡੀਆ ਦੇ ਇੱਕ ਵੱਡੇ ਹਿੱਸੇ ਨੇ ਜੰਗੀ ਉਨਮਾਦ ਫੈਲਾਉਣਾ ਸ਼ੁਰੂ ਕਰ ਦਿੱਤਾ । ਲੋਕ ਪਰੇਸ਼ਾਨ ਹੋ ਗਏ ਕਿ ਕਿਸ ਦੀ ਮੰਨੀਏ ਕਿਸ ਦੀ ਨਾ ਮੰਨੀਏ । ਦੋਵੇਂ ਧਿਰਾਂ ਖੁਸ਼ ਸਨ ਕਿ ਉਹ ਆਪਣੇ ਦੇਸ਼ ਵਾਸੀਆਂ ਸਾਹਮਣੇ ਸੱਚੇ ਹੋ ਗਏ ਹਨ। ਇੱਕ ਪਾਕਿਸਤਾਨੀ ਯੂਟਿਊਬਰ ਅਨੁਸਾਰ ਟਰੰਪ ਨੇ ਕਿਹਾ ਹੈ ਕਿ ਚਲੋ ਟਿੱਟ ਫਾਰ ਟੈਟ ਹੋ ਗਿਆ ਹੈ, ਹੁਣ ਬੱਸ ਕਰੋ । ਪਾਕਿਸਤਾਨ ਦਾ ਤਾਂ ਪਤਾ ਨਹੀਂ, ਪਰ ਭਾਰਤ ਦੀ ਸਰਕਾਰ ਨੇ ਛੱਬੀ ਅਪ੍ਰੈਲ ਨੂੰ ਪੱਤਰ ਲਿਖ ਕੇ ਮੀਡੀਆ ਲਈ ਨੌਰਮ ਤਹਿ ਕੀਤੇ ਸਨ । ਮੇਨ ਸਟਰੀਮ ਮੀਡੀਆ ਨੇ ਇਸ ਚਿੱਠੀ ਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤਾ । ਉਸ ਨੇ ਇਹੋ ਜਿਹੀਆਂ ਖਬਰਾਂ ਨਸ਼ਰ ਕੀਤੀਆਂ, ਜਿਹੜੀਆਂ ਜ਼ਮੀਨੀ ਹਕੀਕਤਾਂ ਤੋਂ ਕੋਹਾਂ ਦੂਰ ਸਨ । ਰੱਖਿਆ ਮੰਤਰਾਲੇ ਨੂੰ ਇਸ ਤਰ੍ਹਾਂ ਦੇ ਮੀਡੀਆ ਦਾ ਸਖਤ ਨੋਟਿਸ ਲੈ ਕੇ ਨਵੀ ਐਡਵਾਇਜ਼ਰੀ ਜਾਰੀ ਕਰਨੀ ਪਈ । ਇਸ ਅਨੁਸਾਰ ਕਿਸੇ ਵੀ ਸੈਨਿਕ ਗਤੀਵਿਧੀ ਨੂੰ ਕਿਸੇ ਵੀ ਭਾਰਤੀ ਚੈਨਲ 'ਤੇ ਲਾਈਵ ਨਹੀਂ ਦਿਖਾਇਆ ਜਾ ਸਕੇਗਾ । ਜਾਣਕਾਰੀ ਅਨੁਸਾਰ ਅਜਿਹੇ ਚੈਨਲਾਂ ਵੱਲੋਂ ਮੁਆਫੀ ਵੀ ਮੰਗੀ ਗਈ ਹੈ । ਹੈਰਾਨੀ ਉਦੋਂ ਹੋਈ, ਜਦੋਂ ਭਾਰਤ-ਪਾਕਿਸਤਾਨ ਦਰਮਿਆਨ ਚਾਰ ਦਿਨ ਚੱਲੀ ਜੰਗ ਦੀ ਜੰਗਬੰਦੀ ਦਾ ਐਲਾਨ ਡੋਨਾਲਡ ਟਰੰਪ ਨੇ ਅਮਰੀਕਾ ਤੋ ਕਰਿਆ ? ਭਾਰਤ ਦੀ ਉਹ ਨੀਤੀ ਕਿੱਧਰ ਗਈ, ਜਿਸ ਅਨੁਸਾਰ ਦੋਹਾਂ ਦੇਸ਼ਾਂ ਦਰਮਿਆਨ ਕਿਸੇ ਤੀਜੀ ਧਿਰ ਨੂੰ ਹਮੇਸ਼ਾ ਰੱਦ ਕੀਤਾ ਜਾਂਦਾ ਰਿਹਾ ਹੈ ।

ਅਮਨਪਸੰਦ ਲੋਕਾਂ ਵੱਲੋਂ ਜੰਗਬੰਦੀ ਦਾ ਸਵਾਗਤ ਕਰਨਾ ਬਣਦਾ ਹੈ, ਪਰ ਇਸ ਦੇ ਨਾਲ ਬਹੁਤ ਸਾਰੇ ਸਵਾਲ ਉੱਠ ਖੜ੍ਹੇ ਹਨ, ਜਿਹਨਾਂ ਦਾ ਜਵਾਬ ਮੋਦੀ ਸਰਕਾਰ ਨੂੰ ਦੇਣਾ ਪਵੇਗਾ । 1971 ਦੀ ਜੰਗ ਤੋਂ ਬਾਅਦ ਪਾਕਿਸਤਾਨ ਦੀ ਫੌਜ ਦੇ 90 ਹਜ਼ਾਰ ਫੌਜੀਆਂ ਨੂੰ ਛੱਡਣ ਸਮੇ ਸਮਝੌਤਾ ਹੋਇਆ ਸੀ ਕਿ ਭਾਰਤ-ਪਾਕਿਸਤਾਨ ਦਰਮਿਆਨ ਹੋਣ ਵਾਲੇ ਕਿਸੇ ਵੀ ਝਗੜੇ ਵਿਚ ਕਿਸੇ ਤੀਜੀ ਧਿਰ ਨੂੰ ਦਖਲ ਨਹੀ ਦੇਣ ਦਿੱਤਾ ਜਾਵੇਗਾ । ਜੰਗ ਸ਼ੁਰੂ ਹੋਣ ਸਮੇਂ ਅਮਰੀਕਾ ਦੀ ਜੰਗ ਨਾ ਕਰਨ ਦੀ ਅਪੀਲ ਨੂੰ ਭਾਰਤ ਨੇ ਦਰਕਿਨਾਰ ਕਿਉਂ ਕਰ ਦਿੱਤਾ । ਜਦੋਂ ਭਾਰਤ ਨੇ ਪਾਣੀਆਂ ਵਾਰੇ ਸੰਧੀ ਨੂੰ ਰੱਦ ਕੀਤਾ ਤਾਂ ਮੋੜਵੇਂ ਰੂਪ ਵਿੱਚ ਪਾਕਿਸਤਾਨ ਨੇ ਸ਼ਿਮਲਾ ਸਮਝੌਤਾ ਰੱਦ ਕਰ ਕਰ ਦਿੱਤਾ ਸੀ । ਕੀ ਸੀਜ਼ਫਾਇਰ ਕਰਨ ਸਮੇਂ ਇਹਨਾਂ ਸਮਝੌਤਿਆਂ ਵਾਰੇ ਕੋਈ ਫੈਸਲਾ ਹੋਇਆ ਜਾ ਇਹ ਫੈਸਲਾ ਨਿਰਾ ਅਮਰੀਕਾ ਦੇ ਦਬਾਅ ਹੇਠ ਆ ਕੇ ਕਰ ਲਿਆ ਗਿਆ । ਮੋਦੀ ਸਰਕਾਰ ਦਾ ਸਟੈਂਡ ਰਿਹਾ ਹੈ ਕਿ ਅੱਤਵਾਦ ਦੇ ਮਸਲੇ ਉੱਤੇ ਪਾਕਿਸਤਾਨ ਨਾਲ ਕੋਈ ਗੱਲਬਾਤ ਨਹੀ ਹੋਵੇਗੀ । ਇਸ ਤੋਂ ਉਲਟ ਹਾਲ ਹੀ ਵਿੱਚ ਹੋਏ ਸਮਝੌਤੇ ਅਨੁਸਾਰ 12 ਮਈ ਨੂੰ ਦੋਹਾਂ ਫੌਜਾਂ ਦੇ ਡੀ ਜੀ ਐੱਮ ਓ (ਡਾਇਰੈਕਟਰ ਜਨਰਲ ਆਫ ਮਿਲਟਰੀ ਓਪਰੇਸਨ ) ਦਰਮਿਆਨ ਵਿਸਥਾਰ ਨਾਲ ਗੱਲਬਾਤ ਹੋਵੇਗੀ।

ਉਪਰੋਕਤ ਦੋਹਾਂ ਅਧਿਕਾਰੀਆਂ ਕੌਲ ਫੌਜੀ ਮਾਮਲਿਆਂ ਵਾਰੇ ਗੱਲਬਾਤ ਕਰਨ ਦੇ ਅਧਿਕਾਰ ਤਾਂ ਹੋ ਸਕਦੇ ਹਨ ਪਰ ਰਾਜਨੀਤਕ ਗੱਲਬਾਤ ਕਰਨ ਦੇ ਅਧਿਕਾਰ ਨਹੀਂ ਹਨ । ਪਾਣੀਆਂ ਅਤੇ ਸ਼ਿਮਲਾ ਸਮਝੌਤੇ ਵਾਰੇ, ਸੀਜ਼ਫਾਇਰ ਕਰਨ ਸਮੇਂ ਕੋਈ ਗੱਲ ਹੋਈ ਹੈ ਜਾ ਨਹੀ , ਇਸ ਦਾ ਜਵਾਬ ਭਾਰਤ ਸਰਕਾਰ ਨੂੰ ਦੇਰ-ਸਵੇਰ ਦੇਣਾ ਪਵੇਗਾ । ਭਾਰਤ ਦਾ ਮੁੱਖ ਧਾਰਾ ਵਾਲਾ ਮੀਡੀਆ ਜਿਸ ਤਰ੍ਹਾਂ ਦੀ ਖਤਰਨਾਕ ਜਾਣਕਾਰੀ ਦੇਸ਼ ਵਾਸੀਆਂ ਸਾਹਮਣੇ ਪਰੋਸਦਾ ਰਿਹਾ, ਉਹ ਕਿਸ ਦੇ ਕਹਿਣ 'ਤੇ ਪਰੋਸਦਾ ਸੀ । ਇੱਕ ਪਾਸੇ ਭਾਰਤ ਸਰਕਾਰ ਆਪਣੇ ਪ੍ਰਤੀਨਿਧਾਂ ਜ਼ਰੀਏ ਵਿਸ਼ਵ ਨੂੰ ਦੱਸ ਰਹੀ ਸੀ ਕਿ ਭਾਰਤ ਨੇ ਅੱਤਵਾਦੀ ਅੱਡਿਆਂ ਤੋਂ ਬਿਨਾਂ ਕਿਸੇ ਹੋਰ ਪਾਸੇ ਪਾਕਿਸਤਾਨ 'ਤੇ ਹਮਲਾ ਨਹੀਂ ਕੀਤਾ, ਪ੍ਰੰਤੂ ਦੂਜੇ ਪਾਸੇ ਭਾਰਤੀ ਮੀਡੀਆ ਦਾ ਸਰਕਾਰ ਹੇਠਲਾ ਮੀਡੀਆ ਦਾਅਵੇ ਕਰ ਰਿਹਾ ਸੀ ਕਿ ਭਾਰਤੀ ਫੌਜ ਨੇ ਕਰਾਚੀ, ਇਸਲਾਮਾਬਾਦ ਆਦਿ ਥਾਵਾਂ 'ਤੇ ਕਬਜ਼ਾ ਕਰ ਲਿਆ ਹੈ । ਅਗਰ ਸਰਕਾਰ ਦਾ ਇਸ ਮੀਡੀਆ ਦੇ ਸਿਰ ਉੱਤੇ ਹੱਥ ਨਹੀ ਸੀ ਤਾਂ ਕਿਸ ਦੇ ਇਸ਼ਾਰੇ 'ਤੇ ਅਜਿਹੀ ਬੇ-ਸਿਰ ਪੈਰ ਜਾਣਕਾਰੀ ਨਸ਼ਰ ਕੀਤੀ ਗਈ ? ਸਭ ਤੋਂ ਵੱਡਾ ਸਵਾਲ ਇਹ ਹੈ ਕਿ ਦੋਹਾਂ ਧਿਰਾਂ ਵਿਚੋਂ ਕਿਹੜੀ ਧਿਰ ਨੇ ਅਮਰੀਕਾ ਕੋਲ ਪਹੁੰਚ ਕੀਤੀ ਕਿ ਉਹਨਾਂ ਦੀ ਜੰਗਬੰਦੀ ਕਾਰਵਾਈ ਜਾਵੇ ?

***# ਸੰਪਰਕ : 61482069176, ਮੈਲਬੌਰਨ (ਆਸਟ੍ਰੇਲੀਆ)***

# ਪੈਨਸ਼ਨਰਾਂ ਵੱਲੋਂ ਪਾਵਰਕਾਮ ਮੈਨੇਜਮੈਂਟ ਖਿਲਾਫ ਰੋਸ ਪ੍ਰਦਰਸ਼ਨ



**ਮਲੋਟ (ਓਮ ਪ੍ਰਕਾਸ਼ ਸ਼ੇਖੂ)**-ਬੀਤੇ ਦਿਨ ਪੈਨਸ਼ਨਰਜ ਐਸੋਸੀਏਸ਼ਨ ਪਾਵਰਕਾਮ ਮੰਡਲ ਸ੍ਰੀ ਮੁਕਤਸਰ ਸਾਹਿਬ ਵਿਖੇ ਮੰਡਲ ਪ੍ਰਧਾਨ ਜੋਗਿੰਦਰ ਸਿੰਘ ਮੱਲਣ ਦੀ ਅਗਵਾਈ ਵਿੱਚ ਬੋਰਡ ਮੈਨੇਜਮੈਂਟ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪੈਨਸ਼ਨਰ ਵੀਰਾਂ ਤੇ ਫੈਮਿਲੀ ਪੈਨਸ਼ਨਰ ਭੈਣਾਂ ਨੇ ਸ਼ਮੂਲੀਅਤ ਕੀਤੀ।ਸਟੇਜ ਦੀ ਕਾਰਵਾਈ ਵਿਜੇ ਕੁਮਾਰ ਸੋਈ ਵੱਲੋਂ ਨਿਭਾਈ ਗਈ।

ਰੈਲੀ ਨੇ ਸੰਬੋਧਨ ਕਰਦਿਆਂ ਜੋਗਿੰਦਰ ਸਿੰਘ ਮੱਲਣ ਨੇ ਕਿਹਾ ਕਿ ਬੋਰਡ ਮੈਨੇਜਮੈਂਟ ਨੇ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਤੇ ਪੰਜਾਬ ਸਰਕਾਰ ਦੇ ਹੁਕਮਾਂ ਨੂੰ ਟਿੱਚ ਸਮਝਦੇ ਹੋਏ ਪਾਵਰਕਾਮ ਦੇ ਪੈਨਸ਼ਨਰਾਂ ਦਾ ਸੋਧੀ ਹੋਈ ਪੈਨਸ਼ਨ ਦਾ ਬਕਾਇਆ 1-1-16 ਤੋਂ 30-6-2021 ਤੱਕ ਏਰੀਅਰ ਦੀ ਪਹਿਲੀ ਕਿਸ਼ਤ ਅਪ੍ਰੈਲ 2025 ਵਿੱਚ ਪਾਉਣੀ ਸੀ, ਪ੍ਰੰਤੂ ਨਹੀਂ ਪਾਈ ਗਈ, ਜਿਸ ਕਰਕੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਹੈ, ਜਿਸ ਕਰਕੇ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਪੰਜਾਬ ਵਿੱਚ ਗੇਟ ਰੈਲੀਆਂ ਕੀਤੀਆਂ ਗਈਆਂ।

ਬੁਲਾਰਿਆਂ ਨੇ ਦੱਸਿਆ ਕਿ ਬੋਰਡ ਮੈਨੇਜਮੈਂਟ 200 ਰੁਪਏ ਡਿਵੈਲਪਮੈਂਟ ਟੈਕਸ ਕਿਸ ਕਾਨੂੰਨ ਤਹਿਤ ਕੱਟ ਰਹੀ ਹੈ।ਬੁਲਾਰਿਆ ਨੇ ਬੋਰਡ ਮੈਨੇਜਮੈਂਟ ਤੋਂ ਮੰਗ ਕੀਤੀ ਕਿ ਸੋਧੀ ਹੋਈ ਪੈਨਸ਼ਨ ਦਾ ਬਕਾਇਆ, ਲੀਵ ਐਂਡ ਕੈਸ਼ਮੈਂਟ ਦਾ ਬਕਾਇਆ ਤੁਰੰਤ ਪਾਇਆ ਜਾਵੇ, 200 ਰੁਪਏ ਡਿਵੈਲਪਮੈਂਟ ਟੈਕਸ ਕੱਟਣਾ ਤੁਰੰਤ ਬੰਦ ਕੀਤਾ ਜਾਵੇ, ਮੈਡੀਕਲ ਬਿਲ 50 ਹਜ਼ਾਰ ਰੁਪਏ ਦੀ ਪਾਵਰ ਡੀਡੀਓ ਨੂੰ ਦਿੱਤੀ ਜਾਵੇ, 23 ਸਾਲਾਂ ਲਾਭ ਬਿਨਾਂ ਸ਼ਰਤ ਸਾਰਿਆਂ ਨੂੰ ਦਿੱਤਾ ਜਾਵੇ, ਬਿਜਲੀ ਯੂਨਿਟਾਂ ਵਿੱਚ ਦੂਜੀਆਂ ਸਟੇਟਾਂ ਦੀ ਤਰ੍ਹਾਂ ਰਿਆਇਤ ਦਿੱਤੀ ਜਾਵੇ, ਇੱਕ ਇੱਕ 16 ਤੋਂ ਪਹਿਲਾਂ ਰਿਟਾਇਰ ਹੋਏ ਕਰਮਚਾਰੀਆਂ ਨੂੰ 2.59 ਤੇ ਗੁਣਾਂਕ ਨਾਲ ਪੈਨਸ਼ਨਾਂ ਵਿੱਚ ਸੋਧ ਕੀਤੀ ਜਾਵੇ, ਮੈਡੀਕਲ ਭੱਤਾ 2000 ਰੁਪਏ ਪ੍ਰਤੀ ਮਹੀਨਾ ਦਿੱਤਾ ਜਾਵੇ ਆਦਿ ਮੰਗਾਂ ਮੰਗ ਪੱਤਰ ਅਨੁਸਾਰ ਲਾਗੂ ਕੀਤੀਆਂ ਜਾਣ, ਜੇਕਰ ਉਪਰੋਕਤ ਮੰਗਾ ਵੱਲ ਪੰਜਾਬ ਸਰਕਾਰ ਤੇ ਬੋਰਡ ਮੈਨੇਜਮੈਂਟ ਨੇ ਮੰਗਾਂ ਨੂੰ ਅਣਗੌਲਿਆ ਕੀਤਾ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਬੋਰਡ ਮੈਨੇਜਮੈਂਟ ਤੇ ਪੰਜਾਬ ਸਰਕਾਰ ਦੀ ਹੋਵੇਗੀ। ਰੈਲੀ ਵਿੱਚ ਇਹ ਵੀ ਕਿਹਾ ਗਿਆ ਕਿ ਹਿੰਦੁਸਤਾਨ ਤੇ ਪਾਕਿਸਤਾਨ ਵਿਚਾਲੇ ਚੱਲ ਰਹੇ ਜੰਗ 'ਤੇ ਚਿੰਤਾ ਜ਼ਾਹਰ ਕੀਤੀ ਗਈ ਅਤੇ ਦੋਵਾਂ ਦੇਸ਼ਾਂ ਨੂੰ ਅਪੀਲ ਕੀਤੀ ਮਿਲ ਬੈਠ ਕੇ ਮਸਲੇ ਦਾ ਹੱਲ ਕੀਤਾ ਜਾਣਾ ਚਾਹੀਦਾ ਹੈ, ਜੰਗ ਕੋਈ ਮਸਲੇ ਦਾ ਹੱਲ ਨਹੀਂ।

ਇਸ ਰੈਲੀ ਨੂੰ ਜਸਵਿੰਦਰ ਸਿੰਘ ਸਰਕਲ ਆਗੂ, ਸ਼ਿਵਦੀਪ ਸਿੰਘ ਬਰਾੜ ਸਰਕਲ ਆਗੂ ਤੋਂ ਇਲਾਵਾ ਬੂਟਾ ਸਿੰਘ ਸੀਨੀਅਰ ਮੀਤ ਪ੍ਰਧਾਨ, ਜਰਨੈਲ ਸਿੰਘ ਮੀਤ ਪ੍ਰਧਾਨ, ਵਿਜੇ ਸੋਈ ਪ੍ਰੈੱਸ ਸਕੱਤਰ, ਭਜਨ ਸਿੰਘ ਜਥੇਬੰਦਕ ਸਕੱਤਰ, ਜੰਗੀਰ ਸਿੰਘ ਵਿੱਤ ਸਕੱਤਰ, ਮੇਜਰ ਸਿੰਘ ਐਡੀਟਰ ਤੇ ਰਾਮ ਸ਼ਰਨ ਨੇ ਸੰਬੋਧਨ ਕੀਤਾ। ਅਖੀਰ ਵਿੱਚ ਪ੍ਰਧਾਨ ਜੋਗਿੰਦਰ ਸਿੰਘ ਮੱਲਣ ਨੇ ਆਏ ਹੋਏ ਸਾਥੀਆਂ ਧੰਨਵਾਦ ਕੀਤਾ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਭਲਕੇ ਜੰਗਬਾਜ਼ ਤਾਕਤਾਂ ਵਿਰੁੱਧ ਅਮਨ ਮਾਰਚ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਕਮੇਟੀ ਮੋਗਾ ਦੀ ਮੀਟਿੰਗ ਜ਼ਿਲ੍ਹਾ ਮੀਤ ਪ੍ਰਧਾਨ ਕੁਲਦੀਪ ਸਿੰਘ ਕੁੱਸਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਆਗੂਆਂ ਨੇ ਦੱਸਿਆ ਕਿ ਕਿਵੇਂ ਜੰਗਬਾਜ਼ ਤਾਕਤਾਂ ਵੱਲੋਂ ਥਾਂ ਥਾਂ ਜੰਗਾਂ ਭੜਕਾਈਆਂ ਜਾ ਰਹੀਆਂ ਹਨ। ਭਾਰਤ ਪਾਕਿਸਤਾਨ ਦੀ ਜੰਗ ਵੀ ਅਜਿਹੀ ਹੀ ਜੰਗ ਹੈ। ਜੰਗਾਂ ਭੜਕਾ ਕੇ ਅਮਰੀਕਾ ਤੇ ਯੂਰਪ ਦੇਸ਼ਾਂ ਦੀਆਂ ਹਥਿਆਰ ਬਣਾਉਣ ਵਾਲੀਆਂ ਵੱਡੀਆਂ ਕੰਪਨੀਆਂ ਹਥਿਆਰ ਵੇਚ ਕੇ ਅੰਨ੍ਹੇ ਮੁਨਾਫੇ ਕਮਾਉਂਦੀਆਂ ਹਨ। ਜੰਗਾਂ ਦੀ ਆੜ ਹੇਠ ਉਥੋਂ ਦੀਆਂ ਸਰਕਾਰਾਂ ਤੇ ਆਪਣੇ ਦਬਾਅ ਬਣਾ ਕੇ ਕਾਰਪੋਰੇਟ ਪੱਖੀ ਕਾਨੂੰਨ ਬਣਵਾਉਂਦੀਆਂ ਹਨ। ਅੱਜ ਅਸੀਂ ਕੇਂਦਰੀ ਹੁਕਮਰਾਨ ਹੁਕਮਰਾਨਾਂ ਦੀ ਬਦਨੀਤੀ ਕਾਰਨ ਅਜਿਹੇ ਦੌਰ ਵਿੱਚ ਫਸੇ ਹਾਂ ਕਿ ਦੇਸ਼ ਦਾ ਹਰ ਵਰਗ ਕਾਰਪੋਰੇਟ ਪੱਖੀ ਨੀਤੀਆਂ ਦੀ ਮਾਰ ਤੋਂ ਬਚਦਾ ਨਜ਼ਰ ਨਹੀਂ ਆ ਰਿਹਾ। ਅਮਰੀਕਾ ਸਮੇਤ ਵੱਡੀਆਂ ਤਾਕਤਾਂ ਟੈਕਸ ਮੁਕਤ ਵਪਾਰ ਸਮਝੌਤੇ ਕਰਕੇ ਸਾਡੇ ਦੇਸ਼ ਨੂੰ ਲੁੱਟਣਾ ਚਾਹੁੰਦੀਆਂ ਹਨ। ਮੋਦੀ ਸਰਕਾਰ ਅਮਰੀਕਾ ਦੀ ਥਾਣੇਦਾਰੀ ਅੱਗੇ ਹਥਿਆਰ ਸੁੱਟ ਰਹੀ ਹੈ। ਉਸ ਨਾਲ ਟੈਕਸ ਮੁਕਤ ਵਪਾਰ ਸਮਝੌਤੇ ਕਰਨ ਜਾ ਰਹੀ ਹੈ। ਅਜਿਹਾ ਹੋਣ ਨਾਲ ਕਿਸਾਨ, ਮਜ਼ਦੂਰ, ਪੱਲੇਦਾਰ, ਆੜ੍ਹਤੀਆ, ਦੁਕਾਨਦਾਰ, ਛੋਟੇ ਕਾਰੋਬਾਰ ਤੇ ਹੋਰ ਲੋਕ ਲੁੱਟ ਦਾ ਸ਼ਿਕਾਰ ਹੋਣਗੇ। ਕਿਸਾਨ ਤੇ ਮਜ਼ਦੂਰ ਦੀ ਇਕਜੁੱਟ ਹੋਈ ਤਾਕਤ ਹੀ ਇਨ੍ਹਾਂ ਮੂਹਰੇ ਕੰਧ ਬਣ ਕੇ ਖੜ ਸਕਦੀ ਹੈ। ਅੱਜ ਲੋੜ ਹੈ ਇਨ੍ਹਾਂ ਜੰਗਬਾਜ਼ਾਂ ਦੀਆਂ ਚਾਲਾਂ ਨੂੰ ਸਮਝਦੇ ਹੋਏ ਇੱਕਜੁੱਟ ਹੋ ਕੇ ਲੜੀਏ। ਆਗੂਆਂ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਦੇ ਫੈਸਲੇ ਅਨੁਸਾਰ 14 ਮਈ ਨੂੰ ਡੀ ਸੀ ਦਫਤਰ ਮੋਗਾ ਵਿਖੇ ਜੰਗਬਾਜ਼ ਤਾਕਤਾਂ ਵਿਰੁੱਧ ਅਮਨ ਮਾਰਚ ਕੀਤਾ ਜਾਵੇਗਾ। ਮੀਟਿੰਗ ਵਿੱਚ ਟਰੇਡ ਯੂਨੀਅਨ ਵੱਲੋਂ 20 ਮਈ ਨੂੰ ਕੀਤੀ ਜਾ ਰਹੀ ਹੜਤਾਲ ਦਾ ਸਮਰਥਨ ਕਰਨ ਦਾ ਫੈਸਲਾ ਵੀ ਕੀਤਾ ਗਿਆ। ਇਸ ਮੀਟਿੰਗ ਦੌਰਾਨ ਗੁਰਮੀਤ ਸਿੰਘ ਕਿਸ਼ਨਪੁਰਾ, ਬਲੌਰ ਸਿੰਘ ਘੱਲ ਕਲਾਂ, ਇਕਬਾਲ ਸਿੰਘ ਸਿੰਘਾਵਾਲਾ, ਜਗੀਰ ਸਿੰਘ ਹਿੰਮਤਪੁਰਾ, ਜਸਵਿੰਦਰ ਸਿੰਘ ਲੰਗਿਆਣਾ, ਜਸਮੇਲ ਸਿੰਘ ਘਾਲੀ, ਅਮਰੀਕ ਸਿੰਘ ਘੋਲੀਆ, ਬੂਟਾ ਸਿੰਘ ਭਾਗੀਕੇ, ਕੇਵਲ ਕ੍ਰਿਸ਼ਨ ਬੱਧਨੀ, ਅਮਰਜੀਤ ਕੌਰ ਹਿੰਮਤਪੁਰਾ, ਪੱਪੂ ਦੌਧਰ, ਜਗੀਰ ਸਿੰਘ ਕੋਕਰੀ, ਬਚਿੱਤਰ ਕੌਰ ਤਲਵੰਡੀ ਮੱਲੀਆਂ, ਸਵਰਨ ਸਿੰਘ ਬੱਧਣੀ, ਲਖਬੀਰ ਸਿੰਘ ਸੁਖਾਨੰਦ, ਸੁਖਜੀਤ ਸਿੰਘ ਲੰਡੇਕੇ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਹਾਜ਼ਰ ਸਨ।

# ਜੀ ਆਰ ਪੀ ਵੱਲੋਂ ਰੇਲ ਗੱਡੀਆਂ 'ਚ ਯਾਤਰੀਆਂ ਦੇ ਮੋਬਾਇਲ ਖੋਹਣ ਵਾਲਾ ਕਾਬੂ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼੍ਰੀ ਪ੍ਰਗਾ ਤ੍ਰਿਵੇਦੀ ਸਪੈਸ਼ਲ ਡੀ.ਜੀ.ਪੀ. ਜੀ.ਆਰ.ਪੀ ਪੰਜਾਬ ਤੇ ਡੀ.ਐਸ.ਪੀ. ਜੈਨਲ ਫਿਰੋਜ਼ਪੁਰ ਜਗਮੋਹਨ ਸਿੰਘ ਵੱਲੋਂ ਮਾੜੇ ਅਨਸਰਾਂ ਖਿਲਾਫ ਦਿੱਤੇ ਦਿਸ਼ਾ ਨਿਰਦੇਸ਼ ਦੀ ਪਾਲਣਾ ਕਰਦੇ ਹੋਏ ਐਸ ਰੇਲਵੇ ਸਟੇਸ਼ਨ ਫਿਰੋਜ਼ਪੁਰ ਛਾਉਣੀ ਵਿਖੇ ਐੱਸ.ਆਰ/ਏ ਐੱਸ.ਆਈ. ਸੰਜੀਵ ਕੁਮਾਰ ਜੀ. ਆਰ. ਪੀ. ਫਿਰੋਜ਼ਪੁਰ ਵੱਲੋਂ ਪੁਲਸ ਪਾਰਟੀ ਨਾਲ ਚੈਕਿੰਗ ਦੌਰਾਨ ਵਿਸ਼ਾਲ ਉਰਫ ਗਾਂਧੀ ਪੁੱਤਰ ਭੋਲਾ ਨਿਵਾਸੀ ਟਾਲਾਂ ਵਾਲਾ ਰੋਡ ਨੇੜੇ ਬਲਕਾਰੀ ਵਾਲਾ ਖੂਹ ਫਿਰੋਜ਼ਪੁਰ, ਜੋ ਕਿ ਰੇਲਗੱਡੀਆਂ ਵਿੱਚ ਯਾਤਰੀਆਂ ਤੋਂ ਮੋਬਾਇਲ ਫੋਨ ਖੋਹਣ ਦਾ ਆਦਿ ਹੈ, ਉਹ ਰੇਲਵੇ ਕੁਆਰਟਰਾਂ ਦੇ ਨੇੜੇ ਪਲੇਟਫਾਰਮ ਨੰਬਰ 5 ਦੇ ਨਜ਼ਦੀਕ ਰੇਲਵੇ ਲਾਈਨਾਂ 'ਤੇ ਚੋਰੀ ਕੀਤੇ ਮੋਬਾਈਲ ਵੇਚਣ ਲਈ ਖੜਾ ਹੈ। ਇਸ ਜਾਣਕਾਰੀ 'ਤੇ ਉਪਰੋਕਤ ਵਿਸ਼ਾਲ ਉਰਫ ਗਾਂਧੀ ਨੂੰ ਮੌਕੇ 'ਤੇ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਉਸ ਪਾਸੋਂ 3 ਟੱਚ ਮੋਬਾਇਲ ਫੋਨ ਰੈਡਮੀ, ਵੀਵੋ ਤੇ ਓਪੋ ਬਰਾਮਦ ਕੀਤੇ ਗਏ ਹਨ। ਪੁਲਸ ਨੇ ਦੱਸਿਆ ਕਿ ਚੋਰੀ ਕੀਤੇ ਮੋਬਾਇਲਾਂ ਦੀ ਕੀਮਤ ਕੀਮਤ ਲਗਭਗ 60,000 ਰੁਪਏ ਹੈ। ਜੀ. ਆਰ. ਪੀ. ਫਿਰੋਜ਼ਪੁਰ ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮੁਕੱਦਮਾ ਥਾਣਾ ਜੀ.ਆਰ.ਪੀ. ਫਿਰੋਜ਼ਪੁਰ ਵਿਖੇ ਦਰਜ ਕੀਤਾ ਗਿਆ ਹੈ।

# ਨਸ਼ੀਲੇ ਕੈਪਸੂਲਾਂ ਤੇ ਨਜਾਇਜ਼ ਸ਼ਰਾਬ ਸਮੇਤ 3 ਕਾਬੂ



**ਭੀਖੀ (ਧਰਮਵੀਰ ਸ਼ਰਮਾ)**-'ਯੁੱਧ ਨਸ਼ਿਆਂ ਵਿਰੁੱਧ' ਤਹਿਤ ਸਖਤ ਕਾਰਵਾਈ ਕਰਦੇ ਹੋਏ ਭਾਰੀ ਮਾਤਰਾ 'ਚ ਟਰੋਮਾਡੋਲ ਨਸ਼ੀਲੇ ਕੈਪਸੂਲ ਤੇ ਨਜਾਇਜ਼ ਸ਼ਰਾਬ ਸਮੇਤ 2 ਵਿਅਕਤੀਆਂ ਤੇ ਇੱਕ ਮਹਿਲਾ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਸੀ.ਆਈ.ਏ. ਸਟਾਫ ਮਾਨਸਾ ਵਲੋਂ ਸ਼ੱਕੀ ਪੁਰਸ਼ਾਂ ਤੇ ਵਹੀਕਲਾਂ ਦੀ ਚੈਕਿੰਗ ਸਬੰਧੀ ਭੀਖੀ ਤੋਂ ਬੀਰ ਖੁਰਦ ਲਿੰਕ ਰੋਡ 'ਤੇ ਪੁਲ ਡਰੇਨ ਪਰ ਨਾਕਾਬੰਦੀ ਕੀਤੀ ਹੋਈ ਸੀ, ਇਸ ਦੌਰਾਨ ਇੱਕ ਸਕੂਟਰੀ ਨੰਬਰ ਸੀ ਐੱਚ 01 ਬੀ ਵਾਈ 5511 ਨੂੰ ਰੋਕ ਕੇ ਉਸ 'ਤੇ ਸਵਾਰ 2 ਵਿਅਕਤੀਆਂ ਪੂਰਵ ਕੁਮਾਰ (24) ਪੁੱਤਰ ਸੁਨੀਲ ਕੁਮਾਰ, ਤਰੁਨ ਠਾਕੁਰ (24) ਪੁੱਤਰ ਓਮ ਸਿੰਘ ਵਾਸੀਆਨ ਮਨੀਮਾਜਰਾ ਚੰਡੀਗੜ੍ਹ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ 10320 ਟਰੋਮਾਡੋਲ ਨਸ਼ੀਲੇ ਕੈਪਸੂਲ ਬਰਾਮਦ ਕਰਕੇ ਥਾਣਾ ਭੀਖੀ ਵਿੱਚ ਮੁਕੱਦਮਾ ਦਰਜ ਕੀਤਾ ਗਿਆ।ਐੱਸ. ਪੀ. (ਇੰਨਵੈ) ਮਨਮੋਹਨ ਸਿੰਘ ਔਲਖ ਤੇ ਡੀਐੱਸਪੀ (ਸ.ਡ.) ਮਾਨਸਾ ਬੂਟਾ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗ੍ਰਿਫਤਾਰ ਵਿਅਕਤੀਆਂ ਨੂੰ ਮਾਨਯੋਗ ਅਦਲਾਤ ਵਿੱਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ ਅਤੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਇਸ ਤੋਂ ਇਲਾਵਾ ਭੀਖੀ ਪੁਲਸ ਦੇ ਸਹਾਇਕ ਥਾਣੇਦਾਰ ਬੰਤ ਸਿੰਘ ਵੱਲੋਂ ਦਾਨਾ ਮੰਡੀ ਭੀਖੀ ਕੋਲੋਂ ਸੀਤੋ ਕੌਰ ਪਤਨੀ ਪੰਮੀ ਸਿੰਘ ਵਾਸੀ ਭੀਖੀ ਨੂੰ 48 ਬੋਤਲਾਂ ਨਜਾਇਜ਼ ਸ਼ਰਾਬ ਠੇਕਾ ਹਰਿਆਣਾ ਮਾਰਕਾ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਐਕਸਾਇਜ਼ ਐਕਟ ਤਹਿਤ ਮੁਕੱਦਮਾ ਦਰਜ ਕਰ ਲਿਆ ਹੈ।

## ਕਾਤਰਾਂ

### ਨਸ਼ੀਲੀਆਂ ਗੋਲੀਆਂ ਤੇ ਕਾਰ ਸਮੇਤ 3 ਗ੍ਰਿਫਤਾਰ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਨੇ ਸਰਕਾਰੀ ਸਕੂਲ ਲੱਧੂਵਾਲਾ ਉਤਾੜ ਦੇ ਨਜ਼ਦੀਕ 60 ਹਜ਼ਾਰ ਨਸ਼ੀਲੀਆਂ ਗੋਲੀਆਂ ਤੇ ਇਕ ਆਲਟੋ ਕਾਰ ਸਮੇਤ 3 ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਐੱਸ. ਆਈ. ਅਮਰੀਕ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਥਾਣਾ ਵੈਰੋਕੇ ਏਰੀਏ ਵਿੱਚ ਮੌਜੂਦ ਸੀ ਤਾਂ ਸਕੂਲ ਲੱਧੂਵਾਲਾ ਉਤਾੜ ਦੇ ਨਜ਼ਦੀਕ ਪ੍ਰਿੰਸ ਕੁਮਾਰ ਪੁੱਤਰ ਖਾਨ ਸਿੰਘ ਵਾਸੀਆਨ ਮੋਹਕਮ ਅਰਾਈਂ (ਥਾਣਾ ਸਿਟੀ, ਜਲਾਲਾਬਾਦ), ਸੰਦੀਪ ਕੁਮਾਰ ਉਰਫ ਸੰਜੂ ਪੁੱਤਰ ਸਤਪਾਲ ਸਿੰਘ ਵਾਸੀ ਕਮਰੇਵਾਲਾ (ਥਾਣਾ ਸਿਟੀ, ਜਲਾਲਾਬਾਦ) ਤੇ ਜਸ਼ਨਪ੍ਰੀਤ ਸਿੰਘ ਉਰਫ ਜਸ਼ਨ ਪੁੱਤਰ ਭੋਲਾ ਸਿੰਘ ਵਾਸੀ ਕਮਰੇਵਾਲਾ (ਥਾਣਾ ਸਿਟੀ, ਜਲਾਲਾਬਾਦ) ਨੂੰ 60 ਹਜ਼ਾਰ ਨਸ਼ੀਲੀਆਂ ਗੋਲੀਆਂ, ਇੱਕ ਕਾਰ ਆਲਟੋ ਨੰਬਰ ਡੀ.ਐੱਲ.-2 ਸੀ.ਏ.ਐੱਫ.-7049 ਸਿਲਵਰ ਸਮੇਤ ਗ੍ਰਿਫਤਾਰ ਕੀਤਾ ਗਿਆ। ਥਾਣਾ ਵੈਰੋਕੇ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ।

### 9 ਸਿੱਖ ਮੈਂਬਰਾਂ ਦੀ ਨਾਮਜ਼ਦਗੀ 'ਤੇ ਉੱਠੇ ਸਵਾਲ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਪਿਛਲੇ ਦਿਨੀਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਹਰਿਆਣਾ ਸਰਕਾਰ ਵੱਲੋਂ ਨਾਮਜ਼ਦ ਕੀਤੇ ਗਏ 9 ਸਿੱਖ ਮੈਂਬਰਾਂ ਦੀ ਨਾਮਜ਼ਦਗੀ 'ਤੇ ਸਖਤ ਇਤਰਾਜ਼ ਪ੍ਰਗਟਾਉਂਦਿਆਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਜਸਬੀਰ ਸਿੰਘ ਭਾਟੀ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਪ੍ਰੈਸ ਨੋਟ ਵਿੱਚ ਕਿਹਾ ਗਿਆ ਕਿ ਪਿਛਲੇ ਦਿਨੀਂ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਦੀ ਨਾਮਜ਼ਦਗੀ ਸਮੇਂ ਹਰਿਆਣਾ ਸਰਕਾਰ ਦੀ ਸਿੱਧੀ ਦਖਲਅੰਦਾਜ਼ੀ ਨਾਲ ਸਿੱਖ ਹਿਰਦਿਆਂ ਨੂੰ ਭਾਰੀ ਸੱਟ ਵੱਜੀ ਹੈ। ਸਿੱਖ ਆਗੂ ਜਸਬੀਰ ਸਿੰਘ ਭਾਟੀ, ਸੁਖਮੀਤ ਸਿੰਘ ਸ਼ਾਹਬਾਦ ਮਾਰਕੰਡਾ, ਬਲਦੇਵ ਸਿੰਘ ਬੱਲੀ ਤੇ ਬਲਵੰਤ ਸਿੰਘ ਬੜੈਚ ਨੇ ਕਿਹਾ ਹੈ ਕਿ ਕਿ ਹਰਿਆਣਾ ਦੀ ਸਿੱਖ ਸੰਗਤ ਵੱਲੋਂ ਵਿਧੀਵਤ ਢੰਗ ਨਾਲ ਚੁਣੇ ਹੋਏ 40 ਮੈਂਬਰ ਸਾਹਿਬਾਨਾਂ ਦੀ ਸਹਿਮਤੀ ਤੋਂ ਬਿਨਾਂ ਸਰਕਾਰ ਵੱਲੋਂ ਆਪਣੀ ਮਨਮਰਜ਼ੀ ਦੇ ਮੈਂਬਰਾਂ ਦੀ ਚੋਣ ਕੀਤੇ ਜਾਣ ਕਾਰਨ ਹਰਿਆਣਾ ਪ੍ਰਦੇਸ਼ ਦੀ ਸਿੱਖ ਸੰਗਤ ਵਿੱਚ ਭਾਰੀ ਰੋਸ ਹੈ। ਇਨ੍ਹਾਂ ਸਿੱਖ ਆਗੂਆਂ ਦਾ ਕਹਿਣਾ ਹੈ ਕਿ ਹਰਿਆਣਾ ਸਰਕਾਰ ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮਾਂ ਵਿੱਚ ਸਿੱਧੀ ਹੀ ਦਖਲਅੰਦਾਜ਼ੀ ਕਾਰਨ ਸਿੱਖ ਮਨਾਂ ਨੂੰ ਭਾਰੀ ਠੇਸ ਪਹੁੰਚੀ ਹੈ। ਉਨ੍ਹਾਂ ਕਿਹਾ ਕਿ ਅਸੀਂ ਸਰਕਾਰ ਦੇ ਇਸ ਤੁਗਲਕੀ ਫੈਸਲੇ ਦੀ ਘੋਰ ਨਿੰਦਾ ਕਰਦੇ ਹਾਂ।

### ਪਲੇਸਮੈਂਟ ਕੈਂਪ ਭਲਕੇ

**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ 14 ਮਈ ਨੂੰ ਮੁਥੂਟ ਮਾਈਕਰੋਫਿਨ ਲਿਮਟਡ ਤੇ ਵਰਧਮਾਨ ਯਾਰਨ ਐਂਡ ਥਰੀਡ ਲਿਮਟਡ ਵੱਲੋਂ ਰਿਲੇਸ਼ਨਸ਼ਿਪ ਅਫ਼ਸਰਾਂ ਤੇ ਟਰੇਨੀ ਦੀ ਭਰਤੀ ਲਈ ਪਲੇਸਮੈਂਟ ਕੈਂਪ ਲਾਇਆ ਜਾ ਰਿਹਾ ਹੈ। ਜ਼ਿਲ੍ਹਾ ਰੁਜ਼ਗਾਰ ਅਫ਼ਸਰ ਸ਼ਵਿੰਦਰ ਸਿੰਘ ਨੇ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਘੱਟੋ ਘੱਟ ਯੋਗਤਾ 10ਵੀਂ ਪਾਸ ਲੜਕੇ ਤੇ ਲੜਕੀਆਂ ਭਾਗ ਲੈ ਸਕਦੇ ਹਨ, ਜਿਨ੍ਹਾਂ ਦੀ ਉਮਰ ਸੀਮਾ 18 ਤੋਂ 28 ਸਾਲ ਤੱਕ ਹੋਣੀ ਚਾਹੀਦੀ ਹੈ ਤੇ ਪ੍ਰਾਰਥੀ ਸਰੀਰਕ ਤੌਰ 'ਤੇ ਫਿੱਟ ਹੋਣੇ ਚਾਹੀਦੇ ਹਨ।ਉਨ੍ਹਾਂ ਕਿਹਾ ਕਿ ਚਾਹਵਾਨ ਪ੍ਰਾਰਥੀ ਆਪਣੀ ਯੋਗਤਾ ਸਰਟੀਫਿਕੇਟ ਦੀਆਂ ਫੋਟੋ ਕਾਪੀਆਂ, ਅਧਾਰ ਕਾਰਡ ਦੀ ਕਾਪੀ ਅਤੇ ਯੋਗਤਾ ਦਾ ਵੇਰਵਾ (ਰਜ਼ਿਊਮ) ਲੈ ਕੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਬਿਊਰੋ (ਨੇੜੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੇਵਾ ਕੇਂਦਰ ਦੀ ਪਹਿਲੀ ਮੰਜ਼ਲ 'ਤੇ) ਕੈਂਪ ਵਾਲੇ ਦਿਨ ਸਵੇਰੇ 10:30 ਵਜੇ ਪਹੁੰਚ ਸਕਦੇ ਹਨ।

# 960 ਨਸ਼ੀਲੀਆਂ ਗੋਲੀਆਂ ਸਮੇਤ ਚਾਰ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਸਿਟੀ ਜ਼ੀਰਾ ਤੇ ਥਾਣਾ ਸਦਰ ਜ਼ੀਰਾ ਪੁਲਸ ਨੇ ਵੱਖ ਵੱਖ ਥਾਵਾਂ 'ਤੇ ਗਸ਼ਤ ਤੇ ਚੈਕਿੰਗ ਦੌਰਾਨ 960 ਨਸ਼ੀਲੀਆਂ ਗੋਲੀਆਂ ਸਮੇਤ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲੇ ਦਰਜ ਕੀਤੇ ਹਨ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਜ਼ੀਰਾ ਪੁਲਸ ਦੇ ਸਹਾਇਕ ਥਾਣੇਦਾਰ ਸਤਵੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਨੇ ਗਸ਼ਤ ਤੇ ਚੈਕਿੰਗ ਦੌਰਾਨ ਸੰਨੀ ਉਰਫ ਨਸੀਬ ਪੁੱਤਰ ਜੱਸਾ ਵਾਸੀ ਪੀਰ ਮੁਹੰਮਦ ਹਾਲ ਵਾਸੀ ਬਸਤੀ ਮਾਛੀਆਂ ਜ਼ੀਰਾ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 120 ਖੁੱਲ੍ਹੀਆਂ ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਇਸੇ ਹੀ ਥਾਣੇ ਦੇ ਐੱਸਆਈ/ਐੱਸਐੱਚਓ ਬਲਜਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਨੇ ਗਸ਼ਤ ਦੌਰਾਨ ਗੁਰਪ੍ਰੀਤ ਸਿੰਘ ਉਰਫ ਗੁੰਮਾ ਪੁੱਤਰ ਜਸਵਿੰਦਰ ਸਿੰਘ ਵਾਸੀ ਮਲਸੀਆਂ ਵਾਲਾ ਮੁਹੱਲਾ ਵਾਰਡ ਨੰਬਰ 14 ਜ਼ੀਰਾ ਪਾਸੋਂ 140 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਥਾਣਾ ਸਦਰ ਜ਼ੀਰਾ ਪੁਲਸ ਦੇ ਸਹਾਇਕ ਥਾਣੇਦਾਰ ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਦੌਰਾਨ ਜਦ ਪਿੰਡ ਹਰਦਾਸਾ ਤੋਂ ਥੋੜ੍ਹਾ ਪਿੱਛੇ ਸੀ ਤਾਂ ਸਾਹਮਣੇ ਤੋਂ ਦੋ ਨੌਜਵਾਨ ਪ੍ਰਦੀਪ ਸਿੰਘ ਉਰਫ ਨੱਤੀ ਪੁੱਤਰ ਗੱਜਣ ਸਿੰਘ ਵਾਸੀ ਹਰਦਾਸਾ ਅਤੇ ਗੁਰਭੇਜ ਸਿੰਘ ਉਰਫ ਲਾਡੀ ਪੁੱਤਰ ਚਮਕੌਰ ਸਿੰਘ ਵਾਸੀ ਹਰਦਾਸਾ ਪੈਦਲ ਆਉਂਦੇ ਵਿਖਾਈ ਦਿੱਤੇ, ਜੋ ਪੁਲਸ ਪਾਰਟੀ ਦੀ ਗੱਡੀ ਨੂੰ ਵੇਖ ਭੱਜਣ ਲੱਗੇ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 700 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲੇ ਦਰਜ ਕਰ ਲਏ ਗਏ ਹਨ।

# ਸਰਕਾਰ ਨੇ ਹਰ ਡਿਸਪੈਂਸਰੀ ਤੇ ਸਰਕਾਰੀ ਹਸਪਤਾਲ 'ਚ ਪਹੁੰਚਾਈ ਮੁਫ਼ਤ ਦਵਾਈ : ਡਾ. ਬਲਬੀਰ ਸਿੰਘ

- ਸਿਹਤ ਸੇਵਾਵਾਂ 'ਚ ਲੱਗੇ ਅਮਲੇ ਦੀ ਡਿਊਟੀ 'ਚ ਕੁਤਾਹੀ ਬਰਦਾਸ਼ਤ ਨਹੀਂ



**ਰਾਜਪੁਰਾ (ਰਮੇਸ਼ ਕਟਾਰੀਆ)**-ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਹਰੇਕ ਸਰਕਾਰੀ ਹਸਪਤਾਲ, ਡਿਸਪੈਂਸਰੀ ਤੇ ਸਿਹਤ ਕੇਂਦਰ ਵਿੱਚ ਮਰੀਜ਼ਾਂ ਲਈ ਮੁਫ਼ਤ ਦਵਾਈਆਂ ਉਪਲਬੱਧ ਕਰਵਾ ਦਿੱਤੀਆਂ ਹਨ।ਅੱਜ ਘਨੌਰ ਕਮਿਊਨਿਟੀ ਹੈਲਥ ਸੈਂਟਰ ਤੇ ਲੋਹ ਸਿੰਬਲੀ ਪੇਂਡੂ ਡਿਸਪੈਂਸਰੀ ਤੇ ਹੈਲਥ ਵੈਲਨੈੱਸ ਸੈਂਟਰ ਦਾ ਅਚਨਚੇਤ ਜਾਇਜ਼ਾ ਲੈਂਦਿਆਂ ਸਿਹਤ ਮੰਤਰੀ ਨੇ ਦੂਰ ਦੁਰਾਡੇ ਦੇ ਇਨ੍ਹਾਂ ਸਿਹਤ ਸੇਵਾ ਕੇਂਦਰਾਂ ਦਾ ਜ਼ਮੀਨੀ ਪੱਧਰ 'ਤੇ ਹਾਲ ਜਾਣਿਆ।ਇਸ ਮੌਕੇ ਮਰੀਜ਼ਾਂ ਨਾਲ ਗੱਲਬਾਤ ਕਰਦਿਆਂ ਡਾ. ਬਲਬੀਰ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਪ੍ਰਦਾਨ ਕੀਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਬਾਰੇ ਫੀਡ ਬੈਕ ਹਾਸਲ ਕੀਤੀ ਤੇ ਇਸ ਗੱਲ 'ਤੇ ਤਸੱਲੀ ਦਾ ਇਜ਼ਹਾਰ ਕੀਤਾ ਕਿ ਮਰੀਜ਼ ਰਾਜ ਵਿੱਚ ਪ੍ਰਦਾਨ ਕੀਤੀਆਂ ਜਾ ਰਹੀਆਂ ਬਿਹਤਰ ਸਿਹਤ ਸੇਵਾਵਾਂ ਤੋਂ ਖੁਸ਼ ਹਨ।ਉਨ੍ਹਾਂ ਮਰੀਜ਼ਾਂ ਨੂੰ ਦੱਸਿਆ ਕਿ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਤੇ ਆਮ ਆਦਮੀ ਪਾਰਟੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਸੁਪਨੇ ਮੁਤਾਬਕ ਹੁਣ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਦੇ ਨਾਲ ਨਾਲ ਟੈਸਟਾਂ ਦੀ ਸਹੂਲਤ ਵੀ ਪ੍ਰਦਾਨ ਕੀਤੀ ਜਾ ਰਹੀ ਹੈ।ਅਗਲੇ ਪੜਾਅ ਵਿੱਚ ਅੱਖ, ਨੱਕ, ਕੰਨ, ਗਲੇ, ਚਮੜੀ, ਬੱਚਿਆਂ, ਔਰਤਾਂ, ਸਰਜਰੀ, ਹੱਡੀਆਂ, ਬੇਹੋਸ਼ ਕਰਨ ਵਾਲੇ ਮਾਹਰ ਡਾਕਟਰਾਂ ਦੀਆਂ ਸੇਵਾਵਾਂ ਵੀ ਲੋਕਾਂ ਦੇ ਘਰਾਂ ਦੇ ਨੇੜਲੇ ਹਸਪਤਾਲਾਂ ਤੇ ਡਿਸਪੈਂਸਰੀਆਂ ਵਿੱਚ ਹਫ਼ਤਾਵਾਰੀ ਰੋਸਟਰ ਬਣਾ ਕੇ ਪ੍ਰਦਾਨ ਕੀਤੀਆਂ ਜਾਣਗੀਆਂ।ਡਾ. ਬਲਬੀਰ ਸਿੰਘ ਨੇ ਘਨੌਰ ਹਸਪਤਾਲ ਵਿਖੇ ਦਵਾਈਆਂ ਵਾਲੀ ਥਾਂ 'ਤੇ ਮਰੀਜ਼ਾਂ ਲਈ ਛਾਂ ਵਾਸਤੇ ਤੁਰੰਤ ਸ਼ੈੱਡ ਪਾਉਣ ਦੇ ਨਿਰਦੇਸ਼ ਦਿੱਤੇ।ਇਸ ਦੌਰਾਨ ਉਨ੍ਹਾਂ ਨੇ ਲੋਹ ਸਿੰਬਲੀ ਵਿਖੇ ਡਾਕਟਰ ਤੇ ਫਾਰਮਾਸਿਸਟ ਦੀ ਗੈਰ-ਮੌਜੂਦਗੀ ਦਾ ਨੋਟਿਸ ਲੈਂਦਿਆਂ ਸਪੱਸ਼ਟ ਕੀਤਾ ਕਿ ਸਿਹਤ ਸੇਵਾ ਖੇਤਰ ਵਿੱਚ ਕੰਮ ਕਰ ਰਹੇ ਅਮਲੇ ਭਾਵੇਂ ਉਹ ਡਾਕਟਰ, ਨਰਸਿੰਗ ਸਟਾਫ਼ ਜਾਂ ਫਾਰਮਾਸਿਸਟ ਹੋਵੇ, ਦੀ ਡਿਊਟੀ ਵਿੱਚ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਉਨ੍ਹਾਂ ਇਸ ਸਬੰਧੀ ਸਮਰੱਥ ਅਥਾਰਟੀ ਤੋਂ ਰਿਪੋਰਟ ਵੀ ਤਲਬ ਕੀਤੀ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਨੂੰ ਸਿਹਤਮੰਦ ਤੇ ਨਸ਼ਾ ਮੁਕਤ ਪੰਜਾਬ ਬਣਾਉਣ ਲਈ ਉਹ ਇਸੇ ਤਰ੍ਹਾਂ ਹਰ ਇਕ ਸਿਹਤ ਕੇਂਦਰ ਵਿੱਚ ਜਾ ਕੇ ਜਾਇਜ਼ਾ ਲੈਂਦੇ ਰਹਿਣਗੇ।

# ਵਿਸਾਖ ਮਹੀਨੇ ਦੀ ਪੂਰਨਮਾਸ਼ੀ ਮਨਾਈ

**ਮਲੋਟ (ਗੁਰਮੀਤ ਸਿੰਘ ਮੱਕੜ)**-ਪਿੰਡ ਦਾਨੇਵਾਲਾ ਦੇ ਗੁਰਦੁਆਰਾ ਚਰਨ ਕਮਲ ਭੋਰਾ ਸਾਹਿਬ ਵਿਖੇ ਹਰ ਮਹੀਨੇ ਵਾਂਗ ਵਿਸਾਖ ਮਹੀਨੇ ਦੀ ਪੂਰਨਮਾਸ਼ੀ 'ਤੇ ਵਿਸ਼ੇਸ਼ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਸਵੇਰੇ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕੀਤੇ ਗਏ ਉਪਰੰਤ ਭਾਈ ਵਰਿੰਦਰ ਸਿੰਘ ਬੰਟੀ ਸਿੱਖਵਾਲਾ ਵਾਲਿਆਂ ਵੱਲੋਂ ਬਹੁਤ ਹੀ ਰਸਭਿੰਨਾ ਕੀਰਤਨ ਕੀਤਾ ਗਿਆ। ਪੰਥ ਪ੍ਰਸਿੱਧ ਢਾਡੀ ਜੱਥੇ ਭਾਈ ਗੁਰਦੇਵ ਸਿੰਘ ਮੱਲਣ ਵਾਲਿਆਂ ਵੱਲੋਂ ਵੀ ਸੰਗਤ ਨੂੰ ਵਾਰਾਂ ਗਾ ਕੇ ਅੱਜ ਦੇ ਦਿਨ ਸਰਹਿੰਦ ਫ਼ਤਹਿ ਦਿਵਸ ਦਾ ਸਿੱਖ ਇਤਿਹਾਸ ਸੁਣਾਇਆ ਗਿਆ। ਇਸ ਮੌਕੇ 'ਤੇ ਸੰਬੋਧਨ ਕਰਦਿਆਂ ਗੁਰੂਘਰ ਦੇ ਮੁੱਖ ਸੇਵਾਦਾਰ ਸੰਤ ਬਾਬਾ ਬਲਜੀਤ ਸਿੰਘ ਨੇ ਦੱਸਿਆ ਕਿ ਤੀਜੇ ਪਾਤਸ਼ਾਹ ਧੰਨ ਧੰਨ ਸ਼੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਸੀ, ਜਿਸ ਦੀ ਸਮੂਹ ਸੰਗਤ ਨੂੰ ਲੱਖ-ਲੱਖ ਵਧਾਈ ਹੈ। ਬਾਬਾ ਜੀ ਨੇ ਪੂਰੀ ਸਾਖੀ ਸੁਣਾ ਕੇ ਦੱਸਿਆ ਕਿ ਕਿਵੇਂ ਗੁਰੂ ਅਮਰਦਾਸ ਸਾਹਿਬ ਜੀ ਨੇ ਵਡੇਰੀ ਉਮਰ ਵਿੱਚ ਵੀ ਗੁਰੂ ਅੰਗਦ ਦੇਵ ਪਾਤਸ਼ਾਹ ਜੀ ਦੀ ਹੱਥੀਂ ਸੇਵਾ ਕੀਤੀ ਤੇ ਫਿਰ ਗੁਰਗੱਦੀ ਪ੍ਰਾਪਤ ਹੋਈ। ਇਸ ਮੌਕੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਭਾਈ ਹਰਪ੍ਰੀਤ ਸਿੰਘ ਹੈਪੀ ਨੇ ਸੰਗਤ ਨੂੰ ਚੱਲ ਰਹੀ ਦਰਬਾਰ ਹਾਲ ਦੀ ਸੇਵਾ ਵਿਚ ਤਨ, ਮਨ, ਧਨ ਨਾਲ ਸੇਵਾ ਨਿਭਾਉਣ ਲਈ ਬੇਨਤੀ ਕੀਤੀ। ਅੰਤ ਵਿੱਚ ਸੰਗਤਾਂ ਨੂੰ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ।

# ਚੇਅਰਮੈਨ ਬੁੱਟਰ ਨੂੰ ਦਿੱਤਾ ਮੰਗ ਪੱਤਰ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਪਰਮਜੀਤ ਸਿੰਘ ਬੁੱਟਰ ਚੇਅਰਮੈਨ ਮਾਰਕੀਟ ਕਮੇਟੀ ਬੱਧਨੀ ਕਲਾਂ ਨੂੰ ਪਿੰਡ ਮਾਛੀਕੇ ਦੀ ਮੰਡੀ ਦੀ ਮੁਰੰਮਤ ਕਰਵਾਉਣ ਲਈ ਤੇ ਲਾਇਟਾਂ ਲਵਾਉਣ ਅਤੇ ਮੇਨ ਰੋਡ ਤੋਂ ਲੈ ਕੇ ਸ੍ਰੀ ਦੁਰਗਾ ਮੰਦਰ ਤੱਕ ਸਾਰੀ ਫਿਰਨੀ 'ਤੇ ਸੜਕ ਬਣਾਉਣ ਲਈ ਪੰਚਾਇਤ ਨੇ ਮਤਾ ਪਾ ਕੇ ਮੰਗ ਪੱਤਰ ਦਿੱਤਾ। ਪਰਮਜੀਤ ਸਿੰਘ ਬੁੱਟਰ ਚੇਅਰਮੈਨ ਮਾਰਕੀਟ ਬੱਧਨੀ ਕਲਾਂ ਨੇ ਭਰੋਸਾ ਦਿਵਾਇਆ ਕਿ ਜਲਦੀ ਹੀ ਇਸ ਨੂੰ ਪਾਸ ਕਰਕੇ ਕੰਮ ਚਲਾਇਆ ਜਾਵੇਗਾ।

# ਬਦਨੀਤੀ ਤਹਿਤ ਮਨਘੜਤ ਦੋਸ਼ ਲਗਾਉਣ ਵਾਲਿਆਂ ਨੂੰ ਕਰਾਂਗੇ ਬੇਪਰਦ : ਬੁੱਧ ਰਾਮ

- ਵਿਧਾਇਕ ਨੇ ਨਗਰ ਕੌਂਸਲ ਪ੍ਰਧਾਨ ਵੱਲੋਂ ਲਗਾਏ ਦੋਸ਼ਾਂ ਦਾ ਕੀਤਾ ਖੰਡਨ
- ਪੁਖ਼ਤਾ ਜਾਂਚ ਲਈ ਐੱਸ ਐੱਸ ਪੀ ਨੂੰ ਦਿੱਤੀ ਲਿਖ਼ਤੀ ਸ਼ਿਕਾਇਤ



**ਮਾਨਸਾ (ਆਤਮਾ ਸਿੰਘ ਪਮਾਰ)**

ਨਗਰ ਕੌਂਸਲ ਬੁਢਲਾਡਾ ਦੇ ਪ੍ਰਧਾਨ ਸੁਖਪਾਲ ਸਿੰਘ ਵੱਲੋਂ ਪਿਛਲੇ ਦਿਨੀਂ ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਲਗਾਏ ਦੋਸ਼ਾਂ 'ਤੇ ਟਿੱਪਣੀ ਕਰਦਿਆਂ ਅੱਜ ਵਿਧਾਇਕ ਬੁਢਲਾਡਾ ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਉਹ ਕਿਸੇ ਦੇ ਵੀ ਇੱਕ ਵੀ ਪੈਸੇ ਦੇ ਰਵਾਦਾਰ ਨਹੀਂ, ਪੂਰੇ ਹਲਕੇ ਦੇ ਲੋਕ ਉਨ੍ਹਾਂ ਦੀ ਇਮਾਨਦਾਰੀ ਦੀ ਸ਼ਾਹਦੀ ਭਰਦੇ ਹਨ।

ਵਿਧਾਇਕ ਬੁੱਧ ਰਾਮ ਨੇ ਪੰਜਾਬ ਮੰਡੀ ਬੋਰਡ ਦੇ ਸਥਾਨਕ ਰੈਸਟ ਹਾਊਸ ਵਿਖੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਪਿਛਲੇ ਦਿਨੀਂ ਨਗਰ ਕੌਂਸਲ ਦੇ ਉਕਤ ਪ੍ਰਧਾਨ ਵੱਲੋਂ ਉਨ੍ਹਾਂ 'ਤੇ ਅਤੇ ਚੇਅਰਮੈਨ ਮਾਰਕਿਟ ਕਮੇਟੀ ਬੁਢਲਾਡਾ ਤੋਂ ਪੈਸਿਆਂ ਦੀ ਮੰਗ ਕਰਨ ਅਤੇ ਤੰਗ ਪ੍ਰੇਸ਼ਾਨ ਕਰਨ ਦੇ ਇਲਜ਼ਾਮ ਲਗਾਏ ਸਨ ਅਤੇ ਆਪਣੇ ਲਾਪਤਾ ਹੋਣ ਦੀ ਅਫ਼ਵਾਹ ਫੈਲਾਅ ਕੇ ਪੁਲਸ ਪ੍ਰਸ਼ਾਸਨ ਨੂੰ ਵੀ ਗੁੰਮਰਾਹ ਕੀਤਾ ਗਿਆ ਸੀ, ਪ੍ਰੰਤੂ ਅਸਲ ਵਿੱਚ ਇਨ੍ਹਾਂ ਦੋਸ਼ਾਂ ਵਿੱਚ ਤਿਲ ਭਰ ਵੀ ਸੱਚਾਈ ਨਹੀਂ ਹੈ।

ਇਸ ਸਬੰਧੀ ਹੋਰ ਸਪਸ਼ਟ ਕਰਦਿਆਂ ਉਨ੍ਹਾਂ ਕਿਹਾ ਕਿ ਪ੍ਰਧਾਨ ਨਗਰ ਕੌਂਸਲ ਬੁਢਲਾਡਾ ਵੱਲੋਂ ਪਾਰਟੀ ਵਿਰੋਧੀ ਗਤੀਵਿਧੀਆਂ ਤੇ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਕੇ ਪਾਰਟੀ ਦਾ ਅਕਸ ਖ਼ਰਾਬ ਕੀਤਾ ਜਾ ਰਿਹਾ ਸੀ, ਜਿਸ ਕਾਰਨ ਮੈਂ ਉਕਤ ਪ੍ਰਧਾਨ ਤੋਂ ਕਿਨਾਰਾ ਕਰ ਲਿਆ ਸੀ।ਉਨ੍ਹਾਂ ਕਿਹਾ ਕਿ ਪਿਛਲੇ ਸਾਲਾਂ ਦੇ ਕਾਰਜ਼ਕਾਲ ਦੌਰਾਨ ਪਾਰਟੀ ਵਿੱਚੋਂ ਕੱਢੇ ਗਏ ਇਸ ਪ੍ਰਧਾਨ ਵੱਲੋਂ ਕੋਈ ਦੋਸ਼ ਨਹੀਂ ਲਗਾਇਆ, ਜਦਕਿ ਹੁਣ ਅਚਾਨਕ ਅਜਿਹੇ ਦੋਸ਼ ਕਿਉਂ ਲਗਾਏ ਜਾ ਰਹੇ ਹਨ, ਜੋ ਕਿ ਜਾਂਚ ਦਾ ਵਿਸ਼ਾ ਹੈ।ਇਸ ਪਿੱਛੇ ਕੁੱਝ ਵਿਅਕਤੀਆਂ ਦੀ ਸਾਜ਼ਿਸ਼ ਹੈ, ਜਿਸ ਨੂੰ ਉਹ ਜਲਦ ਹੀ ਬੇਪਰਦ ਕਰਨਗੇ।

ਵਿਧਾਇਕ ਨੇ ਮੁੜ ਦੁਹਰਾਇਆ ਕਿ ਉਨ੍ਹਾਂ ਨੇ ਸਦਾ ਇਮਾਨਦਾਰੀ ਨਾਲ ਕੰਮ ਕੀਤਾ ਹੈ ਤੇ ਭਵਿੱਖ ਵਿਚ ਵੀ ਕਰਦੇ ਰਹਿਣਗੇ।ਉਨ੍ਹਾਂ ਕਦੇ ਵੀ ਲੋਕ-ਪੱਖੀ ਕੰਮ ਨੂੰ ਨੇਪਰੇ ਚੜ੍ਹਾਉਣ ਲਈ ਪੈਸਿਆਂ ਦੀ ਮੰਗ ਨਹੀਂ ਕੀਤੀ, ਜਦੋਂਕਿ ਸੁਖਪਾਲ ਸਿੰਘ ਵਿਰੁੱਧ ਲੋਕਾਂ ਪਾਸੋਂ ਵੱਡੀ ਪੱਧਰ 'ਤੇ ਸ਼ਿਕਾਇਤਾਂ ਮਿਲਦੀਆਂ ਰਹਿੰਦੀਆਂ ਸਨ।ਉਨ੍ਹਾਂ ਕਿਹਾ ਕਿ ਇਸ ਬੰਦੇ ਵੱਲੋਂ ਕਿਸੇ ਸਾਜ਼ਿਸ਼ ਤਹਿਤ ਹੀ ਉਨ੍ਹਾਂ 'ਤੇ ਇਹ ਮਨਘੜਤ ਤੇ ਬੇਬੁਨਿਆਦ ਦੋਸ਼ ਲਗਾਏ ਜਾ ਰਹੇ ਹਨ, ਜਿਸ ਦੀ ਪੁਖ਼ਤਾ ਜਾਂਚ ਕਰਵਾਈ ਜਾਵੇਗੀ ਤੇ ਗਲਤ ਮਨਸੂਬੇ ਘੜਨ ਵਾਲਿਆਂ ਨੂੰ ਜਲਦੀ ਹੀ ਬੇਪਰਦ ਕੀਤਾ ਜਾਵੇਗਾ।ਇਸ ਸਬੰਧੀ ਵਿਧਾਇਕ ਵੱਲੋਂ ਐੱਸ.ਐੱਸ.ਪੀ. ਮਾਨਸਾ ਨੂੰ ਜਾਂਚ ਕਰਨ ਲਈ ਲਿਖਤੀ ਸ਼ਿਕਾਇਤ ਵੀ ਦਿੱਤੀ ਗਈ ਹੈ।ਇਸ ਮੌਕੇ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਚਰਨਜੀਤ ਸਿੰਘ ਅੱਕਾਂਵਾਲੀ, ਚੇਅਰਮੈਨ ਮਾਰਕਿਟ ਕਮੇਟੀ ਬੁਢਲਾਡਾ ਸਤੀਸ਼ ਸਿੰਗਲਾ, ਪ੍ਰਧਾਨ ਨਗਰ ਕੌਂਸਲ ਬਰੇਟਾ ਗਾਂਧੀ ਰਾਮ, ਐੱਮ. ਸੀ. ਸਾਹਿਬਾਨ, ਕਮਲਜੀਤ ਸਿੰਘ ਬੋਹਾ, ਟਿੰਕੂ ਪੰਜਾਬ, ਗੁਰਪ੍ਰੀਤ ਸਿੰਘ ਵਿਰਕ ਵਾਰਡ ਨੰਬਰ 19, ਕਾਲੂ ਮਦਾਨ ਐੱਮ.ਸੀ. ਵਾਰਡ ਨੰਬਰ 8 ਤੇ ਹੋਰ ਆਗੂ ਤੇ ਵਰਕਰ ਹਾਜ਼ਰ ਸਨ।

# ਰਹੀਮੇ ਕੇ ਉਤਾੜ 'ਚ ਚੱਲੀ ਗੋਲੀ, 6 ਖਿਲਾਫ ਮਾਮਲਾ ਦਰਜ

ਮੈਂ, ਬਲਜਿੰਦਰ ਕੌਰ ਪਤਨੀ ਕੁਲਵਿੰਦਰ ਸਿੰਘ ਵਾਸੀ ਪਿੰਡ ਕੋਕਰੀ ਹੇਰਾਂ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਜਸਨਦੀਪ ਸਿੰਘ ਅਤੇ ਮੇਰੀ ਨੂੰਹ ਗੋਰੇ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਚਮਕੌਰ ਸਿੰਘ ਪੁੱਤਰ ਨਾਹਰ ਸਿੰਘ ਵਾਸੀ ਪਿੰਡ ਮੱਲੋਆਣਾ, ਤਹਿਸੀਲ ਤੇ ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ ਉਰਫ ਗਗਨਾ ਮੇਰੇ ਕਹਿਣੇਕਾਰ ਤੋਂ ਬਾਹਰ ਹੈ, ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਮਹਿੰਦਰ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਚੱਕਰੋਹੀ ਵਾਲਾ, ਖੁੜੰਜ, ਤਹਿਸੀਲ ਜਲਾਲਾਬਾਦ, ਜ਼ਿਲ੍ਹਾ ਫਾਜ਼ਿਲਕਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਗਜੀਤ ਸਿੰਘ ਮੇਰੇ ਕਹਿਣੇਕਾਰ ਤੋਂ ਬਾਹਰ ਹੈ, ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ, ਰਵੀ ਦਾਸ ਪੁੱਤਰ ਦੇਸ ਰਾਜ ਅਤੇ ਕਵਿਤਾ ਪਤਨੀ ਰਵੀ ਦਾਸ। ਵਾਸੀ ਹਾਊਸ ਨੰਬਰ 1084, ਬਖੇਵਾਲ ਨਿਊ ਹਰਨਾਮ ਨਗਰ ਦਾਨਾ ਮੰਡੀ ਰੋਡ ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਸਾਡਾ ਪੁੱਤਰ ਵਿਸ਼ਾਲ ਸਲੋਤਰਾ, ਜੋ ਸਾਡੇ ਕਹਿਣੇ ਤੋਂ ਬਾਹਰ ਹੋਣ ਕਰਕੇ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਕਸ਼ਮੀਰ ਸਿੰਘ ਪੁੱਤਰ ਪਤਰੇਲ ਸਿੰਘ ਵਾਸੀ ਪਿੰਡ ਬੂੜੇ ਨੰਗਲ ,ਤਹਿ ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਕਰਨਦੀਪ ਸਿੰਘ ਅਤੇ ਇਸਦੀ ਪਤਨੀ ਮੁਸਕਾਨ ਕੌਰ ਮੇਰੇ ਕਹਿਣੇ ਸੁਨਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜ਼ੀ ਕਰਦੇ ਹਨ। ਮੈਂ ਇਹਨਾਂ ਦੋਵਾਂ ਨੂੰ ਆਪਣੀ ਚਲ ਅੱਚਲ ਜ਼ਾਇਦਾਦ ਤੋਂ ਬੇਦਖ਼ਲ ਕਰਦਾ ਹਾਂ, ਲੈਣ ਦੇਣ ਕਰਨ ਵਾਲ਼ੇ ਖ਼ੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ਼ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ।

ਅਸੀਂ ਰਜਵਿੰਦਰ ਕੌਰ ਉਮਰ 48 ਸਾਲ ਪਤਨੀ ਸ੍ਰੀ ਬਲਵੀਰ ਸਿੰਘ ਵਾ ਬਲਵੀਰ ਸਿੰਘ ਉਮਰ 58 ਸਾਲ ਪੁੱਤਰ ਸ੍ਰੀ ਪ੍ਰੀਤਮ ਚੰਦ ਵਾਸੀਆਨ ਪਿੰਡ ਖੰਗਵਾੜੀ, ਥਾਣਾ ਗੜ੍ਹਦੀਵਾਲਾ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਮਨਦੀਪ ਸਿੰਘ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਵਾ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਊਸ਼ਾ ਰਾਣੀ ਪਤਨੀ ਬਲਵੰਤ ਸਿੰਘ ਵਾਸੀ ਮਕਾਨ ਨੰ. 486, ਚੁਗਿੱਟੀ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਅੰਜੂ ਬਾਲਾ ਪਤਨੀ ਵਿਕਰੰਮ ਕੁਮਾਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ ਭੋਲਾ ਯਾਦਵ ਪੁੱਤਰ ਇਨਰਮਣ ਯਾਦਵ ਅਤੇ ਗੀਤਾ ਦੇਵੀ ਪਤਨੀ ਭੋਲਾ ਯਾਦਵ ਵਾਸੀਆਨ ਮਕਾਨ ਨੰਬਰ **BIX-774/182**, ਗਲੀ ਨੰਬਰ 8, ਸੁੰਦਰ ਨਗਰ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਰਾਹੁਲ ਯਾਦਵ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਮਨਜੀਤ ਕੌਰ ਵਿਧਵਾ ਕਰਨੈਲ ਸਿੰਘ ਵਾਸੀ ਮੁਹੱਲਾ ਗੋਬਿੰਦ ਨਗਰ, ਵਾਰਡ ਨੰ. 4, ਦਾਰਾਪੁਰ, ਤਹਿ. ਟਾਂਡਾ (ਹੁਸ਼ਿਆਰਪੁਰ) ਸੂਚਿਤ ਕਰਦੀ ਹਾਂ ਕਿ ਮੇਰਾ ਪੁੱਤਰ ਅਮਨਦੀਪ ਸਿੰਘ ਅਤੇ ਉਸ ਦੀ ਪਤਨੀ ਹਰਵਿੰਦਰ ਕੌਰ ਜੋ ਮੇਰੇ ਕਹਿਣੇਕਾਰ ਨਹੀਂ ਹਨ, ਜਿਸ ਕਰਕੇ ਮੈਂ ਇਹਨਾਂ ਨੂੰ ਅਤੇ ਇਨ੍ਹਾਂ ਦੇ ਬੱਚੇ ਰਾਜਵੀਰ ਸਿੰਘ ਅਤੇ ਸੁਮਨਪ੍ਰੀਤ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰ ਨਹੀਂ ਹੋਵੇਗੀ।

ਮੈਂ, ਮਨਜੀਤ ਕੌਰ ਵਿਧਵਾ ਕਰਨੈਲ ਸਿੰਘ ਵਾਸੀ ਮੁਹੱਲਾ ਗੋਬਿੰਦ ਨਗਰ, ਵਾਰਡ ਨੰ. 4, ਦਾਰਾਪੁਰ, ਤਹਿ. ਟਾਂਡਾ (ਹੁਸ਼ਿਆਰਪੁਰ) ਸੂਚਿਤ ਕਰਦੀ ਹਾਂ ਕਿ ਮੇਰਾ ਪੁੱਤਰ ਸੁਖਵਿੰਦਰ ਸਿੰਘ ਅਤੇ ਉਸ ਦੀ ਪਤਨੀ ਬਲਵਿੰਦਰ ਕੌਰ ਜੋ ਮੇਰੇ ਕਹਿਣੇਕਾਰ ਨਹੀਂ ਹਨ, ਜਿਸ ਕਰਕੇ ਮੈਂ ਇਹਨਾਂ ਨੂੰ ਅਤੇ ਇਨ੍ਹਾਂ ਦੇ ਬੱਚੇ ਕਰਨਵੀਰ ਸਿੰਘ ਅਤੇ ਤਨਵੀਰ ਕੌਰ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹਨਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰ ਨਹੀਂ ਹੋਵੇਗੀ।

ਅਸੀਂ ਧਰਮਪਾਲ ਪੁੱਤਰ ਰਾਮ ਚੰਦਰ ਅਤੇ ਰਾਜ ਰਾਣੀ ਪਤਨੀ ਧਰਮਪਾਲ ਵਾਸੀ ਮਕਾਨ ਨੰਬਰ 237, 5, ਜੌੜਾ ਫਾਟਕ ਕ੍ਰਿਸ਼ਨਾ ਨਗਰ ਅੰਮ੍ਰਿਤਸਰ ਬਿਆਨ ਕਰਦੇ ਹਾ ਕੀ ਸਾਦੀ ਧੀ ਨੀਲਮ ਕੁਮਾਰੀ ਅਤੇ ਉਸਦੇ ਬੱਚੇ ਸਾਡੇ ਕਹਿਣੇ ਤੋਂ ਬਾਹਰ ਹਨ । ਅਸੀ ਇਨ੍ਹਾ ਨੂੰ ਅਪਣੀ ਚੱਲ ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ । ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਤੀਹ ਪੁਲਸ ਅਧਿਕਾਰੀਆਂ ਤੇ ਮੁਲਾਜ਼ਮਾਂ ਦਾ ਸਨਮਾਨ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਸ਼ਾਨਦਾਰ ਪੁਲੀਸ ਸੇਵਾਵਾਂ ਨਿਭਾਉਣ ਬਦਲੇ ਜ਼ਿਲ੍ਹਾ ਮਾਲੇਰਕੋਟਲਾ ਦੇ ਦੋ ਡੀਐੱਸਪੀਜ਼ ਸਮੇਤ 29 ਪੁਲੀਸ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਐੱਸਐੱਸਪੀ ਗਗਨਅਜੀਤ ਸਿੰਘ ਨੇ ਡੀਜੀ ਕਮਾਂਡੇਸ਼ਨ ਡਿਸਕ ਤੇ ਸੀਸੀ ਦਰਜਾ ਸਰਟੀਫਿਕੇਟਾਂ ਸਮੇਤ ਨਕਦ ਇਨਾਮਾਂ ਨਾਲ ਸਨਮਾਨਤ ਕੀਤਾ।ਡੀਜੀ ਕਮਾਂਡੇਸ਼ਨ ਡਿਸਕ ਨਾਲ ਸਨਮਾਨਤ ਅਧਿਕਾਰੀਆਂ ਵਿੱਚ ਡੀਐੱਸਪੀ ਹੈੱਡਕੁਆਰਟਰ ਮਾਨਵਜੀਤ ਸਿੰਘ ਸਿੱਧੂ, ਡੀਐੱਸਪੀ ਅਹਿਮਦਗੜ੍ਹ ਰਾਜਨ ਸ਼ਰਮਾ, ਇੰਸਪੈਕਟਰ ਗਗਨਦੀਪ ਸਿੰਘ ਐੱਸਐੱਚਓ ਸੰਦੌੜ ਤੇ ਇੰਸਪੈਕਟਰ ਸੁਖਵਿੰਦਰ ਸਿੰਘ ਐੱਸਐੱਚਓ ਸਦਰ ਅਹਿਮਦਗੜ੍ਹ ਸ਼ਾਮਲ ਹਨ, ਜਦਕਿ ਸੀਸੀ ਦਰਜਾ ਸਰਟੀਫਿਕੇਟ ਸਮੇਤ ਨਕਦ ਇਨਾਮ ਪ੍ਰਾਪਤ ਕਰਨ ਵਾਲਿਆਂ ਵਿੱਚ ਵੱਖ-ਵੱਖ ਰੈਂਕਾਂ ਦੇ 26 ਹੋਰ ਅਧਿਕਾਰੀ ਤੇ ਮੁਲਾਜ਼ਮ ਸ਼ੁਮਾਰ ਹਨ।ਐੱਸਐੱਸਪੀ ਗਗਨ ਅਜੀਤ ਸਿੰਘ ਨੇ ਸਨਮਾਨਤ ਅਧਿਕਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਜ਼ਿਲ੍ਹੇ ਅੰਦਰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਿਆਂ, ਨਸ਼ਾ ਤਸਕਰਾਂ, ਗੁੰਡਾਗਰਦੀ ਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਪੂਰੀ ਸ਼ਿੱਦਤ ਤੇ ਵਫਾਦਾਰੀ ਨਾਲ ਨਿਭਾਈ ਡਿਊਟੀ ਸਦਕਾ ਸਨਮਾਨਤ ਇਹ ਪੁਲਸ ਅਧਿਕਾਰੀ ਦੂਜੇ ਪੁਲਸ ਅਧਿਕਾਰੀਆਂ ਲਈ ਪ੍ਰੇਰਣਾ ਸਰੋਤ ਬਣਨਗੇ, ਉਥੇ ਇਹ ਸਨਮਾਨ ਪੁਲਸ ਅਧਿਕਾਰੀਆਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਹੋਰ ਵਧੇਰੇ ਇਮਾਨਦਾਰੀ, ਵਫ਼ਾਦਾਰੀ ਤੇ ਪੇਸ਼ੇਵਰਾਨਾ ਢੰਗ ਨਾਲ ਨਿਭਾਉਣ ਲਈ ਉਤਸ਼ਾਹਤ ਕਰਨਗੇ।ਇਸ ਮੌਕੇ ਐੱਸਐੱਸਪੀ ਦੇ ਨਾਲ ਐੱਸਪੀ (ਆਈ) ਸੱਤਪਾਲ ਸ਼ਰਮਾ ਤੇ ਸਾਰੇ ਥਾਣਿਆਂ ਦੇ ਮੁੱਖ ਅਫ਼ਸਰ ਵੀ ਮੌਜੂਦ ਸਨ।

# ਮੁਕਤਸਰ ਵਿਕਾਸ ਮਿਸ਼ਨ ਵੱਲੋਂ ਮਦਰਜ਼ ਡੇਅ ਮੌਕੇ ਵਿਸ਼ੇਸ਼ ਸਮਾਗਮ

### 15 ਪ੍ਰਤਿਭਾਸ਼ਾਲੀ ਔਰਤਾਂ ਨੂੰ ਕੀਤਾ ਸਨਮਾਨਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਵਰਕਿੰਗ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਵੱਲੋਂ ਸਥਾਨਕ ਸਿਟੀ ਹੋਟਲ ਵਿਖੇ ਮਦਰਜ਼ ਡੇਅ ਮੌਕੇ ਵਿਸ਼ੇਸ਼ ਸਮਾਗਮ ਕੀਤਾ ਗਿਆ।ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਹੋਏ ਇਸ ਸਮਾਰੋਹ ਵਿੱਚ ਇੰਦਰਜੀਤ ਕੌਰ ਐੱਮ.ਸੀ. ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ।ਮਿਸ਼ਨ ਦੇ ਚੀਫ਼ ਪੈਟਰਨ ਇੰਜ. ਜਗਸੀਰ ਸਿੰਘ, ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ ਤੇ ਪੈਟਰਨ ਪ੍ਰਦੀਪ ਧੂੜੀਆ ਸਮੇਤ ਸਾਹਿਲ ਕੁਮਾਰ ਹੈਪੀ, ਰਾਜਿੰਦਰ ਖੁਰਾਣਾ, ਜਗਦੀਸ਼ ਚੰਦਰ ਧਵਾਲ, ਅਮਰ ਨਾਥ ਸ਼ੇਰਸਿੰਘ, ਮਿਲਖਾ ਢੋਸੀਵਾਲ, ਪ੍ਰਿਆ, ਚੰਦੋ ਰਾਣੀ, ਵਿਕ੍ਰਾਂਤ ਤੇਰੀਆ, ਬਲਜੀਤ ਸਿੰਘ ਕੋਆਪ੍ਰੇਟਿਵ, ਮਨਪ੍ਰੀਤ ਕੌਰ ਚਹਿਲ, ਡਾ. ਜਸਵਿੰਦਰ ਸਿੰਘ, ਵਿੱਕੀ, ਨਰਿੰਦਰ ਕਾਕਾ ਫੋਟੋਗ੍ਰਾਫਰ ਆਦਿ ਸਮੇਤ ਕਈ ਹੋਰ ਮਿਸ਼ਨ ਮੈਂਬਰਾਂ ਨੇ ਸ਼ਿਰਕਤ ਕੀਤੀ।ਮੀਟਿੰਗ ਦੌਰਾਨ ਉੱਘੇ ਸਮਾਜ ਸੇਵਕ ਮਿਕਲ ਬਜਾਜ ਵੀ ਉਚੇਚੇ ਤੌਰ 'ਤੇ ਸ਼ਾਮਲ ਹੋਏ।ਮੀਟਿੰਗ ਦੌਰਾਨ ਮੁੱਖ ਮਹਿਮਾਨ ਇੰਦਰਜੀਤ ਕੌਰ ਐੱਮ.ਸੀ. ਨੇ ਸਭਨਾਂ ਨੂੰ ਮਦਰਜ਼ ਡੇਅ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਇੱਕ ਸੁਘੜ ਤੇ ਸੰਸਕਾਰੀ ਮਾਂ ਆਪਣੇ ਬੱਚਿਆਂ ਦੀ ਸਮੁੱਚੀ ਜੀਵਨ ਜਾਚ ਨੂੰ ਬਦਲ ਸਕਦੀ ਹੈ।ਆਪਣੇ ਸੰਖੇਪ ਪ੍ਰੰਤੂ ਪ੍ਰਭਾਵਸ਼ਾਲੀ ਸੰਬੋਧਨ ਦੌਰਾਨ ਮਿੰਕਲ ਬਜਾਜ ਨੇ ਕਿਹਾ ਕਿ ਅੱਜ ਸਾਰੇ ਸੰਸਾਰ ਦੀਆਂ ਮਾਵਾਂ ਮੂਹਰੇ ਨਤਮਸਤਕ ਹੋਣ ਦਾ ਦਿਨ ਹੈ ਤੇ ਸਾਨੂੰ ਸਾਰਿਆਂ ਨੂੰ ਹਰ ਮਾਂ ਦੀ ਕਦਰ ਕਰਨੀ ਚਾਹੀਦੀ ਹੈ।ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਤੇ ਆਪਣੀਆਂ ਵਿਭਾਗੀ ਸੇਵਾਵਾਂ ਸ਼ਾਨਦਾਰ ਢੰਗ ਨਾਲ ਨਿਭਾਉਣ ਵਾਲੀਆਂ ਹੈੱਡ ਕਾਂਸਟੇਬਲ ਚਰਨਜੀਤ ਕੌਰ, ਕਾਂਸਟੇਬਲ ਰੁਪਿੰਦਰ ਕੌਰ ਸਮੇਤ ਸਲੋਨੀ ਸ਼ਰਮਾ, ਸੀਮਾ ਸਲੂਜਾ, ਨੀਤੂ ਅਰੋੜਾ, ਰੇਨੂੰ ਗਿਰਧਰ, ਸ਼ੈਲਜਾ ਗਿਰਧਰ, ਰੇਨੂੰ ਬਾਲਾ, ਮਨਦੀਪ ਕੌਰ ਐਡਵੋਕੇਟ, ਨਿਰਮਲ ਕੌਰ, ਗੁਰਮੀਤ ਕੌਰ, ਕਮਲਜੀਤ ਕੌਰ, ਮਨਪ੍ਰੀਤ ਕੌਰ ਚਹਿਲ, ਰਾਕੇਸ਼ ਲੂਣਾ ਤੇ ਪ੍ਰਿਆ ਆਦਿ ਸਮੇਤ 15 ਪ੍ਰਤਿਭਾਸ਼ਾਲੀ ਔਰਤਾਂ ਨੂੰ ਮਿਸ਼ਨ ਵੱਲੋਂ ਮੁੱਖ ਮਹਿਮਾਨ ਇੰਦਰਜੀਤ ਕੌਰ ਐੱਮ.ਸੀ. ਵੱਲੋਂ ਸ਼ਾਨਦਾਰ ਮੋਮੈਂਟੋ ਭੇਟ ਕਰਕੇ ਸਨਮਾਨਤ ਕੀਤਾ ਗਿਆ।ਸਮਾਰੋਹ ਦੇ ਸ਼ੁਰੂ ਵਿੱਚ ਸਮੂਹ ਮਿਸ਼ਨ ਮੈਂਬਰਾਂ ਵੱਲੋਂ ਮੁੱਖ ਮਹਿਮਾਨ ਨੂੰ ਮੋਮੈਂਟੋ ਭੇਟ ਕਰਕੇ ਜੀ ਆਇਆਂ ਕਿਹਾ ਗਿਆ।ਸਮਾਗਮ ਦੌਰਾਨ ਮਿੰਕਲ ਬਜਾਜ ਤੇ ਮੈਡਮ ਰਾਕੇਸ਼ ਲੂਣਾ ਨੂੰ ਵੀ ਮਿਸ਼ਨ ਵੱਲੋਂ ਵਿਸ਼ੇ ਤੌਰ 'ਤੇ ਸਨਮਾਨਤ ਕੀਤਾ ਗਿਆ।ਜਾਣਕਾਰੀ ਦਿੰਦੇ ਹੋਏ ਪ੍ਰਧਾਨ ਢੋਸੀਵਾਲ ਨੇ ਦੱਸਿਆ ਕਿ ਮੀਟਿੰਗ ਦੌਰਾਨ ਸਮੂਹ ਬੁਲਾਰਿਆਂ ਨੇ ਮਦਰਜ਼ ਡੇਅ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਤੇ ਮਿਸ਼ਨ ਵੱਲੋਂ ਕਰਵਾਏ ਗਏ ਇਸ ਸਮਾਗਮ ਦੀ ਪੁਰਜ਼ੋਰ ਸ਼ਬਦਾਂ ਵਿੱਚ ਪ੍ਰਸ਼ੰਸਾ ਕੀਤੀ।ਪ੍ਰਧਾਨ ਢੋਸੀਵਾਲ ਨੇ ਸਨਮਾਨਤ ਔਰਤਾਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਉੱਜਲੇ ਭਵਿੱਖ ਦੀ ਕਾਮਨਾ ਕੀਤੀ।ਸਮਾਰੋਹ ਦੌਰਾਨ ਨੇਹਾ ਸਲੂਜਾ, ਵਣੂਣ ਲਾਡੀ, ਸ਼ਰਿਰਨ, ਤਹਿਸੀਨ, ਨਵਰੀਤ ਕੌਰ, ਪਵਨਬੀਰ, ਪਰਨੀਤ, ਕੀਵਨ, ਮਾਹਿਰ, ਚੰਦੋ ਰਾਣੀ, ਸਮਰੀਨ ਤੇਰੀਆ, ਸ਼ਿਵਾਂਸ਼ ਲੂਣਾ, ਸੀਰਤ ਤੇ ਮੰਨਤ ਆਦਿ ਸਮੇਤ ਕਈ ਹੋਰ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਸਨ। ਸਮਾਰੋਹ ਦੌਰਾਨ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।ਸਮਾਰੋਹ ਦੀ ਸਮਾਪਤੀ ਉਪਰੰਤ ਸਭਨਾਂ ਲਈ ਚਾਹ-ਪਾਣੀ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ।

## ਪੈਰਾਡਾਈਜ਼ ਸਕੂਲ ਵੱਲੋਂ ਵਿਦਿਆਰਥੀ ਕੌਂਸਲ ਦੀ ਤਾਜਪੋਸ਼ੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ, ਘੱਗਾ ਵਿਖੇ ਚੇਅਰਮੈਨ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਤੇ ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਦੀ ਰਹਿਨੁਮਾਈ ਹੇਠ ਸਕੂਲ ਦੀ ਵਿਦਿਆਰਥੀ ਕੌਂਸਲ ਦੀ ਚੋਣ ਕੀਤੀ ਗਈ, ਜਿਸ ਵਿੱਚ ਬਾਰ੍ਹਵੀਂ ਕਲਾਸ ਦੀ ਵਿਦਿਆਰਥਣ ਪ੍ਰਤਿਭਾ ਨੂੰ ਵਿਦਿਆਰਥੀ ਕੌਂਸਲ ਦੀ ਪ੍ਰੈਜ਼ੀਡੈਂਟ, ਇਸ਼ੀਕਾ ਸ਼ਰਮਾ ਨੂੰ ਸਕੂਲ ਦੀ ਹੈਡ ਗਰਲ ਤੇ ਸੁਖਪ੍ਰੀਤ ਸਿੰਘ ਨੂੰ ਹੈਡ ਬੁਆਏ ਨਿਯੁਕਤ ਕੀਤਾ ਗਿਆ।ਸਿਮਰਨ ਅਗਰਵਾਲ, ਸਿਮਰਨਪ੍ਰੀਤ ਕੌਰ, ਦਿਲਪ੍ਰੀਤ ਸਿੰਘ ਤੇ ਅਰਮਾਨ ਸ਼ਰਮਾ ਸਕੂਲ ਕਪਤਾਨ ਚੁਣੇ ਗਏ।ਇਹ ਉਪਰਾਲਾ 'ਮਾਣ ਨਾਲ ਸੇਵਾ ਕਰੋ, ਭਰੋਸੇ ਨਾਲ ਅੱਗੇ ਵਧੋ' ਦੇ ਆਦਰਸ਼ ਨਾਲ ਵਿਦਿਆਰਥੀਆਂ ਨੂੰ ਪ੍ਰੇਰਤ ਕਰਨ ਲਈ ਕੀਤਾ ਗਿਆ।ਸਕੂਲ ਦੇ ਈਕੋ ਕਲੱਬ, ਲਿਟਰੇਰੀ ਕਲੱਬ, ਹੈਲਥ ਐਂਡ ਵੈਲਨੈਸ ਕਲੱਬ ਅਤੇ ਆਰਟ ਕਲੱਬ ਦੇ ਅਹੁਦੇਦਾਰਾਂ ਅਤੇ ਐਗਜ਼ੀਕਿਊਟਿਵ ਮੈਂਬਰਾਂ ਦੀ ਵੀ ਚੋਣ ਕੀਤੀ ਗਈ।ਸਕੂਲ ਨਾਲ ਸਬੰਧਤ ਚਾਰ ਹਾਊਸਾਂ ਰਾਵੀ, ਜਿਹਲਮ, ਸਤਲੁਜ ਤੇ ਬਿਆਸ ਦੇ ਕਪਤਾਨ ਅਤੇ ਉਪ ਕਪਤਾਨਾਂ ਦੀ ਚੋਣ ਸਕੂਲ ਵਿੱਚ ਵਿਦਿਆਰਥੀਆਂ ਦੁਆਰਾ ਵੋਟਾਂ ਪਾ ਕੇ ਨਿਰਪੱਖ ਤਰੀਕੇ ਨਾਲ ਕੀਤੀ ਗਈ।ਚੋਣ ਪ੍ਰਕਿਰਿਆ ਉਪਰੰਤ ਸਾਰੇ ਅਹੁਦੇਦਾਰਾਂ ਨੂੰ ਚੇਅਰਮੈਨ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਤੇ ਪ੍ਰਿੰਸੀਪਲ ਡਾ ਪਰਮਿੰਦਰ ਕੌਰ ਨੇ ਬੈਂਚ ਲਾ ਕੇ ਸਨਮਾਨਤ ਕੀਤਾ।ਸਾਰੇ ਅਹੁਦੇਦਾਰਾਂ ਨੇ ਡਿਊਟੀ ਜ਼ਿੰਮੇਵਾਰੀ ਨਾਲ ਨਿਭਾਉਣ ਲਈ ਸਹੁੰ ਚੁੱਕੀ।ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਸੰਬੋਧਨ ਕਰਦਿਆਂ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦੇਣ ਦੇ ਨਾਲ ਹੀ ਉਨ੍ਹਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਤੇ ਉਨ੍ਹਾਂ ਨੂੰ ਕਲੱਬਾਂ ਦੀ ਮਹੱਤਤਾ ਬਾਰੇ ਵੀ ਦੱਸਿਆ ਤੇ ਸ਼ੁਭਕਾਮਨਾਵਾਂ ਵੀ ਦਿੱਤੀਆਂ।

## ਲੋਕ ਸੇਵਾ ਸੁਸਾਇਟੀ ਵੱਲੋਂ ਜਨਰਲ ਰੋਗਾਂ ਦਾ ਮੁਫ਼ਤ ਮੈਡੀਕਲ ਕੈਂਪ



**ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)**-ਲੋਕ ਸੇਵਾ ਸੁਸਾਇਟੀ ਜਗਰਾਉਂ ਵੱਲੋਂ ਸੀ ਐੱਮ ਸੀ ਡਾਕਟਰਾਂ ਦੇ ਸਹਿਯੋਗ ਨਾਲ ਹੱਡੀਆਂ, ਨੱਕ, ਕੰਨ, ਗਲਾ ਤੇ ਜਨਰਲ ਰੋਗਾਂ ਦਾ ਮੁਫ਼ਤ ਮੈਡੀਕਲ ਕੈਂਪ ਅਰੋੜਾ ਪ੍ਰਾਪਰਟੀ ਐਡਵਾਈਜ਼ਰ ਲਿੰਕ ਰੋਡ ਜਗਰਾਉਂ ਵਿਖੇ ਲਗਾਇਆ ਗਿਆ।ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਰਜਿੰਦਰ ਜੈਨ ਕਾਕਾ, ਸੈਕਟਰੀ ਕੁਲਭੂਸ਼ਣ ਗੁਪਤਾ ਤੇ ਕੈਸ਼ੀਅਰ ਸਨੀਲ ਬਜਾਜ ਦੀ ਅਗਵਾਈ ਵਿੱਚ ਲਗਾਏ ਇਸ ਮੈਡੀਕਲ ਚੈੱਕਅਪ ਕੈਂਪ ਵਿੱਚ ਸੀ ਐੱਮ ਸੀ ਹਸਪਤਾਲ ਲੁਧਿਆਣਾ ਦੀ ਕੋਆਰਡੀਨੇਟਰ ਡੌਲੀ ਦੀ ਅਗਵਾਈ ਵਿੱਚ ਡਾਕਟਰ ਰਸ਼ਮ, ਡਾਕਟਰ ਬੇਬੀਨ ਤੇ ਡਾਕਟਰ ਨਵੀਨ ਨੇ ਹੱਡੀਆਂ, ਨੱਕ, ਕੰਨ, ਗਲਾ ਤੇ ਜਨਰਲ ਰੋਗਾਂ ਨਾਲ ਪੀੜਤ 142 ਮਰੀਜ਼ਾਂ ਦਾ ਚੈੱਕਅਪ ਕਰਦਿਆਂ ਜਿੱਥੇ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਦਿੱਤੀਆਂ, ਉੱਥੇ ਸ਼ੂਗਰ ਦੇ ਟੈਸਟ ਵੀ ਕੀਤੇ ਗਏ।ਇਸ ਮੌਕੇ ਡਾਕਟਰਾਂ ਦੀ ਟੀਮ ਵੱਲੋਂ ਮਰੀਜ਼ਾਂ ਨੂੰ ਬਿਮਾਰੀਆਂ ਤੋਂ ਬਚਣ ਦੇ ਨੁਕਤੇ ਵੀ ਦੱਸੇ ਗਏ।ਇਸ ਮੌਕੇ ਪ੍ਰੋਜੈਕਟ ਚੇਅਰਮੈਨ ਮਨੋਹਰ ਸਿੰਘ ਟੱਕਰ, ਕਪਿਲ ਸ਼ਰਮਾ, ਵਾਈਸ ਚੇਅਰਮੈਨ ਸੁਖਜਿੰਦਰ ਸਿੰਘ ਢਿੱਲੋਂ, ਗੋਪਾਲ ਗੁਪਤਾ, ਕੈਪਟਨ ਨਰੇਸ਼ ਵਰਮਾ, ਲਾਕੇਸ਼ ਟੰਡਨ, ਵਿਨੋਦ ਬਾਂਸਲ, ਜਸਵੰਤ ਸਿੰਘ, ਆਰ ਕੇ ਗੋਇਲ, ਮਦਨ ਲਾਲ ਅਰੋੜਾ, ਮੁਕੇਸ਼ ਗੁਪਤਾ, ਪ੍ਰਸ਼ੋਤਮ ਅਗਰਵਾਲ, ਜਗਦੀਪ ਸਿੰਘ ਆਦਿ ਸੁਸਾਇਟੀ ਮੈਂਬਰ ਹਾਜ਼ਰ ਸਨ।

## ਨਵ-ਨਿਯੁਕਤ ਪ੍ਰੋਫ਼ੈਸਰਾਂ ਨੂੰ ਵਧਾਈ ਦਿੱਤੀ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨਵ ਨਿਯੁਕਤ ਕੀਤੇ ਗਏ 27 ਪ੍ਰੋਫ਼ੈਸਰਾਂ ਨੂੰ ਮਿਲ ਕੇ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਸਰਕਾਰੀ ਐਮ ਆਰ ਸਰਕਾਰੀ ਕਾਲਜ ਵਿੱਚ ਕਾਫੀ ਸਾਲਾਂ ਤੋਂ ਰੈਗੂਲਰ ਪ੍ਰੋਫ਼ੈਸਰਾਂ ਦੀ ਬਹੁਤ ਵੱਡੀ ਘਾਟ ਸੀ, ਇਸ ਘਾਟ ਨੂੰ ਪੂਰਾ ਕਰਨ ਲਈ ਪਿਛਲੇ ਸਮੇਂ ਦੌਰਾਨ ਉਨ੍ਹਾਂ ਵੱਲੋਂ ਕਾਫੀ ਕੋਸ਼ਿਸ਼ਾਂ ਕੀਤੀਆਂ ਗਈਆਂ।ਹੁਣ ਪ੍ਰੋਫ਼ੈਸਰਾਂ ਦੀ ਘਾਟ ਨੂੰ ਸਰਕਾਰ ਵੱਲੋਂ ਪੂਰਾ ਕਰ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਾ ਕੇਵਲ ਸਕੂਲੀ ਸਿੱਖਿਆ ਵਿੱਚ ਵੱਡੇ ਸੁਧਾਰ ਕਰ ਰਹੀ ਹੈ, ਸਗੋਂ ਉਚੇਰੀ ਸਿੱਖਿਆ ਵਿੱਚ ਵੀ ਕ੍ਰਾਂਤੀਕਾਰੀਆਂ ਤਬਦੀਲੀਆਂ ਕਰਦੇ ਹੋਏ ਲੰਮੇ ਸਮੇਂ ਬਾਅਦ ਕਾਲਜਾਂ ਵਿੱਚ ਪ੍ਰੋਫ਼ੈਸਰਾਂ ਦੀ ਨਿਯੁਕਤੀ ਕੀਤੀ ਗਈ ਹੈ।ਵਿਧਾਇਕ ਨੇ ਕਿਹਾ ਕਿ ਨਵੇਂ ਪ੍ਰੋਫ਼ੈਸਰ ਆਉਣ ਨਾਲ ਹੁਣ ਕਾਲਜ ਵਿੱਚ ਵਿਦਿਆਰਥੀਆਂ ਨੂੰ ਬਿਹਤਰ ਸਿੱਖਿਆ ਮਿਲ ਸਕੇਗੀ।ਉਨ੍ਹਾਂ ਇਸ ਮੌਕੇ ਜ਼ਿਲ੍ਹਾ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਇਸ ਕਾਲਜ ਵਿੱਚ ਬੀਐਸਸੀ ਨਾਨ ਮੈਡੀਕਲ, ਬੀਸੀਏ ਅਤੇ ਬੀਏ ਦੀ ਪੜ੍ਹਾਈ ਕਰਾਈ ਜਾਂਦੀ ਹੈ।ਸੋ ਇਨ੍ਹਾਂ ਕੋਰਸਾਂ ਵਿੱਚ ਵੱਧ ਤੋਂ ਵੱਧ ਵਿਦਿਆਰਥੀ ਦਾਖਲਾ ਲੈਣ।ਉਨ੍ਹਾਂ ਕਿਹਾ ਕਿ ਪ੍ਰਾਈਵੇਟ ਕਾਲਜਾਂ ਦੇ ਮੁਕਾਬਲੇ ਸਰਕਾਰੀ ਕਾਲਜ ਦੀ ਫ਼ੀਸ ਨਾਮਾਤਰ ਹੀ ਹੁੰਦੀ ਹੈ ਤੇ ਇੱਥੇ ਹੁਣ ਪ੍ਰੋਫ਼ੈਸਰ ਵੀ ਤਾਇਨਾਤ ਕਰ ਦਿੱਤੇ ਗਏ ਹਨ।ਇਸ ਲਈ ਵੱਧ ਤੋਂ ਵੱਧ ਵਿਦਿਆਰਥੀ ਸਰਕਾਰੀ ਕਾਲਜ ਵਿਖੇ ਦਾਖਲਾ ਲੈਣ।ਉਨ੍ਹਾਂ ਕਿਹਾ ਕਿ ਇਸ ਕਾਲਜ ਨੂੰ ਹੋਰ ਵੀ ਬਿਹਤਰ ਕਰਨ ਲਈ ਪੰਜਾਬ ਸਰਕਾਰ ਦੇ ਉਪਰਾਲੇ ਜਾਰੀ ਹਨ ਤੇ ਆਉਣ ਵਾਲੇ ਦਿਨਾਂ ਵਿੱਚ ਇਸ ਪੁਰਾਤਨ ਕਾਲਜ ਨੂੰ ਜ਼ਿਲ੍ਹੇ ਦਾ ਪ੍ਰਮੁੱਖ ਕਾਲਜ ਬਣਾਇਆ ਜਾਵੇਗਾ।

## ਫ਼ਰਜ਼ੀ ਐਮਰਜਿੰਗ ਇੰਡੀਆ ਇਨਫਰਾ ਲਿਮ: 'ਚ ਡੁੱਬ ਗਈ ਸਰੋਜ ਰਾਣੀ ਦੀ ਮੋਟੀ ਰਕਮ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਸ਼ਾਸਤਰੀ ਕਲੋਨੀ ਦੀ ਰਹਿਣ ਵਾਲੀ ਸਰੋਜ ਰਾਣੀ ਨਾਲ ਫਿਕਸ ਡਿਪਾਜ਼ਿਟ ਦੇ ਨਾਂਅ 'ਤੇ ਲੱਖਾਂ ਰੁਪਏ ਦੀ ਧੋਖਾਧੜੀ ਦਾ ਮਾਮਲਾ ਸਾਹਮਣੇ ਆਇਆ ਹੈ। ਪੀੜਤ ਦੀ ਸ਼ਿਕਾਇਤ 'ਤੇ ਪੁਲਿਸ ਨੇ ਮੁਲਜ਼ਮ ਗੁਰਪ੍ਰੀਤ ਸਿੰਘ ਖਿਲਾਫ ਧੋਖਾਧੜੀ ਦਾ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਸਰੋਜ ਰਾਣੀ ਨੇ ਪੁਲਿਸ ਨੂੰ ਆਪਣੇ ਬਿਆਨ ਵਿੱਚ ਦੱਸਿਆ ਕਿ 2 ਫਰਵਰੀ 2012 ਨੂੰ ਉਸ ਨੇ ਸਾਂਗਵਾਨ ਚੌਕ ਵਿਖੇ ਸਥਿਤ ਐਮਰਜਿੰਗ ਇੰਡੀਆ ਇਨਫਰਾ ਐਂਡ ਡਿਵੈਲਪਰਜ਼ ਲਿਮਟਿਡ ਵਿੱਚ 1,02,000 ਰੁਪਏ ਦੀ ਐਫ ਡੀ ਤੋਂ ਬਿਨਾਂ ਉਸ ਨੇ ਸਾਲ 2014 ਅਤੇ 2015 ਵਿੱਚ ਕ੍ਰਮਵਾਰ 2,19,497 ਰੁਪਏ ਅਤੇ 5,00,000 ਰੁਪਏ ਦੀਆਂ ਦੋ ਹੋਰ ਐਫਡੀ ਵੀ ਕੀਤੀਆਂ ਸਨ। ਪਹਿਲੀ ਐਫ਼ ਡੀ ਪੰਜ ਸਾਲਾਂ ਲਈ ਸੀ, ਜੋ ਅਪ੍ਰੈਲ 2018 ਵਿੱਚ ਪਰਪੱਕ ਹੋ ਗਈ। ਜਦੋਂ ਐਫ ਡੀ ਪ੍ਰਪੱਕ ਹੋ ਗਈ ਤਾਂ ਉਸਦਾ ਪੁੱਤਰ ਸੰਦੀਪ ਮੋਹਾਲੀ (ਪੰਜਾਬ) ਦੀ ਮੁੱਖ ਸ਼ਾਖਾ ਗਿਆ, ਜਿੱਥੇ ਕ੍ਰਮਚਾਰੀਆਂ ਨੇ ਐਫਡੀ ਦਸਤਾਵੇਜ਼ ਇਕੱਠੇ ਕਰਕੇ ਇੱਕ ਚਿੱਟੇ ਕਾਗ਼ਜ਼ 'ਤੇ ਕੰਪਨੀ ਦੀ ਮੋਹਰ ਲਾ ਕੇ ਰਸੀਦ ਦੇ ਕੇ ਕਿਹਾ ਕਿ ਇਸ ਸਮੇਂ ਪੈਸੇ ਨਹੀਂ ਹਨ ਤੇ ਬਾਅਦ ਵਿੱਚ ਆਉਣ ਲਈ ਕਿਹਾ।

ਕੁੱਝ ਸਮੇਂ ਬਾਅਦ ਜਦੋਂ ਸੰਦੀਪ ਦੁਬਾਰਾ ਮੋਹਾਲੀ ਗਿਆ ਤਾਂ ਦੇਖਿਆ ਕਿ ਕੰਪਨੀ ਦੇ ਦਫ਼ਤਰ ਨੂੰ ਪੁਲਿਸ ਨੇ ਸੀਲ ਕਰ ਦਿੱਤਾ ਸੀ ਤੇ ਕੰਪਨੀ ਬੰਦ ਕਰ ਦਿੱਤੀ ਗਈ ਸੀ। ਆਸ-ਪਾਸ ਦੇ ਲੋਕਾਂ ਤੋਂ ਪਤਾ ਲੱਗਾ ਕਿ ਕੰਪਨੀ ਦੇ ਡਾਇਰੈਕਟਰ ਗੁਰਪ੍ਰੀਤ ਸਿੰਘ ਕਈ ਲੋਕਾਂ ਨਾਲ ਵੱਡਾ ਧੋਖਾ ਕਰਕੇ ਫਰਾਰ ਹੈ। ਸਰੋਜ ਰਾਣੀ ਦੀ ਸ਼ਿਕਾਇਤ ਦੇ ਆਧਾਰ 'ਤੇ ਪੁਲਸ ਨੇ ਮੁਲਜ਼ਮਾਂ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਆਮ ਆਦਮੀ ਕਲੀਨਿਕ 'ਚ ਰੋਜ਼ਾਨਾ 100 ਤੋਂ ਜ਼ਿਆਦਾ ਮਰੀਜ਼ ਲੈ ਰਹੇ ਲਾਭ : ਸਿਵਲ ਸਰਜਨ

**ਮਾਨਸਾ (ਆਤਮਾ ਸਿੰਘ ਪਮਾਰ)**-ਸਿਵਲ ਸਰਜਨ ਡਾ. ਅਰਵਿੰਦਪਾਲ ਸਿੰਘ ਨੇ ਦੱਸਿਆ ਕਿ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਬੋਹਾ ਵਿਖੇ ਆਯੁਸ਼ਮਾਨ ਆਰੋਗਿਆ ਕੇਂਦਰ ਚਲਾਇਆ ਜਾ ਰਿਹਾ ਹੈ, ਜੋ ਆਧੁਨਿਕ ਡਿਜ਼ੀਟਲ ਢੰਗ ਨਾਲ ਬਣਾਇਆ ਗਿਆ ਹੈ, ਮਰੀਜ਼ਾਂ ਤੇ ਸਟਾਫ ਦੇ ਬੈਠਣ ਲਈ ਏ.ਸੀ.ਵੀ ਲਾਏ ਗਏ ਹਨ।

ਇਸ ਹਸਪਤਾਲ ਵਿਖੇ ਓ.ਪੀ.ਡੀ.'ਚ ਰੋਜ਼ ਲਗਭਗ 100 ਤੋਂ ਜਿਆਦਾ ਮਰੀਜ਼ ਲਾਭ ਲੈ ਰਹੇ ਹਨ।ਡਾ.ਅਰਵਿੰਦ ਨੇ ਦੱਸਿਆ ਕਿ ਇਸ ਸਿਹਤ ਕੇਂਦਰ ਰਾਹੀਂ 40 ਦੇ ਕਰੀਬ ਮੁਫ਼ਤ ਲੈਬਾਟਰੀ ਟੈਸਟ ਅਤੇ 100 ਕਿਸਮ ਦੀਆਂ ਦਵਾਈਆਂ ਵੀ ਮਰੀਜ਼ਾਂ ਨੂੰ ਹਰ ਸਮੇਂ ਮੁਫਤ ਮੁਹੱਈਆ ਕਰਵਾਈਆਂ ਜਾਂਦੀਆਂ ਹਨ, ਇਸ ਤੋਂ ਇਲਾਵਾ ਬੋਹਾ ਵਿਖੇ ਓਟ ਸੈਂਟਰ ਵੀ ਚਲਾਇਆ ਜਾ ਰਿਹਾ ਹੈ, ਇਸ ਓਟ ਸੈਂਟਰ ਰਾਹੀਂ ਨਸ਼ਾ ਛੱਡਣ ਵਾਲੇ ਲਗਭਗ 400 ਦੇ ਕਰੀਬ ਵਿਅਕਤੀ ਲਾਭ ਲੈ ਰਹੇ ਹਨ। ਇਸ ਤੋਂ ਇਲਾਵਾ ਸਬ ਸੈਂਟਰ ਵਿਖੇ ਗਰਭਵਤੀ ਮਾਂਵਾਂ ਤੇ ਬੱਚਿਆਂ ਦਾ ਟੀਕਾਕਰਨ, ਜਨਮ ਅਤੇ ਮੌਤ ਦੀ ਰਜਿਸਟ੍ਰੇਸ਼ਨ ਤੋਂ ਇਲਾਵਾ ਗਰਭਵਤੀ ਮਾਂਵਾਂ ਦੀ ਰਜਿਸਟ੍ਰੇਸ਼ਨ ਮੁੱਢਲੀ ਸਹਾਇਤਾ ਦਿੱਤੀ ਜਾਂਦੀ ਹੈ।

ਬੋਹਾ ਦੇ ਇਸ ਹਸਪਤਾਲ ਵਿਖੇ ਹੈਲਥ ਸੁਪਰਵਾਈਜ਼ਰ ਮੇਲ, ਹੈਲਥ ਸੁਪਰਵਾਈਜਰ ਫੀਮੇਲ, ਮਲਟੀ ਪਰਪਜ ਹੈਲਥ ਵਰਕਰ ਮੇਲ ਇਕ) ਮਲਟੀਪਰਪਜ ਹੈਲਥ ਵਰਕਰ ਫੀਮੇਲ (ਦੋ), ਫਾਰਮਾਸਿਸਟ ਅਤੇ ਸਟਾਫ ਨਰਸ ਤੋਂ ਇਲਾਵਾ 09 ਆਸ਼ਾ ਵਰਕਰ ਕੰਮ ਕਰਦੀਆਂ ਹਨ,ਇਥੇ ਬੱਚਿਆਂ ਅਤੇ ਗਰਵਭਤੀ ਮਾਵਾ ਦੇ ਟੀਕਾਕਰਨ ਤੋਂ ਇਲਾਵਾ ਆਇਰਨ ਫੋਲਿਕ ਐਸਿਡ ਦੀ ਗੋਲੀਆਂ, ਕੈਲਸ਼ੀਅਮ ਦੀਆਂ ਗੋਲੀਆਂ, ਮਲੇਰੀਏ ਦੀ ਦਵਾਈ ਤੇ ਮਲੇਰੀਏ ਦੇ ਟੈਸਟ ਬਿਲਕੁਲ ਮੁੱਫਤ ਅਤੇ ਪੇਟ ਦੇ ਕੀੜਿਆਂ ਦੀਆਂ ਗੋਲੀਆਂ ਵੀ ਦਿੱਤੀਆਂ ਜਾਂਦੀਆਂ ਹਨ। ਇਸ ਦੇ ਨਾਲ ਨਾਲ ਸਿਹਤ ਕ੍ਰਮਚਾਰੀਆਂ ਤੇ ਆਸ਼ਾ ਵਰਕਰ ਵੱਲੋਂ ਲੋਕਾਂ ਨੂੰ ਡੇਂਗੂ, ਮਲੇਰੀਏ, ਚਿਕਨਗਗੁਨੀਆ ਤੇ ਹੋਰ ਬਿਮਾਰੀਆਂ ਤੋਂ ਬਚਣ ਲਈ ਸਮੇਂ-ਸਮੇਂ 'ਤੇ ਜਾਗਰੂਕ ਵੀ ਕੀਤਾ ਜਾਂਦਾ ਹੈ।

## ਨਵ ਭਾਰਤ ਕਲਾ ਮੰਚ ਦੀ ਮੀਟਿੰਗ ਹੋਈ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਨਵ ਭਾਰਤ ਕਲਾ ਮੰਚ (ਰਜਿ:) ਦੀ ਮੀਟਿੰਗ ਮੰਚ ਦੇ ਚੇਅਰਮੈਨ ਜਸਕਰਨ ਬਾਂਸਲ ਦੀ ਪ੍ਰਧਾਨਗੀ ਹੇਠ ਗੀਤਾ ਭਵਨ ਵਿਖੇ ਕੀਤੀ ਗਈ। ਮੰਚ ਵੱਲੋਂ ਪਿਛਲੇ ਸਮੇ ਵਿੱਚ ਕੀਤੀਆਂ ਗਈਆਂ ਗਤੀਵਿਧੀਆਂ ਸਬੰਧੀ ਜਨਰਲ ਸਕੱਤਰ ਵੱਲੋਂ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਤੇ ਮੰਚ ਦੇ ਵਿੱਤ ਸਕੱਤਰ ਵੱਲੋਂ ਬੀਤੇ ਸਾਲ ਦਾ ਲੇਖਾ ਜੋਖਾ ਵੀ ਸਾਂਝਾ ਕੀਤਾ ਗਿਆ।ਇਸ ਮੌਕੇ ਪੁਰਾਣੀ ਕਮੇਟੀ ਨੂੰ ਭੰਗ ਕਰਕੇ ਨਵੀਂ ਕਮੇਟੀ ਦੀ ਚੋਣ ਕੀਤੀ ਗਈ, ਜਿਸ ਵਿੱਚ ਸਰਬਸੰਮਤੀ ਨਾਲ ਪਿਛਲੀ ਕਮੇਟੀ ਦੇ ਕੰਮ ਕਾਰ ਨੂੰ ਵੇਖਦਿਆਂ ਕੁਝ ਮੈਬਰਾਂ ਨੂੰ ਮੁੜ ਫਿਰ ਤੋਂ ਅਹੁਦੇਦਾਰ ਚੁਣਿਆ ਗਿਆ ਜਿਸ ਵਿੱਚ ਜਸਕਰਨ ਬਾਂਸਲ ਉਰਫ ਜੱਸੀ ਬਾਬਾ ਨੂੰ ਚੇਅਰਮੈਨ, ਮਹਿੰਦਰ ਸ਼ਾਹੀ ਨੂੰ ਸਰਪ੍ਰਸਤ, ਸੁਰਿੰਦਰ ਧੀਰ ਨੂੰ ਪ੍ਰਧਾਨ, ਲਛਮਣ ਦਾਸ ਗੋਇਲ ਨੂੰ ਵਿੱਤ ਸਕੱਤਰ, ਸੁਖਮੰਦਰ ਕਲਸੀ ਨੂੰ ਡਾਇਰੈਕਟਰ ਤੇ ਰਜਨੀਸ਼ ਕਰਕਰਾ ਨੂੰ ਜਨਰਲ ਸਕੱਤਰ ਚੁਣਿਆ ਗਿਆ।ਮੰਚ ਦੇ ਚੇਅਰਮੈਨ ਜਸਕਰਨ ਬਾਂਸਲ ਨੇ ਦੱਸਿਆ ਕਿ ਮੰਚ ਦੇ ਮੈਂਬਰਾਂ ਦੀ ਸਹਿਮਤੀ ਨਾਲ ਇੱਕ ਸਾਲ ਲਈ ਨਵੀਂ ਕਮੇਟੀ ਦਾ ਗਠਨ ਕੀਤਾ ਗਿਆ ਹੈ ਤੇ ਬਾਕੀ ਕਮੇਟੀ ਚੁਣਨ ਦਾ ਅਧਿਕਾਰ ਵੀ ਚੁਣੀ ਹੋਈ ਨਵੀਂ ਕਮੇਟੀ ਨੂੰ ਦਿੱਤਾ ਗਿਆ ਹੈ।ਇਸ ਮੌਕੇ ਬੋਲਦਿਆਂ ਨਵ ਨਿਯੁਕਤ ਪ੍ਰਧਾਨ ਸੁਰਿੰਦਰ ਧੀਰ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪੂਰੀ ਤਨਦੇਹੀ ਤੇ ਮਿਹਨਤ ਨਾਲ ਮੰਚ ਦੀ ਚੜ੍ਹਦੀ ਕਲਾ ਲਈ ਪਹਿਲਾਂ ਦੀ ਤਰ੍ਹਾਂ ਹੀ ਕੰਮ ਕਰਨਗੇ।

## ਹੰਗਾਮੀ ਹਾਲਤ ਨਾਲ ਤੁਰੰਤ ਨਜਿੱਠਣ ਲਈ ਕੁਇਕ ਰਿਸਪਾਂਸ ਟੀਮਾਂ ਬਣਾਈਆਂ

**ਮੂਣਕ (ਰਾਜਪਾਲ ਸਿੰਗਲਾ)**-ਕਿਸੇ ਵੀ ਹੰਗਾਮੀ ਹਾਲਤ ਨੂੰ ਤੁਰੰਤ ਨਜਿੱਠਣ ਲਈ ਜ਼ਿਲ੍ਹਾ ਸੰਗਰੂਰ ਵਿੱਚ ਕੁਇਕ ਰਿਸਪਾਂਸ ਟੀਮਾਂ ਦਾ ਗਠਨ ਕੀਤਾ ਗਿਆ ਹੈ ਤੇ ਸਮੂਹ ਉਪ ਮੰਡਲ ਮੈਜਿਸਟ੍ਰੇਟਸ ਨੂੰ ਆਪਣੀ-ਆਪਣੀ ਸਬ ਡਵੀਜ਼ਨ ਅਧੀਨ ਇਨ੍ਹਾਂ ਟੀਮਾਂ ਦਾ ਨੋਡਲ ਅਫਸਰ ਨਿਯੁਕਤ ਕੀਤਾ ਗਿਆ ਹੈ।ਇਹ ਜਾਣਕਾਰੀ ਸਾਂਝੀ ਕਰਦਿਆਂ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਕਮ ਵਧੀਕ ਡਿਪਟੀ ਕਮਿਸ਼ਨਰ ਸ਼੍ਰੀ ਅਮਿਤ ਬੈਂਬੀ ਨੇ ਦੱਸਿਆ ਕਿ ਉਪ ਮੰਡਲ ਸੰਗਰੂਰ ਦੀ ਟੀਮ ਵਿੱਚ ਉਪ ਕਪਤਾਨ ਪੁਲਿਸ ਸੁਖਦੇਵ ਸਿੰਘ (8054545007), ਤਹਿਸੀਲਦਾਰ ਜਗਤਾਰ ਸਿੰਘ, (9463577649), ਬੀ.ਡੀ.ਪੀ.ਓ. ਗੁਰਦਰਸ਼ਨ ਸਿੰਘ (8198800940), ਕਾਰਜ ਸਾਧਕ ਅਫਸਰ ਅਸ਼ਵਨੀ ਕੁਮਾਰ (9646060802), ਐਸ.ਐਮ.ਓ. ਡਾ. ਕਰਮਦੀਪ ਕਾਹਲ (98557-21070), ਐਸ.ਡੀ.ਓ.ਲੋਕ ਨਿਰਮਾਣ ਲਵਜੀਤ ਸਿੰਘ (9464705857) ਅਤੇ ਜ਼ਿਲ੍ਹਾ ਫਾਇਰ ਅਫ਼ਸਰ ਹਰਿੰਦਰਪਾਲ ਸਿੰਘ (9501904790) ਰਾਣਾ ਨਰਿੰਦਰ ਸਬ ਫਾਇਰ ਅਫਸਰ (855-8835167) ਨੂੰ ਸ਼ਾਮਲ ਕੀਤਾ ਗਿਆ ਹੈ। ਉਪ ਮੰਡਲ ਧੂਰੀ ਦੀ ਟੀਮ ਵਿੱਚ ਉਪ ਕਪਤਾਨ ਪੁਲਿਸ ਦਮਨਵੀਰ ਸਿੰਘ (8054545006), ਨਾਇਬ ਤਹਿਸੀਲਦਾਰ ਵਿਜੈ ਕੁਮਾਰ ਅਹੀਰ (9417295320), ਬੀ ਡੀ ਪੀ ਓ ਜਸਵਿੰਦਰ ਸਿੰਘ ਬੱਗਾ (9478902673), ਕਾਰਜ ਸਾਧਕ ਅਫਸਰ ਗੁਰਿੰਦਰ ਸਿੰਘ (9646015752), ਐਸ.ਐਮ.ਓ.ਡਾ. ਮੁਹੰਮਦ ਅਖ਼ਤਰ (9914283200), ਐਸ.ਡੀ.ਓ.ਲੋਕ ਨਿਰਮਾਣ ਮੁਨੀਸ਼ ਕੁਮਾਰ (8847451674) ਤੇ ਜ਼ਿਲ੍ਹਾ ਫਾਇਰ ਅਫ਼ਸਰ ਹਰਿੰਦਰ ਪਾਲ ਸਿੰਘ (9501904790) ਤੇ ਰੁਪੇਸ਼ ਕੁਮਾਰ, ਫਾਇਰਮੈਨ (8054545539) ਨੂੰ ਸ਼ਾਮਲ ਕੀਤਾ ਗਿਆ ਹੈ।ਉਪ ਮੰਡਲ ਭਵਾਨੀਗੜ੍ਹ ਦੀ ਟੀਮ ਵਿੱਚ ਉਪ ਕਪਤਾਨ ਪੁਲਿਸ ਰਾਹੁਲ ਕੌਸ਼ਲ, (8054500217), ਨਾਇਬ ਤਹਿਸੀਲਦਾਰ ਇਕਬਾਲ ਸਿੰਘ, (9815326992), ਬੀ.ਡੀ.ਪੀ.ਓ. ਲੈਨਿਨ ਗਰਗ (9872521300), ਕਾਰਜ ਸਾਧਕ ਅਫ਼ਸਰ ਅਸ਼ਵਨੀ ਕੁਮਾਰ (9646060802), ਐਸ.ਐਮ.ਓ. ਡਾ. ਵਿਨੋਦ ਕੁਮਾਰ (9417331100), ਐਸ.ਡੀ.ਓ.ਲੋਕ ਨਿਰਮਾਣ ਲਵਜੀਤ ਸਿੰਘ (9464705857) ਤੇ ਹਰਿੰਦਰ ਪਾਲ ਸਿੰਘ, ਜ਼ਿਲ੍ਹਾ ਫਾਇਰ ਅਫ਼ਸਰ (9501904790) ਰਾਣਾ ਨਰਿੰਦਰ, ਸਬ ਫਾਇਰ ਅਫਸਰ (855-8835167) ਸ਼ਾਮਲ ਹਨ। ਉਪ ਮੰਡਲ ਦਿੜ੍ਹਬਾ ਦੀ ਟੀਮ 'ਚ ਉਪ ਕਪਤਾਨ ਪੁਲਿਸ ਰੁਪਿੰਦਰ ਕੌਰ, (8054545009), ਕੁਲਵਿੰਦਰ ਸਿੰਘ, ਨਾਇਬ ਤਹਿਸੀਲਦਾਰ (9815542436), ਬੀ ਡੀ ਪੀ ਓ ਪ੍ਰਦੀਪ ਸ਼ਾਰਦਾ (9872207534), ਕਾਰਜ ਸਾਧਕ ਅਫਸਰ ਚੰਦਰ ਪ੍ਰਕਾਸ਼ (9646827005), ਐੱਸ ਐਮ ਓ ਡਾ. ਯਾਦਵਿੰਦਰ ਕੌਰ (9872778-870), ਐਸ.ਡੀ.ਓ.ਲੋਕ ਨਿਰਮਾਣ ਦਲਜੀਤ ਸਿੰਘ (9115049005) ਤੇ ਹਰਿੰਦਰ ਪਾਲ ਸਿੰਘ, ਜ਼ਿਲ੍ਹਾ ਫਾਇਰ ਅਫ਼ਸਰ (9501904790) ਰਾਣਾ ਨਰਿੰਦਰ, ਸਬ ਅਫ਼ਸਰ ਫਾਇਰ (8558835167) ਸ਼ਾਮਲ ਹਨ।

## ਫ਼ਤਿਹ ਦਿਵਸ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ



**ਜਗਰਾਉਂ (ਅਮਿਤ ਖੰਨਾ)**-ਐੱਮ.ਐੱਲ.ਡੀ. ਸੀਨੀ: ਸੈਕੰ: ਸਕੂਲ ਵਿਖੇ 315ਵਾਂ ਸਰਹਿੰਦ ਫ਼ਤਿਹ ਦਿਵਸ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ।ਇਸ ਮੌਕੇ ਸਕੂਲ ਦੀਆਂ ਿਵਿਦਆਰਥਣਾਂ ਨੇ ਸ਼੍ਰੀ ਸੁਖਮਨੀ ਸਾਹਿਬ ਦੇ ਪਾਠ ਕੀਤੇ ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਤੇ ਦੇਗ ਵਰਤਾਈ ਗਈ।ਪ੍ਰਾਰਥਨਾ ਸਭਾ ਵਿੱਚ ਮੈਡਮ ਹਰਮਨਦੀਪ ਕੌਰ ਨੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜੀਵਨ 'ਤੇ ਚਾਨਣਾ ਪਾਉਂਦਿਆ ਵਿਦਿਆਰਥੀਆਂ ਨੂੰ ਦੱਸਿਆ ਗਿਆ ਬਾਬਾ ਬੰਦਾ ਸਿੰਘ ਬਹਾਦਰ ਨੇ ਸਾਹਿਬ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਜੀ (ਜਿਨ੍ਹਾਂ ਨੂੰ ਸੂਬਾ ਸਰਹਿੰਦ ਨੇ ਨੀਂਹਾਂ ਵਿੱਚ ਚਿਣ ਵਾਕੇ ਸ਼ਹੀਦ ਕਰ ਦਿੱਤਾ ਸੀ) ਦੀ ਸ਼ਹੀਦੀ ਦਾ ਬਦਲਾ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਲਿਆ।ਬਾਬਾ ਬੰਦਾ ਸਿੰਘ ਬਹਾਦਰ ਨੇ ਆਮ ਲੋਕਾਂ ਦੀ ਫੌਜ ਦੇ ਬੁਲੰਦ ਹੌਸਲੇ ਨੇ ਮੁਗਲਾਂ ਦੀ ਟ੍ਰੇਂਡਫੌਜ ਤੇ ਜਿੱਤ ਪ੍ਰਾਪਤ ਕਰਕੇ 12 ਮਈ, 1710 ਨੂੰ ਸਰਹਿੰਦ ਫ਼ਤਿਹ ਕਰਕੇ ਪਹਿਲਾ ਸਿੱਖ ਰਾਜ ਸਥਾਪਿਤ ਕੀਤਾ।ਪ੍ਰਿੰਸੀਪਲ ਬਲਦੇਵ ਬਾਵਾ ਨੇ ਦੱਸਦਿਆਂ ਕਿਹਾ ਕਿ ਬਾਬਾ ਜੀ ਨੇ ਮੁਗ਼ਲਾਂ ਦੇ ਜਬਰ ਅਤੇ ਜ਼ੁਲਮਾਂ ਦਾ ਖਾਤਮਾ ਕੀਤਾ।ਮੁਜਾਰਿਆਂ ਨੂੰ ਜਮੀਨਾਂ ਦੇ ਮਾਲਕ ਬਣਾਇਆ।ਸਮਾਜ ਦੇ ਦੱਬੇ ਕੁਚਲੇ ਲੋਕਾਂ ਨੂੰ ਰਾਜ ਭਾਗ ਬਖਸ਼ਿਆ ਅਤੇ ਫੌਜ ਵਿੱਚ ਸ਼ਾਮਲ ਹਰ ਧਰਮ ਦੇ ਲੋਕਾਂ ਦਾ ਸਤਿਕਾਰ ਕੀਤਾ।ਉਨ੍ਹਾਂ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਅ 'ਤੇ ਸਿੱਕਾ ਅਤੇ ਮੋਹਰ ਚਲਾਏ।ਬਾਬਾ ਜੀ ਤੇ ਉਨ੍ਹਾਂ ਦੇ ਚਾਰ ਸਾਲਾਂ ਬੇਟੇ ਬਾਬਾ ਅਜੈ ਸਿੰਘ ਜੀ ਦੀ ਲਾਸਾਨੀ ਕੁਰਬਾਨੀ ਨੇ ਵਿਲੱਖਣ ਇਤਿਹਾਸ ਸਿਰਜਿਆ।

## ਹਾਦਸਿਆ ਤੋਂ ਬਚਣ ਲਈ ਲੋਕ ਟ੍ਰੈਫਿਕ ਪੁਲਸ ਨੂੰ ਸਹਿਯੋਗ ਦੇਣ : ਹਰਜੀਤ ਸਿੰਘ



**ਮੋਗਾ (ਇਕਬਾਲ ਸਿੰਘ ਖਹਿਰਾ)**-ਨਵ ਨਿਯੁਕਤ ਟ੍ਰੈਫਿਕ ਇੰਚਾਰਜ ਹਰਜੀਤ ਸਿੰਘ ਵੱਲੋਂ ਐੱਸ.ਐੱਸ.ਪੀ. ਮੋਗਾ ਅਜੈ ਗਾਂਧੀ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਮੋਗਾ ਸ਼ਹਿਰ ਵਿੱਚ ਦੁਕਾਨਦਾਰਾਂ ਵੱਲੋਂ ਆਵਾਜਾਈ ਵਾਲੀਆਂ ਸੜਕਾਂ ਕੀਤੇ ਨਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ ਦਾ ਅਗਾਜ਼ ਕੀਤਾ ਗਿਆ ਹੈ।, ਜਿਨ੍ਹਾ ਦੁਕਾਨਦਾਰਾਂ ਵੱਲੋਂ ਆਪਣਾ ਸਾਮਾਨ ਦੁਕਾਨਾਂ ਤੋਂ ਬਾਹਰ ਸੜਕ 'ਤੇ ਰੱਖ ਕੇ ਆਵਾਜਾਈ ਵਿੱਚ ਵਿਘਨ ਪਾਇਆ ਜਾ ਰਿਹਾ ਹੈ। ਉਨ੍ਹਾਂ ਦੁਕਾਨਾਂ ਦੇ ਅੱਗੇ ਲੱਗੇ ਸਾਮਾਨ ਨੂੰ ਮੌਕੇ 'ਤੇ ਹੀ ਚੁਕਾਇਆ ਤੇ ਦੁਕਾਨਦਾਰਾਂ ਨੂੰ ਚੇਤਾਵਨੀ ਦਿੱਤੀ ਕਿ ਜਿਸ ਦੁਕਾਨਦਾਰ ਨੇ ਸਾਮਾਨ ਸੜਕ ਦੇ ਬਾਹਰ ਰੱਖਿਆ ਤਾਂ ਉਨ੍ਹਾਂ 'ਤੇ ਤੁਰੰਤ ਕਰਵਾਈ ਕੀਤੀ ਜਾਵੇਗੀ। ਹਰਜੀਤ ਸਿੰਘ ਨੇ ਕਿਹਾ ਕਿ ਗੱਡੀਆਂ ਦੇ ਚਾਲਕ ਆਪਣੇ ਹਮੇਸ਼ਾ ਸੀਟ ਬੈਲਟ ਲਗਾ ਕੇ ਰੱਖਣ ਅਤੇ ਮੋਟਰਸਾਈਕਲਾਂ ਦੇ ਚਾਲਕ ਹੈਲਮਟ ਦੀ ਵਰਤੋਂ ਕਰਦੇ ਹੋਏ ਆਪਣੇ ਵਹੀਕਲਾਂ ਦੇ ਕਾਗਜ਼ ਪੂਰੇ ਰੱਖਣ। ਉਨ੍ਹਾਂ ਕਿਹਾ ਕਿ ਜਿੰਨੇ ਵੀ ਈ ਰਿਕਸ਼ਾ ਚਾਲਕ ਮੋਗਾ ਸ਼ਹਿਰ ਵਿੱਚ ਚਲਾਉਂਦੇ ਹਨ, ਉਹ ਕੋਈ ਵੀ ਈ-ਰਿਕਸ਼ਾ ਮੇਨ ਬਜ਼ਾਰ ਵਿੱਚ ਕਿਸੇ ਵੀ ਜਗ੍ਹਾ 'ਤੇ ਪਾਰਕਿੰਗ ਨਹੀਂ ਕਰਨਗੇ ਤੇ ਜਦੋਂ ਕੋਈ ਵੀ ਸਵਾਰੀ ਉਤਾਰਨੀ ਹੈ ਜਾਂ ਬਿਠਾਉਣੀ ਹੈ, ਉਹ ਸੜਕ ਦੇ ਖੱਬੇ ਪਾਸੇ ਖਾਲੀ ਜਗ੍ਹਾ 'ਤੇ ਰੋਕ ਕੇ ਸਵਾਰੀ ਨੂੰ ਬਠਾਉਣਗੇ ਅਤੇ ਉਤਾਰਨਗੇ, ਅਗਰ ਇਸ ਦੀ ਉਲੰਘਣਾ ਕੀਤੀ ਗਈ ਤਾਂ ਈ-ਰਿਕਸ਼ਾ ਚਾਲਕਾਂ ਖਿਲਾਫ ਬਣਦੀ ਸਖਤ ਕਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਮੇਨ ਚੌਕ ਵਿੱਚ ਖੜਨ ਵਾਲੀਆਂ ਸਰਕਾਰੀ ਤੇ ਪ੍ਰਾਈਵੇਟ ਬੱਸਾਂ ਦੇ ਮਾਲਕਾਂ ਤੇ ਚਾਲਕਾਂ ਨੂੰ ਬੇਨਤੀ ਹੈ ਕਿ ਕੋਈ ਵੀ ਬੱਸ ਜੋਗਿੰਦਰ ਚੌਕ ਵਿੱਚ ਖੜੀ ਨਾ ਕੀਤੀ ਜਾਵੇ ਅਤੇ ਸਫਰ ਕਰਨ ਵਾਲੇ ਮੁਸਾਫਰਾਂ ਨੂੰ ਬੇਨਤੀ ਕਿ ਉਹ ਸਾਰੇ ਬੱਸ ਅੱਡਾ ਮੋਗਾ ਵਿੱਚ ਜਾ ਕੇ ਹੀ ਬੱਸਾਂ ਵਿੱਚ ਬੈਠਨ ਤਾਂ ਜੋ ਕੋਈ ਘਟਨਾ ਨਾ ਵਾਪਰ ਸਕੇ।

## ਡਾ. ਬਲਜੀਤ ਕੌਰ ਨੇ ਲੋਕਾਂ ਦੀਆਂ ਸੁਣੀਆਂ ਮੁਸ਼ਕਲਾਂ




**ਮਲੋਟ (ਗੁਰਮੀਤ ਸਿੰਘ ਮੱਕੜ/ਓਮ ਪ੍ਰਕਾਸ਼ ਸ਼ੇਖੂ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਮੇਨ ਬਾਜ਼ਾਰ ਵਿੱਚ ਪਹੁੰਚ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣਨ ਤੇ ਮੁਸ਼ਕਲਾਂ ਦਾ ਹੱਲ ਕਰਨ ਲਈ ਲੋਕ ਮਿਲਣੀ ਕੀਤੀ। ਲੋਕ ਮਿਲਣੀ ਦੌਰਾਨ ਕੈਬਨਿਟ ਮੰਤਰੀ ਵੱਲੋਂ ਸਾਹਮਣੇ ਆਏ ਮਸਲਿਆਂ ਦਾ ਮੌਕੇ ਉੱਤੇ ਨਿਪਟਾਰਾ ਕੀਤਾ ਗਿਆ ਤੇ ਕੁੱਝ ਮਸਲਿਆਂ ਸਬੰਧੀ ਮੌਕੇ ਉੱਤੇ ਉੱਚ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਇਨ੍ਹਾਂ ਮਸਲਿਆਂ ਦਾ ਜਲਦ ਤੋਂ ਜਲਦ ਹੱਲ ਕਰਾਇਆ ਜਾਵੇ। ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਕੋਸ਼ਿਸ਼ ਹੈ ਕਿ ਲੋਕਾਂ ਦੇ ਮਸਲੇ ਉਨ੍ਹਾਂ ਦੇ ਦਰਾਂ ਉੱਤੇ ਜਾ ਕੇ ਸੁਲਝਾਏ ਜਾਣ। ਇਸੇ ਕਰਕੇ ਹੀ ਲੋਕ ਨੁਮਾਇੰਦਿਆਂ ਵੱਲੋਂ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਲੋਕਾਂ ਦੇ ਮਸਲਿਆਂ ਨੂੰ ਪਹਿਲ ਦੇ ਅਧਾਰ ਉੱਤੇ ਹੱਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਮੂਹ ਵਰਗਾਂ ਦੇ ਸਮਾਨਾਂਤਰ ਵਿਕਾਸ ਲਈ ਯਤਨਸ਼ੀਲ ਹੈ। ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਹਾਲ ਸੂਬੇ ਦੇ ਲੋਕਾਂ ਤੇ ਦੇਸ਼ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀ ਭਲਾਈ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਇਮਾਨਦਾਰੀ ਤੇ ਪੂਰੇ ਪਾਰਦਰਸ਼ੀ ਢੰਗ ਨਾਲ ਵਿਕਾਸ ਪ੍ਰੋਜੈਕਟ ਅਤੇ ਭਲਾਈ ਸਕੀਮਾਂ ਘੜੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਸਿਹਤ ਤੇ ਸਿੱਖਿਆ ਦੇ ਖੇਤਰਾਂ 'ਤੇ ਸਭ ਤੋਂ ਵੱਧ ਤਰਜੀਹ ਦਿੱਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਪੰਜਾਬ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ 'ਯੁੱਧ ਨਸ਼ਿਆਂ ਵਿਰੁੱਧ' ਚਲਾਇਆ ਜਾ ਰਿਹਾ ਹੈ, ਜਿਸ ਤਹਿਤ ਨਸ਼ਾ ਤਸਕਰਾਂ ਵਿਰੁੱਧ ਕਾਨੂੰਨੀ ਕਾਰਵਾਈਆਂ ਤੋਂ ਇਲਾਵਾ ਇਸ ਕਾਲੇ ਕਾਰੋਬਾਰ ਨਾਲ ਖੜ੍ਹੀਆਂ ਕੀਤੀਆਂ ਇਮਾਰਤਾਂ ਨੂੰ ਵੀ ਢਾਹਿਆ ਜਾ ਰਿਹਾ ਹੈ।

## ਰਾਮਗੜ੍ਹੀਆ ਵੈੱਲਫੇਅਰ ਕੌਂਸਲ ਨੇ ਮਹੀਨਾਵਾਰੀ ਰਾਸ਼ਨ ਵੰਡਿਆ



**ਜਗਰਾਉਂ (ਅਮਿਤ ਖੰਨਾ)**-ਇਲਾਕੇ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਰਾਮਗੜ੍ਹੀਆ ਵੈੱਲਫੇਅਰ ਕੌਂਸਲ ਦੇ ਸਰਪ੍ਰਸਤ ਬਾਬਾ ਮੋਹਣ ਸਿੰਘ ਸੱਗੂ ਦੀ ਅਗਵਾਈ ਹੇਠ ਰਾਮਗੜ੍ਹੀਆ ਵੈੱਲਫੇਅਰ ਕੌਂਸਲ ਲਗਾਤਾਰ ਲੋੜਵੰਦਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਆਪਣਾ ਬਣਦਾ ਯੋਗਦਾਨ ਪਾ ਰਹੀ ਹੈ।ਇਸ ਵਾਰ ਵੀ ਰਾਮਗੜ੍ਹੀਆ ਵੈੱਲਫੇਅਰ ਕੌਂਸਲ ਵੱਲੋਂ ਬਿਲਡਿੰਗ ਠੇਕੇਦਾਰ ਐਸੋਸੀਸੀਏਸ਼ਨ ਤੇ ਗੁਰਦੁਆਰਾ ਵਿਸ਼ਵਕਰਮਾ ਮੰਦਰ ਅੱਡਾ ਰਾਏਕੋਟ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਵਿਧਵਾ ਔਰਤਾਂ ਨੂੰ ਰਾਸ਼ਨ ਦਿੱਤਾ ਗਿਆ।ਇਸ ਮੌਕੇ ਰਾਮਗੜ੍ਹੀਆ ਵੈੱਲਫੇਅਰ ਕੌਂਸਲ ਦੇ ਸਰਪ੍ਰਸਤ ਬਾਬਾ ਮੋਹਣ ਸਿੰਘ ਸੱਗੂ ਨੇ ਆਖਿਆ ਕਿ ਜਿਸ ਤਰ੍ਹਾਂ ਅਸੀਂ ਹਰ ਰੋਜ਼ ਅਰਦਾਸ ਵਿੱਚ ਸਰਬੱਤ ਦਾ ਭਲਾ ਮੰਗਦੇ ਹਾਂ ਤਾਂ ਸਾਨੂੰ ਉਸ 'ਤੇ ਅਮਲ ਵੀ ਕਰਨਾ ਚਾਹੀਦਾ ਹੈ।ਸਾਨੂੰ ਆਪਣੇ ਆਸੇ-ਪਾਸੇ ਰਹਿੰਦੇ ਲੋੜਵੰਦਾਂ ਦੀ ਮਦਦ ਕਰਨੀ ਚਾਹੀਦੀ ਹੈ, ਜਿਸ ਤਰ੍ਹਾਂ ਰਾਮਗੜ੍ਹੀਆ ਵੈੱਲਫੇਅਰ ਕੌਂਸਲ ਆਪਣੇ ਸਾਥੀ ਮੈਂਬਰਾਂ ਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਇਸ ਮੁਹਿੰਮ ਨੂੰ ਲਗਾਤਾਰ ਅੰਜਾਮ ਦੇ ਰਹੀ ਹੈ।ਇਸ ਮੌਕੇ ਦਾਨੀ ਸੱਜਣਾਂ ਵੱਲੋਂ ਵਿਧਵਾਵਾਂ ਨੂੰ ਰਾਸ਼ਨ ਦਿੱਤਾ ਗਿਆ।ਬਾਬਾ ਮੋਹਣ ਸਿੰਘ ਸੱਗੂ ਨੇ ਆਪਣੇ ਸਾਥੀ ਮੈਂਬਰਾਂ ਤੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ, ਜੋ ਹਮੇਸ਼ਾ ਆਪਣੇ ਦਸਵੰਧ ਨੂੰ ਸਫਲਾ ਕਰਕੇ ਖੁਸ਼ੀ ਮਹਿਸੂਸ ਕਰਦੇ ਹਨ।ਇਸ ਮੌਕੇ ਬਲਵੰਤ ਸਿੰਘ ਪਨੇਸਰ, ਦਰਸ਼ਨ ਸਿੰਘ ਸੱਗੂ, ਸਰਜੀਤ ਸਿੰਘ ਐੱਸਡੀਓ, ਹਰਦਿਆਲ ਸਿੰਘ ਮੁੰਡੇ, ਪ੍ਰਿੰਸੀਪਲ ਮਨਮੋਹਨ ਸਿੰਘ ਸੌਂਦ, ਤਰਲੋਚਨ ਸਿੰਘ ਠੇਕੇਦਾਰ, ਰਜਿੰਦਰ ਸਿੰਘ ਰਿੰਕੂ, ਦਰਸ਼ਨ ਸਿੰਘ ਉੱਭੀ, ਜਗਦੇਵ ਸਿੰਘ ਮਠਾੜੂ, ਜਸਵੰਤ ਸਿੰਘ ਸੱਗੂ, ਡਾਕਟਰ ਰਾਜਬੀਰ ਸਿੰਘ ਸੀਹਰਾ, ਡਾਕਟਰ ਗੁਰਪ੍ਰੀਤ ਸਿੰਘ ਸੱਗੂ, ਸਰਪ੍ਰਸਤ ਰਾਮਗੜ੍ਹੀਆ ਵੈੱਲਫੇਅਰ ਕੌਂਸਲ, ਹਰਜਿੰਦਰ ਸਿੰਘ ਮੂੰਧੜ ਜਨਰਲ ਸੈਕਟਰੀ, ਤਰਲੋਚਨ ਸਿੰਘ ਪਨੇਸਰ ਸੈਕਟਰੀ, ਸੁਰਜੀਤ ਸਿੰਘ ਐੱਸਡੀਓ ਖਜ਼ਾਨਚੀ, ਪ੍ਰਿੰਸੀਪਲ ਰਜਿੰਦਰ ਸਿੰਘ ਧੰਜਲ ਸਲਾਹਕਾਰ, ਦਰਸ਼ਨ ਸਿੰਘ ਕਲਸੀ, ਜਗਦੇਵ ਸਿੰਘ ਮਠਾੜੂ, ਰਜਿੰਦਰ ਸਿੰਘ ਸੀਹਰਾ, ਦੀਦਾਰ ਸਿੰਘ ਸੀਹਰਾ, ਡਾਕਟਰ ਗੁਰਪ੍ਰੀਤ ਸਿੰਘ ਸੱਗੂ, ਗੁਰਚਰਨ ਸਿੰਘ ਘਟੋੜੇ, ਹਰਪ੍ਰੀਤ ਸਿੰਘ ਸੱਗੂ, ਹਰਦਿਆਲ ਸਿੰਘ ਮੁੰਡੇ, ਭੁਪਿੰਦਰ ਸਿੰਘ ਸੱਗੂ, ਬਲਦੇਵ ਸਿੰਘ, ਪ੍ਰੇਮ ਸਿੰਘ, ਰਜਿੰਦਰ ਸਿੰਘ ਉੱਭੀ, ਬਲਵਿੰਦਰ ਸਿੰਘ ਉੱਭੀ ਕਾਉਂਕੇ, ਜਸਵੰਤ ਸਿੰਘ ਕਾਉਂ ਤੇ ਸਰਬਜੀਤ ਸਿੰਘ ਰੀਅਲ ਮਲਕ, ਦਿਆ ਸਿੰਘ ਰੀਅਲ, ਰਣਜੀਤ ਸਿੰਘ ਰੀਅਲ, ਭਜਨ ਸਿੰਘ ਰੀਅਲ, ਇੰਦਰਜੀਤ ਸਿੰਘ ਆਦਿ ਹਾਜ਼ਰ ਸਨ।

THIS IS A PUBLIC ANNOUNCEMENT FOR INFORMATION PURPOSE ONLY AND IS NOT A PROSPECTUS ANNOUNCEMENT AND DOES NOT CONSTITUTE AN INVITATION OR OFFER TO ACQUIRE, PURCHASE OR SUBSCIBE FOR UNITS OR SECURITIES.
**NOT FOR RELEASE, PUBLICATION OR DISTRIBUTION, DIRECTLY OR INDIRECTLY OUTSIDE INDIA.**
**INITIAL PUBLIC OFFERING OF EQUITY SHARES ON THE SME PLATFORM OF BSE LIMITED IN COMPLIANCE WITH THE CHAPTER IX OF THE SECURITIES AND EXCHANGE BOARD OF INDIA (ISSUE OF CAPITAL AND DISCLOSURE REQUIREMENTS) REGULATION, 2018, AS AMENDED ("SEBI ICDR REGULATIONS")**

**PUBLIC ANNOUNCEMENT**

**TWINKLE PAPERS LIMITED**
**Corporate Identification Number**: U22012PB1995PLC017091

Our Company was originally incorporated as *"Twinkle Papers Private Limited"* under the provisions of the Companies Act, 1956, pursuant to certificate of incorporation dated September 27, 1995 issued at Jalandhar by the Registrar of Companies, Punjab, Himachal Pradesh and Chandigarh. Subsequently, our Company was converted into public limited company under the provisions of Companies Act, 2013, pursuant to the approval accorded by our Shareholders at the Extra-ordinary General Meeting held on May 04, 2023. Consequently, the name of our Company was changed to *"Twinkle Papers Limited"* and a fresh Certificate of Incorporation consequent upon conversion from a private limited company to a public limited company was issued by the Registrar of Companies, Chandigarh on May 19, 2023. The registered office of our company is situated at Ludhiana Road Malerkotla Distt Sangrur, Malerkotla, Punjab 148023. The Corporate Identification Number of our Company is U22012PB1995PLC017091.

**Registered Office:** Ludhiana Road Malerkotla Distt Sangrur, Malerkotla, Punjab, India, 148023;
**Telephone:** +01675-263401, 263402 & +91 99150 12101, +91 98155 33333;
**E-mail**: amit@twinklepapers.com.; **Fax No. Not Applicable**;
**Website**: https://twinklepapers.com.; **Contact Person**: Ms. Twinkle Narula, Company Secretary & Compliance Officer;

**PROMOTERS OF OUR COMPANY: AMIT JAIN, RUCHI JAIN & AYUSH JAIN**

**INITIAL PUBLIC OFFER OF UPTO 39,88,000 EQUITY SHARES OF FACE VALUE OF ₹ 10/- EACH ("EQUITY SHARES") OF OUR COMPANY AT AN ISSUE PRICE OF ₹ [•] PER EQUITY SHARE (INCLUDING A SHARE PREMIUM OF ₹ [•] PER EQUITY SHARE) FOR CASH, AGGREGATING UP TO ₹ [•] LAKHS ("PUBLIC ISSUE"), COMPRISING A FRESH ISSUE OF UP TO 39,88,000 EQUITY SHARES AGGREGATING TO Rs. [•]/- LAKH BY OUR COMPANY ("FRESH ISSUE"). OUT OF WHICH [•] EQUITY SHARES OF FACE VALUE OF ₹ 10/- EACH, AT AN ISSUE PRICE OF ₹ [•] PER EQUITY SHARE FOR CASH, AGGREGATING ₹ [•] LAKHS WILL BE RESERVED FOR SUBSCRIPTION BY THE MARKET MAKER TO THE ISSUE (THE "MARKET MAKER RESERVATION PORTION"). THE PUBLIC ISSUE LESS MARKET MAKER RESERVATION PORTION I.E. ISSUE OF [•] EQUITY SHARES OF FACE VALUE OF ₹ 10/- EACH, AT AN ISSUE PRICE OF ₹ [•] PER EQUITY SHARE FOR CASH, AGGREGATING UPTO ₹ [•] LAKHS IS HEREINAFTER REFERRED TO AS THE "NET ISSUE". THE PUBLIC ISSUE AND NET ISSUE WILL CONSTITUTE [•] % AND [•] % RESPECTIVELY OF THE POST- ISSUE PAID-UP EQUITY SHARE CAPITAL OF OUR COMPANY.**

This Public announcement is being made in compliance with and in accordance with Regulation 247 of the SEBI (ICDR) Regulations, 2018 which prescribe regarding public announcement to inform the public that our Company is proposing, subject to applicable statutory and regulatory requirements, receipt of requisite approvals, market condition and other considerations, to undertake initial public offering of its Equity shares pursuant to the issue and has filed Draft Red Herring Prospectus dated May 09, 2025 which has been filed with the SME Platform of BSE Limited.
In relation to above, the DRHP filed with the SME Platform of BSE Limited shall be made available to the public for comments, by hosting it on the respective websites of the Stock Exchanges i.e. https://www.bseindia.com/, website of the Company at https://twinklepapers.com. and the websites of Book Running Lead Manager to the issue i.e. Fast Track Finsec Private Limited at www.ftfinsec.com ("BRLM").
Our Company hereby invites the members of the public to give comments on the DRHP filed with SME Platform of BSE Limited with respect to disclosures made in the DRHP, if any for a period of at least 21 days from May 09, 2025 to June 02, 2025 on or before 5:00pm. The members of the public are requested to send a copy of their comments to BSE and/or to the Company Secretary and Compliance officer of our Company and/or the BRLM at their respective addresses i.e. on email id of Company at amit@twinklepapers.com, email id of BRLM at investor@ftfinsec.com.
Investments in equity and equity related securities involve a degree of risk and investors should not invest any funds in the issue unless they can afford to take the risk of losing their entire investment. Investors are advised to read the risk factors carefully before taking an investment decision in the issue. For taking an investment decision, investors must rely on their own examination of our company and the issue, including the risk involved. The Equity shares in the issue have not been recommended or approved by SEBI, nor does SEBI guarantee the accuracy or adequacy of the contents of DRHP. Specific attention of the investors is invited to "**Risk Factors**" beginning on page no. 38 of Draft Red Herring Prospectus.
Any decision to invest in the Equity Shares described in the DRHP may only be made after the Red Herring Prospectus ("RHP") has been filed with the RoC and must be solely on the basis of such RHP as there may be material changes in the RHP from the DRHP.
For details of the main objects of our Company as contained in its Memorandum of Association, see "History and certain other corporate matters on page no. 218 of the Draft Red Herring Prospectus.
The liability of the members of our Company is limited. For details of the share capital, capital structure of our company, the names of the signatories to the Memorandum of Association and the number of shares of our company subscribed by them, of our company, please see "Capital Structure" beginning on page no. 88 of the Draft Red Herring Prospectus.

| BOOK RUNNING LEAD MANAGER | REGISTRAR TO THE ISSUE |
|---|---|
| Fasttrack Finsec<br>Category-I Merchant Banker | Health & Wealth We Manage Both<br>Alankit LIMITED |
| **FAST TRACK FINSEC PRIVATE LIMITED**<br>**SEBI Registration No.** INM000012500<br>**Office No.** V-116, 1st Floor, New Delhi House, 27, Barakhamba Road, New Delhi - 110001<br>Tel No.: +91 9910990488<br>**Contact Person**: Ms. Sakshi/Ms. Amisha Gupta<br>**Email**: mb@ftfinse.com; investor@ftfinsec.com<br>**Website**: www.ftfinsec.com | **ALANKIT ASSIGMENTS LIMITED**<br>**SEBI Registration No.** INR000002532<br>**Address:** 205-208 Anarkali Complex Jhandewalan Extension New Delhi - 110055<br>**Tel No**: 011-42541234<br>**Contract Person:** Harish Chandra Agrawal<br>**Email:** .harish@alankit.com<br>**Website:** https://www.alankit.com |

All capitalised terms used herein and not specifically defined shall have the same meaning as ascribed to them in the DRHP dated May 09, 2025.

**TWINKLE PAPERS LIMITED**
**On behalf of the Board of Directors**
**Sd/-**
**Twinkle Narula**
**Company Secretary and Compliance officer**

**Place:Ludhiana**
**Date: May 12, 2025**

**Twinkle Papers Limited** is proposing, subject to applicable statutory and regulatory requirements, receipt of requisite approvals, market condition and other considerations, to undertake initial public issue of its Equity shares and has filed the DRHP dated May 09, 2025 with Stock exchange. The DRHP shall be available on the website of the Stock Exchange i.e. BSE at https://www.bseindia.com/, website of the Company at https://twinklepapers.com. and the websites of Book Running Lead Manager to the issue i.e. Fast Track Finsec Private Limited at www.ftfinsec.com Potential investors should note that investment in equity shares involves a high degree of risk and for details relating to such risks, please see the section titled "Risk Factors" on page no. 38 of the Draft Red Herring Prospectus. Potential investors should not rely on the DRHP filed with the Stock exchanges for making any investment decision, and should instead rely on the RHP, for making investment decision.
The Equity shares have not been and will not be registered under the U.S. Securities Act of 1933 (the "US Securities Act") or any state securities law in United States, and unless so registered, and may not be offered or sold within the United States, except pursuant to an exemption from, or in a transaction not subject to the registration requirements of the U.S. Securities Act and applicable U.S. state securities laws.
This announcement has been prepared for publication in India and may not be released in the United States. This announcement does not constitute an offer of securities for sale in any jurisdiction, including the United States and any securities described in this announcement may not be offered or sold in the United States absent registration under the U.S. Securities Act of 1933, as amended or an exemption from registration. Any public offering of securities to be made in the United States will be made by means of a prospectus that may be obtained from the Company and that will contain detailed information about the Company and management, as well as financial statements. There will be no public offerings of the Equity shares in the United States

13 May Page-8.qxd 5/12/2025 10:12 PM Page 1



# ਵਿਸ਼ਵ ਸ਼ਾਂਤੀ ਤੇ ਹਿੰਦ-ਪਾਕਿ ਕੁੜੱਤਣ ਦੇ ਖ਼ਾਤਮੇ ਲਈ ਅਰਦਾਸ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਹਿੰਦ-ਪਾਕ ਵਿੱਚ ਚੱਲ ਰਹੇ ਤਣਾਓ ਦੇ ਖਾਤਮੇ ਅਤੇ ਵਿਸ਼ਵ ਸ਼ਾਂਤੀ ਦੀ ਸਥਾਪਤੀ ਲਈ ਅੱਜ ਗਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਰਦਾਸ ਦਿਵਸ ਦਾ ਅਯੋਜਨ ਕੀਤੀ ਗਿਆ ਜਿਸ ਵਿੱਚ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਬਾਣੀ ਪ੍ਰਵਾਹ, ਕੀਰਤਨ ਅਤੇ ਅਰਦਾਸ ਦੀ ਸਮਾਪਤੀ ਉਪਰੰਤ ਸੰਗਤ ਨੂੰ ਸੰਬੋਧਨ ਕਰਦਿਆਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਮੂਲ ਪੰਜਾਬੀਆਂ ਦੀ ਮੌਜੂਦਾ ਤ੍ਰਾਸਦੀ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸਮੁੱਚੀ ਸਿੱਖ ਕੌਮ ਨੂੰ ਮੁਢਲੇ ਤੌਰ ਤੇ ਆਪਸੀ ਇਤਫ਼ਾਕ ਕਾਇਮ ਕਰਨ ਵੱਲ ਵਧੇਰੇ ਤਵੱਜੋ ਦੇਣੀ ਚਾਹੀਦੀ ਹੈ ਤਾਂ ਜੋ ਦਰਪੇਸ਼ ਚੁਣੌਤੀਆਂ ਦਾ ਸਮਰੱਥ ਤਰੀਕੇ ਟਾਕਰਾ ਕੀਤਾ ਜਾ ਸਕੇ। ਬੀਤੇ ਦਿਨੀਂ ਮੁਹਾਲੀ ਦੇ ਪਿੰਡ ਕੁੰਬੜਾ ਵਿਖੇ ਪ੍ਰਵਾਸੀ ਪੰਜਾਬੀਆਂ ਵੱਲੋਂ ਦੋ ਨੌਜਵਾਨਾਂ ਦੇ ਕਤਲ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਘਟਨਾ ਸਾਡੇ ਆਪਣੇ ਖ਼ਿੱਤੇ ਵਿੱਚ ਸਾਡੀ ਹੋਂਦ ਲਈ ਇੱਕ ਵੰਗਾਰ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਅਜਿਹੀਆਂ ਗੈਰਮਾਨਵੀ ਘਟਨਾਵਾਂ ਦੇ ਖਾਤਮੇ ਲਈ ਸਾਨੂੰ ਆਪਣੇ ਵਖਰੇਵੇਂ ਤਿਆਗ ਕੇ ਇੱਕਜੁੱਟ ਹੋਣਾ ਪਵੇਗਾ। ਜਥੇਦਾਰ ਗੜਗੱਜ ਨੇ ਕਿਹਾ ਕਿ ਮੁਹਾਲੀ ਇਲਾਕਾ ਸ਼ਹੀਦਾਂ-ਸਿੰਘਾਂ ਦੀ ਪਵਿੱਤਰ ਧਰਤੀ ਹੈ। ਇਸ ਉੱਤੇ ਤੰਬਾਕੂ, ਬੀੜੀ, ਪਾਨ ਅਤੇ ਹਲਾਲ ਮੀਟ ਦੀਆਂ ਦੁਕਾਨਾਂ ਚਲਾਉਣ ਦੀ ਇਜਾਜ਼ਤ ਨਹੀਂ ਦਿਆਂਗੇ, ਜਿਨ੍ਹਾਂ ਨੂੰ ਬੰਦ ਕਰਨ ਲਈ ਜਲਦੀ ਹੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਜਾਵੇਗੀ। ਇਸ ਮੌਕੇ ਗੁਰਦੁਆਰਾ ਪ੍ਰਬੰਧਕੀ ਕਮੇਟੀ ਵੱਲੋਂ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।ਇਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜਥੇਦਾਰ ਪਰਵਿੰਦਰ ਸਿੰਘ ਸੋਹਾਣਾ ਨੇ ਜਥੇਦਾਰ ਵੱਲੋਂ ਕੌਮ ਨੂੰ ਸਮੁੱਚੀ ਸੇਧ ਅਤੇ ਸਮਾਜਿਕ ਕਾਰਜਾਂ ਵਿੱਚ ਭਰਵਾਂ ਯੋਗਦਾਨ ਪਾਉਣ ਬਦਲੇ ਉਨ੍ਹਾਂ ਦਾ ਉਚੇਚੇ ਤੌਰ 'ਤੇ ਧੰਨਵਾਦ ਕੀਤਾ ਗਿਆ। ਜਥੇਦਾਰ ਸੋਹਾਣਾ ਨੇ ਆਸ ਪ੍ਰਗਟ ਕੀਤੀ ਕਿ ਸਿੱਖ ਕੌਮ ਦੀ ਸੁਚੱਜੀ ਅਗਵਾਈ ਰਾਹੀਂ ਤਮਾਮ ਚੁਣੌਤੀਆਂ ਨੂੰ ਜਲਦੀ ਹੀ ਸਰ ਕਰ ਲਿਆ ਜਾਵੇਗਾ।ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ, ਸੀ.ਮੀਤ ਪ੍ਰਧਾਨ ਸਤਵਿੰਦਰ ਸਿੰਘ, ਕਮੇਟੀ ਮੈਂਬਰ ਜਰਨੈਲ ਸਿੰਘ, ਭੁਪਿੰਦਰ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਸ਼ਮਸ਼ੇਰ ਪੁਰਖਾਲਵੀ, ਚੇਅਰਮੈਨ ਜਸਬੀਰ ਸਿੰਘ ਜੱਸਾ, ਅਕਾਲੀ ਆਗੂ ਸੁਖਵਿੰਦਰ ਸਿੰਘ ਛਿੰਦੀ, ਬਿੱਲਾ ਛੱਜੂਮਾਜਰਾ, ਹਰਵਿੰਦਰ ਸਿੰਘ ਲੰਬੜਦਾਰ, ਕਰਮਜੀਤ ਸਿੰਘ ਸੋਹਾਣਾ, ਐਡਵੋਕੇਟ ਗਗਨਦੀਪ ਸਿੰਘ, ਸਾਬਕਾ ਸਰਪੰਚ ਗੁਰਪ੍ਰੀਤ ਸਿੰਘ, ਕੈਪਟਨ ਰਮਨਦੀਪ ਸਿੰਘ ਬਾਵਾ, ਲੰਬੜਦਾਰ ਹਰਿੰਦਰ ਸਿੰਘ ਸੁੱਖਗੜ੍ਹ, ਜਤਿੰਦਰ ਸਿੰਘ ਜੇਪੀ ਅਤੇ ਕੁਲਦੀਪ ਸਿੰਘ ਆਦਿ ਆਗੂ ਹਾਜ਼ਰ ਸਨ।

# ਸਵੈ-ਇੱਛੁਕ ਖ਼ੂਨਦਾਨ ਕੈਂਪ 17 ਨੂੰ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਭਾਰਤੀ ਸੈਨਾ ਲਈ ਐਮਰਜੈਂਸੀ ਸਵੈ-ਇੱਛੁਕ ਖ਼ੂਨਦਾਨ ਕੈਂਪ 17 ਮਈ ਨੂੰ ਸੂਰੀ ਹਸਪਤਾਲ ਭੱਦੀ ਰੋਡ ਬਲਾਚੌਰ ਵਿਖੇ ਆਯੋਜਿਤ ਕੀਤਾ ਜਾਵੇਗਾ ਜੋ ਕਿ ਸਵੇਰੇ ਦੇ 10 ਵਜੇ ਆਰੰਭ ਹੋਵੇਗਾ ਤੇ ਸ਼ਾਮ ਦੇ 5 ਵਜੇ ਤੱਕ ਚੱਲਦਾ ਰਹੇਗਾ। ਖ਼ੂਨਦਾਨ ਕੈਂਪ ਸਬੰਧੀ ਸੂਰੀ ਹਸਪਤਾਲ ਭੱਦੀ ਰੋਡ ਬਲਾਚੌਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਡਾਕਟਰ ਉਜਾਗਰ ਸਿੰਘ ਸੂਰੀ ਡਾ. ਭੁਪਿੰਦਰ ਸਿੰਘ ਸੂਰੀ, ਡਾ. ਅਮਨਦੀਪ ਕੌਰ ਸੂਰੀ ਨੇ ਦੱਸਿਆ ਕਿ ਹਰ ਤੰਦਰੁਸਤ ਵਿਅਕਤੀ ਜਿਸ ਦੀ ਉਮਰ 18 ਤੋਂ 65 ਸਾਲ ਤੱਕ ਹੋਵੇ, ਸਰੀਰਕ ਵਜ਼ਨ ਘੱਟੋ ਘੱਟ 45 ਕਿਲੋ ਹੋਵੇ, ਹੀਮੋਗਲੋਬਿਨ ਦੀ ਮਾਤਰਾ 12.5 ਪ੍ਰਤੀਸ਼ਤ ਗ੍ਰਾਮ ਤੋਂ ਘੱਟ ਨਾ ਹੋਵੇ, ਕਿਸੇ ਕਰੋਨਿਕ ਬਿਮਾਰੀ ਤੋਂ ਪੀੜਤ ਨਾ ਹੋਵੇ ਤਾਂ ਤਿੰਨ ਮਹੀਨੇ ਬਾਅਦ ਡਾਕਟਰੀ ਪ੍ਰਵਾਨਗੀ ਨਾਲ ਸਵੈ ਇੱਛੁਕ ਤੌਰ 'ਤੇ ਖ਼ੂਨਦਾਨ ਕਰ ਸਕਦਾ ਹੈ। ਹਰ ਖ਼ੂਨਦਾਨੀ ਨੂੰ ਨਿਯਮਾਂ ਤਹਿਤ ਰਿਫਰੈਸ਼ਮੈਂਟ ਅਤੇ ਸਨਮਾਨ ਦਿੱਤਾ ਜਾਵੇਗਾ। ਡਾ. ਉਜਾਗਰ ਸਿੰਘ ਸੂਰੀ, ਡਾ. ਭੁਪਿੰਦਰ ਸਿੰਘ ਸੂਰੀ, ਡਾ. ਅਮਨਦੀਪ ਕੌਰ ਸੂਰੀ ਨੇ ਅਪੀਲ ਕੀਤੀ ਕਿ ਖ਼ੂਨਦਾਨੀ ਸਮਾਜ ਸੇਵਕਾਂ ਤੇ ਪ੍ਰੇਰਕਾਂ ਨੂੰ ਬੇਨਤੀ ਕੀਤੀ ਗਈ ਹੈ ਕਿ ਭਾਰਤੀ ਸੈਨਾ ਲਈ ਸਵੈ-ਇੱਛੁਕ ਤੌਰ 'ਤੇ ਖ਼ੂਨਦਾਨ ਕਰਨ ਅਤੇ ਯੋਗਦਾਨ ਪਾ ਕੇ ਖ਼ੂਨਦਾਨ ਕੈਂਪ ਨੂੰ ਸਫਲ ਕਰਨ।

# ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵੇਂ ਚੁਣੇ ਮੈਂਬਰਾਂ ਨੇ ਮੁੱਖ ਮੰਤਰੀ ਨਾਲ ਕੀਤੀ ਮੁਲਾਕਾਤ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਫ਼ਦ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨਾਲ ਉਨ੍ਹਾਂ ਦੇ ਨਿਵਾਸ ਸੰਤ ਕਬੀਰ ਕੁਟੀਰ 'ਤੇ ਮਿਲਿਆ। ਮੁੱਖ ਮੰਤਰੀ ਨੇ ਕਮੇਟੀ ਦੇ ਨਵੇਂ ਚੁਣੇ ਮੈਂਬਰਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਇਹ ਸਿੱਖ ਸਮਾਜ ਲਈ ਇੱਕ ਇਤਿਹਾਸਿਕ ਲੰਮਹਾ ਹੈ। ਮੌਜੂਦਾ ਸਰਕਾਰ ਦੇ ਤੀਜੀ ਵਾਰ ਗਠਨ ਦੇ ਬਾਅਦ ਪਹਿਲੀ ਵਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਨ ਕਮੇਟੀ ਦੇ ਚੋਣ ਸ਼ਾਂਤੀਪੂਰਣ ਰੂਪ ਨਾਲ ਸਪੰਨ ਹੋਏ ਹਨ। ਇਹ ਕਮੇਟੀ ਰਾਜ ਵਿੱਚ ਸਿੱਖ ਗੁਰੂਦੁਆਰਿਆਂ ਦੇ ਸੰਚਾਲਨ ਅਤੇ ਪ੍ਰਬੰਧਨ ਵਿੱਚ ਅਹਿਮ ਭੂਮਿਕਾ ਨਿਭਾਏਗੀ। ਵਰਨਣਯੋਗ ਹੈ ਕਿ ਇਸ ਤੋਂ ਪਹਿਲਾਂ ਕਮੇਟੀ ਦੇ 40 ਮੈਂਬਰ ਚੁਣੇ ਹੋਏ ਸਨ। ਹੁਣ ਹੋਰ 9 ਮੈਂਬਰ ਸਰਬਸੰਮਤੀ ਨਾਲ ਚੁਣੇ ਗਏ ਹਨ, ਜਿਨ੍ਹਾਂ ਵਿੱਚੋਂ ਕਈ ਮੈਂਬਰ ਮੁੱਖ ਮੰਤਰੀ ਨਾਲ ਮੁਲਾਕਾਤ ਕਰਨ ਪਹੁੰਚੇ। ਸੈਣੀ ਨੇ ਵਫ਼ਦ ਤੋਂ ਆਸ ਵਿਅਕਤ ਕੀਤੀ ਕਿ ਉਹ ਗੁਰੂ ਘਰਾਂ ਦੇ ਕੰਮਾਂ ਨੂੰ ਪਾਰਦਰਸ਼ਤਾ ਅਤੇ ਨਿਸ਼ਕਾਮ ਭਾਵ ਨਾਲ ਕਰਨ। ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਸੂਬਾ ਸਰਕਾਰ ਕਮੇਟੀ ਨੂੰ ਹਰ ਸੰਭਵ ਸਹਿਯੋਗ ਪ੍ਰਦਾਨ ਕਰੇਗੀ, ਤਾਂ ਜੋ ਇਹ ਸਮਾਜ ਹਿੱਤ ਵਿੱਚ ਮਜਬੂਤ ਕੰਮ ਕਰ ਸਕਣ ਅਤੇ ਆਪਣੀ ਇੱਕ ਸਥਾਈ ਪਹਿਚਾਣ ਸਥਾਪਿਤ ਕਰ ਸਕਣ। ਮੁੱਖ ਮੰਤਰੀ ਨੇ ਕਿਹਾ ਕਿ ਇਸ ਕਮੇਟੀ ਰਾਹੀਂ ਸਿੱਖ ਸਮਾਜ ਲਈ ਜੋ ਵੀ ਕੰਮ ਕੀਤੇ ਜਾਣਗੇ, ਉਹ ਆਉਣ ਵਾਲੀ ਪੀੜ੍ਹੀਆਂ ਲਈ ਪ੍ਰੇਰਣਾ ਸਰੋਤ ਬਨਣਗੇ।ਵਫਦ ਨੇ ਸਿੱਖ ਸਮਾਜ ਨਾਲ ਸਬੰਧਿਤ ਕੁੱਝ ਸੁਝਾਅ ਵੀ ਮੁੱਖ ਮੰਤਰੀ ਦੇ ਸਾਹਮਣੇ ਰੱਖੇ, ਜਿਨ੍ਹਾਂ 'ਤੇ ਮੁੱਖ ਮੰਤਰੀ ਨੇ ਸਕਾਰਾਤਮਕ ਪ੍ਰਤੀਕ੍ਰਿਆ ਦਿੱਤੀ ਅਤੇ ਉਨ੍ਹਾਂ ਨੂੰ ਪੂਰਾ ਕਰਨ ਦਾ ਭਰੋਸਾ ਦਿੱਤਾ।ਇਸ ਮੌਕੇ 'ਤੇ ਸਿੱਖ ਸਮਾਜ ਦੇ ਸੀਨੀਅਰ ਪ੍ਰਤੀਨਿਧੀ ਜਗਦੀਸ਼ ਸਿੰਘ ਝੀਂਡਾ, ਬਲਜੀਤ ਸਿੰਘ ਦਾਦੂਵਾਲ, ਗੁਲਾਬ ਸਿੰਘ ਮੂਨਕ, ਮੁੱਖ ਮੰਤਰੀ ਦੇ ਰਾਜਨੀਤਿਕ ਸਕੱਤਰ ਤਰੁਣ ਭੰਡਾਰੀ ਸਮੇਤ ਅਨੇਕ ਮਾਣਯੋਗ ਵਿਅਕਤੀ ਮੌਜੂਦ ਰਹੇ।

# 18 ਨੂੰ ਭਾਣੋਕੀ ਵਿਖੇ ਹੋਵੇਗਾ ਬਾਲੂ ਜਠੇਰਿਆਂ ਦਾ ਜੋੜ ਮੇਲਾ



**ਫਗਵਾੜਾ (ਡਾ. ਰਮਨ)**- ਬਾਲੂ ਜਠੇਰਿਆਂ ਦੇ 32ਵੇਂ ਸਲਾਨਾ ਜੋੜ ਮੇਲੇ ਦੀਆਂ ਤਿਆਰੀਆਂ ਸਬੰਧੀ ਇਕ ਮੀਟਿੰਗ ਕਮੇਟੀ ਚੇਅਰਮੈਨ ਮਾਸਟਰ ਹਰਬਲਾਸ ਬਾਲੂ ਦੀ ਪ੍ਰਧਾਨਗੀ ਹੇਠ ਜਠੇਰੇ ਅਸਥਾਨ ਪਿੰਡ ਭਾਣੋਕੀ ਵਿਖੇ ਹੋਈ। ਮੀਟਿੰਗ ਦੌਰਾਨ ਸਲਾਨਾ ਜੋੜ ਮੇਲੇ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਉਪਰੰਤ ਪ੍ਰਬੰਧਕਾਂ ਨੇ ਦੱਸਿਆ ਕਿ ਪਿੰਡ ਭਾਣੋਕੀ ਸਥਿਤ ਜਠੇਰੇ ਅਸਥਾਨ ਵਿਖੇ 18 ਮਈ ਨੂੰ ਸਲਾਨਾ ਜੋੜ ਮੇਲਾ ਕਰਵਾਇਆ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਸਵੇਰੇ 9 ਵਜੇ ਨਿਸ਼ਾਨ ਸਾਹਿਬ ਦੀ ਰਸਮ ਉਪਰੰਤ 10.30 ਵਜੇ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਦੇ ਪਾਠ ਦਾ ਭੋਗ ਪਾਇਆ ਜਾਵੇਗਾ। ਉਪਰੰਤ 11.30 ਵਜੇ ਤੋਂ ਸ਼ਾਮ 4 ਵਜੇ ਤੱਕ ਧਾਰਮਿਕ ਸਟੇਜ ਸਜਾਈ ਜਾਵੇਗੀ। ਜਿਸ ਵਿਚ ਪ੍ਰਸਿੱਧ ਗਾਇਕ ਕਲਾਕਾਰ ਕੁਲਵਿੰਦਰ ਰਿੰਪੀ, ਧੀਰਾ ਸਿੱਧੂ, ਚਾਂਦਨੀ ਸਿਤਾਰਾ, ਡਿਊਟ ਜੋੜੀ ਗੋਲਡੀ ਮਾਨ, ਗੁਰਵਿੰਦਰ ਮਾਨ, ਸਾਬੀ ਬੰਗੜ, ਬਲਜਿੰਦਰ ਜੋਤੀ ਭੋਗਪੁਰ ਵਾਲੇ ਧਾਰਮਿਕ ਗੀਤਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਚਾਹ ਪਕੌੜਿਆਂ ਦੀ ਸੇਵਾ ਅਤੇ ਬਾਬਾ ਜੀ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਉਹਨਾਂ ਸਮੂਹ ਬਾਲੂ ਪਰਵਾਰਾਂ ਨੂੰ ਜਿੱਥੇ ਇਸ ਸਲਾਨਾ ਜੋੜ ਮੇਲੇ ਵਿਚ ਸਹਿਯੋਗ ਦੀ ਪੁਰਜ਼ੋਰ ਅਪੀਲ ਕੀਤੀ ਹੈ, ਉੱਥੇ ਹੀ ਕਿਹਾ ਕਿ ਕੋਈ ਵੀ ਵਿਅਕਤੀ ਨਸ਼ਾ ਕਰਕੇ ਮੇਲੇ ਵਿਚ ਨਾ ਆਵੇ। ਇਸ ਮੌਕੇ ਕਮੇਟੀ ਦੇ ਪ੍ਰਧਾਨ ਤੇਜਰਾਜ ਪਟਵਾਰੀ, ਮੀਤ ਪ੍ਰਧਾਨ ਬੂਟੀ ਰਾਮ ਮੌਲੀ, ਰਾਮ ਸਿੰਘ ਠੇਕੇਦਾਰ, ਅਮਰਜੀਤ ਸਿੰਘ ਤੇ ਪਿਆਰਾ ਲਾਲ, ਥਾਣੇਦਾਰ ਬਖਸ਼ੀ ਰਾਮ, ਡਾ. ਕੁਲਵਿੰਦਰ ਬਾਲੀ, ਬਲਵੀਰ ਚੰਦ, ਠੇਕੇਦਾਰ ਹੰਸਰਾਜ ਸੰਤੋਖਪੁਰਾ, ਹਰਬਲਾਸ ਥਲਾ, ਹਰੀਪਾਲ ਨੂਰਮਹਿਲ, ਲਖਵੀਰ ਬਾਲੂ, ਦਿਲਬਰ ਸਿੰਘ ਰਾਣੀਪੁਰ, ਰਣਜੀਤ ਕੁਮਾਰ, ਜਸਵੀਰ ਕੁਮਾਰ ਮੌਲੀ ਆਦਿ ਹਾਜ਼ਰ ਸਨ।

# ਹਿੰਦੁਸਤਾਨ ਵੈੱਲਫੇਅਰ ਬਲੱਡ ਡੋਨਰਜ਼ ਕਲੱਬ ਵੱਲੋਂ ਖ਼ੂਨਦਾਨ ਕੈਂਪ

## ● ਬੀ ਐਸ ਐਫ ਤੇ ਸੰਸਥਾਵਾਂ ਵੱਲੋਂ ਕੈਂਪ 'ਚ 98 ਖ਼ੂਨਦਾਨੀਆਂ ਨੇ ਨਿਭਾਈ ਜ਼ਿੰਮੇਵਾਰੀ



**ਫਗਵਾੜਾ (ਜਸਵਿੰਦਰ ਢੱਡਾ)**- ਪਹਿਲਗਾਮ ਵਿੱਚ ਅੱਤਵਾਦੀਆਂ ਵਲੋਂ ਨਾਪਾਕ ਖ਼ੂਨੀ ਕਾਂਡ ਦੇ ਜਵਾਬ ਵਿੱਚ ਭਾਰਤੀ ਫੌਜਾਂ ਵਲੋਂ ਜਾਰੀ ਉਪਰੇਸ਼ਨ ਸਿੰਧੂਰ ਤਹਿਤ ਕਾਰਵਾਈ ਅਤੇ ਪਾਕਿਸਤਾਨ ਨਾਲ ਚੱਲ ਰਹੀ ਜੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਰਤ ਦੇ ਜਾਂਬਾਜ਼ ਯੋਧਿਆਂ ਦੀ ਜੀਵਨ ਸੁਰੱਖਿਆ ਲਈ ਹਿੰਦੁਸਤਾਨ ਵੈਲਫੇਅਰ ਬਲੱਡ ਡੋਨਰਜ਼ ਕਲੱਬ (ਰਜਿ.) ਫਗਵਾੜਾ ਵਲੋਂ ਬੀ.ਐਸ.ਐਫ ਹੈਡਕੁਆਰਟਰ ਪੰਜਾਬ ਅਤੇ ਫਗਵਾੜਾ ਦੀਆਂ ਸਮੂਹ ਧਾਰਮਿਕ ਅਤੇ ਸਮਾਜਿਕ ਸੰਸਥਾਵਾਂ ਦੇ ਸਹਿਯੋਗ ਨਾਲ ਇੱਕ ਖ਼ੂਨਦਾਨ ਕੈਂਪ ਸ਼ਿਵ ਮੰਦਰ ਤਲਾਬ ਅਰੋੜਿਆਂ ਮੇਹਲੀ ਗੇਟ ਫਗਵਾੜਾ ਵਿਖੇ ਆਯੋਜਿਤ ਕੀਤਾ ਗਿਆ । ਜਿਸ ਵਿੱਚ ਮੁੱਖ ਮਹਿਮਾਨ ਵਜੋਂ ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਕੈਂਥ ਅਤੇ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਵਿਚਾਰ ਪ੍ਰਗਟ ਕੀਤੇ ਕਿ ਸਾਡੀ ਸੁਰੱਖਿਆ ਫੌਜਾਂ 'ਤੇ ਜਿੰਨਾ ਮਾਣ ਕਰੀਏ ਓਨਾ ਹੀ ਘੱਟ ਹੈ ਅਤੇ ਉਹਨਾਂ ਨੇ ਮਜ਼ਬੂਤੀ ਨਾਲ ਪਹਿਰਾ ਦੇ ਕੇ ਸਾਡੇ ਮਾਣ ਨੂੰ ਕਈ ਗੁਣਾ ਵਧਾਇਆ ਹੈ । ਕੈਂਪ ਦੀ ਪ੍ਰਧਾਨਗੀ ਕਰਦਿਆਂ ਸੀਮਾ ਸੁਰੱਖਿਆ ਬਲ ਦੇ ਡੀ ਆਈ ਜੀ ਪੰਜਾਬ ਡਾ. ਸ਼ਿਵਕੁਮਾਰ ਨੇ ਕਿਹਾ ਕਿ ਪੰਜਾਬ ਦੇ ਬਹਾਦਰ ਲੋਕਾਂ ਵਲੋਂ ਖ਼ੂਨਦਾਨ ਕੈਂਪ ਅਤੇ ਜ਼ਿੰਦਾਦਿਲ ਸਹਿਯੋਗ ਬੇਮਿਸਾਲ ਹੈ ।ਸ਼ਿਵ ਮੰਦਰ ਪੱਕਾ ਬਾਗ ਸਟਾਰਚ ਮਿੱਲ ਦੇ ਪ੍ਰਧਾਨ ਇੰਦਰਜੀਤ ਕਾਲੜਾ, ਪਰਬਤ ਮੱਠ ਹਦੀਆਬਾਦ ਦੇ ਟ੍ਰਸਟੀ ਰਾਕੇਸ਼ ਦੁੱਗਲ, ਲਾਇਨ ਕਲੱਬ ਫਗਵਾੜਾ ਦੇ ਪ੍ਰਧਾਨ ਆਸ਼ੂ ਮਾਰਕੰਡਾ, ਉੱਘੇ ਗਾਇਕ ਜਸਵੀਰ ਮਾਹੀ ਅਤੇ ਸ਼ਿਵ ਮੰਦਰ ਤਲਾਬ ਅਰੋੜਿਆਂ ਪ੍ਰਧਾਨ ਬੌਬੀ ਅਰੋੜਾ ਅਤੇ ਪ੍ਰੋਜੈਕਟ ਡਾਇਰੈਕਟਰਾਂ ਨੀਰਜ ਬਖਸ਼ੀ ਅਤੇ ਕੁਸ਼ ਵਢੇਰਾ ਦੀ ਪ੍ਰੇਰਨਾ ਸਦਕਾ 98 ਖ਼ੂਨਦਾਨੀਆਂ ਨੇ ਕੈਂਪ ਵਿੱਚ ਖ਼ੂਨਦਾਨ ਕਰਕੇ ਆਪਣਾ ਸਮਾਜਿਕ ਫਰਜ਼ ਅਦਾ ਕੀਤਾ । ਕਲੱਬ ਪ੍ਰਧਾਨ ਪੰਡਿਤ ਰਾਹੁਲ ਸ਼ਰਮਾ ਅਤੇ ਸਕੱਤਰ ਵਿਤਿਨ ਪੁਰੀ ਨੇ ਕਿਹਾ ਕਿ ਖ਼ੂਨ ਦੀ ਕਮੀ ਕਾਰਨ ਕਿਸੇ ਵੀ ਜਵਾਨ ਦਾ ਜਾਨੀ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ ਅਤੇ ਲੋੜ ਅਨੁਸਾਰ ਹੋਰ ਖ਼ੂਨਦਾਨ ਕੈਂਪ ਆਯੋਜਿਤ ਕੀਤੇ ਜਾਣਗੇ । ਕਲੱਬ ਦੇ ਸਾਬਕਾ ਪ੍ਰਧਾਨ ਵਿਕਰਮ ਗੁਪਤਾ ਅਤੇ ਚੇਅਰਮੈਨ ਜਰਨੈਲ ਸਿੰਘ ਬਸਰਾ ਨੇ ਸਮੂਹ ਸੰਸਥਾਵਾਂ ਦੇ ਸਹਿਯੋਗ ਲਈ ਧੰਨਵਾਦ ਕੀਤਾ । ਇਸ ਮੌਕੇ ਕਲੱਬ ਕਬਾਨਾ ਦੇ ਉਪ ਪ੍ਰਧਾਨ ਜਯੋਤੀ ਕੁਮਾਰ, ਨੀਲਮ, ਵਿਤਿਨ ਪੁਰੀ, ਨੀਰਜ ਬਖਸ਼ੀ, ਰਮਨ ਛਾਬੜਾ, ਦਵਿੰਦਰ ਕੁਮਾਰ, ਰਾਜੀਵ ਸ਼ਰਮਾ, ਗਗਨ ਰਾਜ ਪੁਰੋਹਿਤ, ਜੁਗਨੂ ਸ਼ਰਮਾ, ਰਾਜੇਸ਼ ਸ਼ਰਮਾ, ਰਾਕੇਸ਼ ਵਢੇਰਾ, ਪ੍ਰਭਜੋਤ ਸਿੰਘ, ਨਰੇਸ਼ ਕੋਹਲੀ, ਸਿੱਖਿਆ ਰਤਨ ਗੁਰਮੀਤ ਸਿੰਘ, ਨੀਤੂ, ਡਾ. ਅੰਜੂ ਸ਼ਰਮਾ, ਜਸਮੀਤ ਕੌਰ, ਸੁਸ਼ੀਲ ਸ਼ਰਮਾ ਹਾਜ਼ਰ ਸਨ ।

# ਸਿਵਲ ਡਿਫੈਂਸ ਟ੍ਰੇਨਿੰਗ ਕੈਂਪ ਦੌਰਾਨ 100 ਵਲੰਟੀਅਰਾਂ ਨੇ ਲਈ ਸਿਖਲਾਈ




**ਹੁਸ਼ਿਆਰਪੁਰ/ਗੜ੍ਹਸ਼ੰਕਰ (ਬਲਵੀਰ ਸਿੰਘ ਸੈਣੀ)**- ਡਿਪਟੀ ਕਮਿਸ਼ਨਰ-ਕਮ-ਕੰਟਰੋਲਰ ਸਿਵਲ ਡਿਫੈਂਸ ਆਸ਼ਿਕਾ ਜੈਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਜ਼ਿਲ੍ਹਾ ਕਮਾਂਡਰ ਪੰਜਾਬ ਹੋਮਗਾਰਡਜ਼-ਕਮ-ਅਡੀਸ਼ਨਲ ਕੰਟਰੋਲਰ ਸਿਵਲ ਡਿਫੈਂਸ ਰਵੇਲ ਸਿੰਘ ਵੱਲੋਂ ਮਿਲੇ ਟ੍ਰੇਨਿੰਗ ਪ੍ਰੋਗਰਾਮ ਅਨੁਸਾਰ ਐਸ.ਡੀ.ਐਮ ਗੜ੍ਹਸ਼ੰਕਰ ਹਰਬੰਸ ਸਿੰਘ ਅਤੇ ਤਹਿਸੀਲਦਾਰ ਗੜ੍ਹਸ਼ੰਕਰ ਸੁਖਜਿੰਦਰ ਸਿੰਘ ਦੀ ਮੌਜੂਦਗੀ ਵਿਚ ਕੰਪਨੀ ਕਮਾਂਡਰ ਸਿਖਲਾਈ ਕੇਂਦਰ ਪੰਜਾਬ ਹੋਮਗਾਰਡਜ਼ ਮਨਿੰਦਰ ਸਿੰਘ ਹੀਰਾ ਅਤੇ ਦਵਿੰਦਰ ਸਿੰਘ ਵੱਲੋਂ ਖਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਸਿਵਲ ਡਿਫੈਂਸ ਦਾ ਟ੍ਰੇਨਿੰਗ ਕੈਂਪ ਲਗਾਇਆ ਗਿਆ। ਟ੍ਰੇਨਿੰਗ ਦੌਰਾਨ ਮੌਕ ਡਰਿੱਲ ਐਕਸਾਈਜ਼ ਕਰਵਾਈ ਗਈ ਅਤੇ ਐਮਰਜੈਂਸੀ ਹਾਲਾਤ ਵਿਚ ਰੈਸਕਿਊ ਕਰਨ ਟ੍ਰੇਨਿੰਗ ਵੀ ਦਿੱਤੀ ਗਈ। ਇਸ ਟ੍ਰੇਨਿੰਗ ਪ੍ਰੋਗਰਾਮ ਵਿਚ 100 ਵਲੰਟੀਅਰਾਂ ਨੇ ਹਿੱਸਾ ਲਿਆ। ਇਸ ਮੌਕੇ ਰੈੱਡ ਕ੍ਰਾਸ ਸੁਸਾਇਟੀ ਵੱਲੋਂ ਸੰਜੀਵਨ ਸਿੰਘ ਨੇ ਪੱਟੀਆਂ ਅਤੇ ਮੁਢਲੀ ਸਹਾਇਤਾ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸੈਕਟਰ ਵਾਰਡਨ, ਸਿਵਲ ਡਿਫੈਂਸ ਹੁਸ਼ਿਆਰਪੁਰ ਪ੍ਰਮੋਦ ਕੁਮਾਰ ਅਤੇ ਦਫ਼ਤਰੀ ਸਟਾਫ਼ ਮੌਜੂਦ ਸੀ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਇਲਾਕਾ ਪੱਧਰੀ ਡੈਲੀਗੇਟ ਅਜਲਾਸ




## ● ਕੇ ਐੱਸ ਅਟਵਾਲ ਪ੍ਰਧਾਨ, ਸਰਬਜੀਤ ਕੌਰ ਸਕੱਤਰ ਬਣੀ

**ਕਰਤਾਰਪੁਰ** : ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਅੱਜ ਏਥੇ ਆਪਣਾ ਇਲਾਕਾ ਪੱਧਰੀ ਡੈਲੀਗੇਟ ਅਜਲਾਸ ਯੂਨੀਅਨ ਆਗੂ ਕਸ਼ਮੀਰ ਸਿੰਘ ਘੁੱਗਸ਼ੋਰ, ਬਲਵਿੰਦਰ ਕੌਰ ਦਿਆਲਪੁਰ ਅਤੇ ਬਲਬੀਰ ਸਿੰਘ ਧੀਰਪੁਰ ਦੀ ਪ੍ਰਧਾਨਗੀ ਹੇਠ ਕੀਤਾ ਗਿਆ। ਜਿਸ ਵਿੱਚ ਇਲਾਕੇ ਭਰ ਚੋਂ 5 ਦਰਜਨ ਤੋਂ ਵੱਧ ਡੈਲੀਗੇਟਾਂ ਨੇ ਸ਼ਮੂਲੀਅਤ ਕੀਤੀ। ਯੂਨੀਅਨ ਆਗੂ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਜਥੇਬੰਦੀ ਦਾ ਸੂਹਾ ਲਾਲ ਝੰਡਾ ਝੁਲਾਉਣ ਉਪਰੰਤ ਮਜ਼ਦੂਰ ਜਮਾਤ ਦੇ ਵਿਛੜੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ 2 ਮਿੰਟ ਦਾ ਮੌਨ ਧਾਰਨ ਕੀਤਾ।ਇਸ ਮੌਕੇ ਇਲਾਕਾ ਪੱਧਰੀ ਬੀਤੇ ਦੀਆਂ ਸਰਗਰਮੀਆਂ ਦੀ ਰੀਵਿਊ ਰਿਪੋਰਟ ਸਕੱਤਰ ਬਲਵੀਰ ਸਿੰਘ ਨੇ ਪੜ੍ਹੀ। ਜਿਸ 'ਤੇ ਸ਼ਾਮਲ ਡੈਲੀਗੇਟ ਨੇ ਭਰਵੀਂ ਚਰਚਾ ਕੀਤੀ ਅਤੇ ਸੁਝਾਵਾਂ ਨਾਲ ਪਾਸ ਕੀਤੀ ਗਈ।ਇਸ ਮੌਕੇ ਆਗੂਆਂ ਸੰਬੋਧਨ ਕਰਦਿਆਂ ਕਿਹਾ ਕਿ ਯੂਨੀਅਨ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਜਿਸ ਵਿੱਚ ਕਿਰਤ ਕਾਨੂੰਨਾਂ ਵਿੱਚ ਸੋਧਾਂ ਕਰਕੇ ਦਿਹਾੜੀ ਦਾ ਸਮਾਂ ਅੱਠ ਘੰਟੇ ਤੋਂ ਵਧਾ ਕੇ ਬਾਰਾਂ ਘੰਟੇ ਕਰਨ ਦਾ ਡਟਵਾਂ ਵਿਰੋਧ ਕਰੇਗੀ। ਇਲਾਕੇ ਵਿੱਚ ਮਜ਼ਦੂਰ ਯੂਨੀਅਨ ਵੱਲੋਂ ਸੰਘਰਸ਼ ਰਾਹੀਂ ਲੋੜਵੰਦਾਂ ਲਈ ਪਲਾਟਾਂ ਦੇ ਲਈ ਪਵਾਏ ਗਏ ਮਤਿਆਂ ਅਨੁਸਾਰ ਪਲਾਟਾਂ ਨੂੰ ਲੈਣ ਲਈ ਅੱਗੇ ਸੰਘਰਸ਼ ਵਿੱਢੇਗੀ। ਭਾਰਤ ਪਾਕਿਸਤਾਨ ਵਿਚਲੀ ਜੰਗ ਦਾ ਵਿਰੋਧ ਕਰਦਿਆਂ ਜੰਗੀ ਮਾਹੌਲ ਸਿਰਜ ਕੇ ਭਾਰਤ ਵਲੋਂ ਅਮਰੀਕਾ ਨਾਲ ਮੁਕਤ ਵਪਾਰ ਸਮਝੌਤਾ ਕਰਨ ਅਤੇ ਜੰਗ ਦੀ ਦਹਿਸ਼ਤ ਕਾਰਨ ਆਪਣੇ ਘਰਾਂ ਖ਼ਾਸਕਰ ਬਿਹਾਰ ਨੂੰ ਵਾਪਸ ਪਰਤੇ ਪ੍ਰਵਾਸੀ ਮਜ਼ਦੂਰਾਂ ਖ਼ਿਲਾਫ਼ ਗਲਤ ਧਾਰਨਾਵਾਂ ਫੈਲਾਉਣ ਖ਼ਿਲਾਫ਼ ਨਿੰਦਾ ਮਤਾ ਪਾਸ ਕੀਤਾ ਗਿਆ।ਇਸ ਮੌਕੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਕਿਹਾ ਕਿ ਪਹਿਲਗਾਮ ਹਮਲੇ ਦੀ ਨਿਰਪੱਖ ਜਾਂਚ ਕਰਕੇ ਸੱਚ ਲੋਕਾਂ ਸਾਹਮਣੇ ਲਿਆਂਦਾ ਜਾਵੇ ਅਤੇ ਕਸ਼ਮੀਰੀ ਮਸਲੇ ਦਾ ਫੌਜੀ ਨਹੀਂ, ਸਿਆਸੀ ਹੱਲ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਦੇ ਟਵੀਟ ਉਪਰੰਤ ਪਾਕਿ ਸਮੇਤ ਭਾਰਤ ਵਲੋਂ ਸੀਜ਼ਫਾਇਰ ਕਰਨ ਦਾ ਐਲਾਨ ਕਰਨ ਨੇ ਸਾਬਿਤ ਕੀਤਾ ਕਿ ਭਾਰਤ ਸਰਕਾਰ ਅਮਰੀਕੀ ਸਾਮਰਾਜ ਦੀ ਕਠਪੁਤਲੀ ਹੈ।ਇਸ ਮੌਕੇ ਕਾਣੀ ਵੰਡ ਨੂੰ ਖ਼ਤਮ ਕਰਨ ਲਈ ਜ਼ਮੀਨ ਹੱਦਬੰਦੀ ਕਾਨੂੰਨ ਨੂੰ ਲਾਗੂ ਕਰਕੇ ਵਾਧੂ ਜ਼ਮੀਨਾਂ ਬੇਜ਼ਮੀਨੇ ਮਜ਼ਦੂਰਾਂ ਕਿਸਾਨਾਂ ਵਿੱਚ ਵੰਡੀਆਂ ਜਾਣ, ਲੋੜਵੰਦ ਲੋਕਾਂ ਨੂੰ ਰਿਹਾਇਸ਼ੀ ਪਲਾਟ, ਮਕਾਨ ਉਸਾਰੀ ਲਈ ਗ੍ਰਾਂਟ ਦੇਣ, ਲਾਲ ਲਕੀਰ ਵਿੱਚ ਰਹਿੰਦੇ ਲੋਕਾਂ ਨੂੰ ਮਾਲਕੀ ਹੱਕ ਦੇਣ, ਮਗਨਰੇਗਾ ਸਮੇਤ ਸਾਲ ਭਰ ਕੰਮ ਕਰਨ ਵਾਲੇ ਹੱਥਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ, ਦਿਹਾੜੀ 1000 ਰੁਪਏ ਕਰਨ, ਸਮੁੱਚਾ ਕਰਜ਼ਾ ਮੁਆਫ਼ ਕਰਨ ਤੇ ਬਦਲਵੇਂ ਕਰਜ਼ੇ ਦਾ ਪ੍ਰਬੰਧ ਕਰਨ ਅਤੇ ਸਮਾਜਿਕ ਜਬਰ ਬੰਦ ਕਰਨ ਦੀ ਮੰਗ ਕੀਤੀ ਗਈ।ਅਜਲਾਸ ਦੇ ਅੰਤ ਵਿੱਚ ਯੂਨੀਅਨ ਦੀ ਇਲਾਕਾ ਪੱਧਰੀ 11 ਮੈਂਬਰੀ ਟੀਮ ਦੀ ਚੋਣ ਕੀਤੀ ਗਈ। ਚੁਣੀ ਗਈ ਕਮੇਟੀ ਵਿੱਚ ਕੇ ਐੱਸ ਅਟਵਾਲ ਪ੍ਰਧਾਨ, ਸਰਬਜੀਤ ਕੌਰ ਕੁੱਦੋਵਾਲ ਸਕੱਤਰ, ਸੁਖਵਿੰਦਰ ਸੁੱਖ ਪ੍ਰੈੱਸ ਸਕੱਤਰ ਅਤੇ ਪਰਮਜੀਤ ਕੁਮਾਰ ਵਿੱਤ ਸਕੱਤਰ, ਬਲਵਿੰਦਰ ਕੌਰ ਦਿਆਲਪੁਰ, ਪਰਮਜੀਤ ਕੌਰ ਮੀਕੋ, ਗੋਬਿੰਦਾ, ਅਮਰੀਕ ਕਾਲਾ ਖੇੜਾ, ਬਲਬੀਰ ਸਿੰਘ ਧੀਰਪੁਰ ਅਤੇ ਬਲਵਿੰਦਰ ਕੌਰ ਘੁੱਗ ਆਦਿ ਕਮੇਟੀ ਮੈਂਬਰ ਬਣਾਏ ਗਏ।ਇਸ ਮੌਕੇ ਭਰਾਤਰੀ ਜਥੇਬੰਦੀਆਂ ਇਸਤਰੀ ਜਾਗ੍ਰਿਤੀ ਮੰਚ ਦੀ ਸੂਬਾਈ ਆਗੂ ਜਸਵੀਰ ਕੌਰ ਜੱਸੀ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਆਗੂ ਮੰਗਲਜੀਤ ਪੰਡੋਰੀ ਨੇ ਭਰਾਤਰੀ ਸੰਦੇਸ਼ ਦਿੱਤਾ।

# ਬੇਦੀ ਨੇ ਨਰਵਾਨਾ 'ਚ ਖੁੱਲ੍ਹਾ ਦਰਬਾਰ ਲਗਾ ਕੇ ਸੁਣੀਆਂ ਲੋਕਾਂ ਦੀਆਂ ਸਮੱਸਿਆਵਾਂ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰੀ ਕ੍ਰਿਸ਼ਣ ਕੁਮਾਰ ਬੇਦੀ ਨੇ ਨਰਵਾਨਾ ਦੇ ਪੀਡਬਲਿਯੂਡੀ ਰੇਸਟ ਹਾਊਸ ਵਿੱਚ ਖੁੱਲਾ ਦਰਬਾਰ ਲਗਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜਨ ਸਮੱਸਿਆਵਾਂ ਦੀ ਪ੍ਰਾਥਮਿਕਤਾ ਆਧਾਰ 'ਤੇ ਹੱਲ ਕਰ ਕੇ ਉਨ੍ਹਾਂ ਨੂੰ ਐਕਸ਼ਨ ਟੇਕਨ ਰਿਪੋਰਟ ਦੇਣ। ਬੇਦੀ ਨੇ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਸਰਕਾਰ ਅੰਤੋਂਦੇਯ ਉਥਾਨ ਦੀ ਦਿਸ਼ਾ ਵਿੱਚ ਲਗਾਤਾਰ ਕੰਮ ਕਰ ਰਹੀ ਹੈ, ਜਿਸ ਦੇ ਸਕਾਰਾਤਮਕ ਨਤੀਜੇ ਮਿਲ ਰਹੇ ਹਨ। ਕਿਸਾਨਾਂ ਦੀ ਐਮਐਸਪੀ 'ਤੇ ਫਸਲ ਖਰੀਦ ਕੀਤੀ ਜਾ ਰਹੀ ਹੈ ਅਤੇ ਨਿਰਧਾਰਿਤ ਸਮੇਂ ਵਿੱਚ ਭੁਗਤਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰ ਹਰ ਵਰਗ ਲਈ ਕੰਮ ਕਰ ਰਹੀ ਹੈ। ਚੋਣਾਵੀ ਸੰਕਲਪ ਪੱਤਰ ਅਨੁਸਾਰ ਸਰਕਾਰ ਵਿਕਾਸ ਦੇ ਕੰਮ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਨਰਵਾਨਾ ਖੇਤਰ ਵਿੱਚ ਲਗਾਤਾਰ ਵਿਕਾਸ ਕੰਮਾਂ ਨੂੰ ਪ੍ਰਾਥਮਿਕਤਾ ਦਿੱਤੀ ਜਾ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਖੇਤਰ ਦੀ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਨੇਕ ਪਰਿਯੋਜਨਾਵਾਂ ਸ਼ੁਰੂ ਕੀਤੀ ਜਾਣਗੀਆਂ। ਮੰਤਰੀ ਨੇ ਅਧਿਕਾਰੀਆਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਹਨ ਕਿ ਨਰਵਾਨਾ ਖੇਤਰ ਦੇ ਕਿਸੇ ਵੀ ਨਾਗਰਿਕ ਨੂੰ ਮੁੱਢਲੀ ਸਹੂਲਤਾਂ ਲਈ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਨਹੀ ਹੋਣੀ ਚਾਹੀਦੀ ਹੈ। ਵਿਕਾਸ ਕੰਮਾਂ ਵਿੱਚ ਕੋਈ ਵੀ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਦੇ ਪਿੰਡ, ਸ਼ਹਿਰ, ਉਦਯੋਗ ਅਤੇ ਖੇਤੀਬਾੜੀ ਖੇਤਰ ਨਵੀਂ ਉਚਾਈਆਂ ਵੱਲ ਵੱਧ ਰਿਹਾ ਹੈ। ਸੜਕ, ਸਿੱਖਿਆ, ਸਿਹਤ, ਰੁਜਗਾਰ ਅਤੇ ਬੁਨਿਆਦੀ ਢਾਂਚਾ ਦੇ ਵਿਕਾਸ ਵਿੱਚ ਜੋ ਗਤੀ ਮੌਜੂਦਾ ਸਰਕਾਰ ਨੇ ਦਿੱਤੀ ਹੈ, ਉਸ ਦੀ ਮਿਸਾਲ ਪੂਰੇ ਦੇਸ਼ ਵਿੱਚ ਦਿੱਤੀ ਜਾ ਰਹੀ ਹੈ।ਹਰਿਆਣਾ ਸਰਕਾਰ ਲਗਾਤਾਰ ਨਵੀਂ ਯੋਜਨਾਵਾਂ ਅਤੇ ਭਲਾਈਕਾਰੀ ਨੀਤੀਆਂ ਨੂੰ ਲਾਗੂ ਕਰ ਸੂਬੇ ਦੇ ਨਾਗਰਿਕਾਂ ਦੀ ਉਮੀਦਾਂ ਨੂੰ ਪੂਰਾ ਕਰਨ ਲਈ ਪ੍ਰਤੀਬੱਧ ਹੈ। ਚਾਹੇ ਕਿਸਾਨਾਂ ਦੀ ਆਮਦਨ ਵਧਾਉਣ ਦੀ ਯੋਜਨਾਵਾਂ ਹੋਣ, ਨੌਜੁਆਨਾਂ ਨੂੰ ਰੁਜਗਾਰ ਨਾਲ ਜੋੜਨ ਦੇ ਯਤਨ ਹੋਣ ਜਾਂ ਮਹਿਲਾਵਾਂ ਦੀ ਸੁਰੱਖਿਆ ਅਤੇ ਸ਼ਸ਼ਕਤੀਕਰਣ ਦੀ ਦਿਸ਼ਾ ਵਿੱਚ ਚੁੱਕੇ ਗਏ ਕਦਮ, ਹਰ ਖੇਤਰ ਵਿੱਚ ਸਰਕਾਰ ਪ੍ਰਭਾਵੀ ਕੰਮ ਕਰ ਰਹੀ ਹੈ। ਸੁਸਾਸ਼ਨ, ਪਾਰਦਰਸ਼ਿਤਾ ਅਤੇ ਤਕਨੀਕ ਦੀ ਕੁਸ਼ਲ ਵਰਤੋ ਨਾਲ ਸਾਸ਼ਨ ਪ੍ਰਣਾਲੀ ਵਿੱਚ ਆਮ ਜਨਤਾ ਦਾ ਭਰੋਸਾ ਹੋਰ ਵੱਧ ਮਜਬੂਤ ਹੋਇਆ ਹੈ।

# ਕੌਲਗੜ੍ਹ ਤੋਂ ਸਿੱਧ ਬਾਬਾ ਬਾਲਕ ਨਾਥ ਦਿਉਟ ਚਾਲਾ ਰਵਾਨਾ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪਿੰਡ ਕੌਲਗੜ੍ਹ ਤੋਂ ਸਿੱਧ ਬਾਬਾ ਬਾਲਕ ਨਾਥ ਦਿਉਟ ਚਾਲਾ ਪਿੰਡ ਕੌਲਗੜ੍ਹ ਤੋਂ ਸਿੱਧ ਗੁਫਾ ਦੇ ਦਰਸ਼ਨਾਂ ਲਈ ਬਾਲਕ ਨਾਥ ਧਾਮ ਦੀ ਯਾਤਰਾ ਦੀ ਅਗਵਾਈ ਸੇਵਾਦਾਰ ਮਨਜਿੰਦਰ ਸਿੰਘ ਜਤਿੰਦਰ ਸਿੰਘ ਕੁਲਵਿੰਦਰ ਕੌਰ ਸਿੱਧ ਬਾਬਾ ਬਾਬਾ ਬਾਲਕ ਨਾਥ, ਸ਼ਾਹ ਤਲਾਈ ਹਿਮਾਚਲ ਪ੍ਰਦੇਸ਼ ਲਈ ਰਵਾਨਾ ਹੋਇਆ। ਬਾਬੇ ਦੀ ਮਹਿਮਾ ਦਾ ਗੁਣਗਾਨ ਕੀਤਾ।ਯਾਤਰਾ ਘਰ ਪਿੰਡ ਕੌਲਗੜ੍ਹ ਦੇ ਮੰਦਿਰ ਤੋਂ ਸ਼ੁਰੂ ਹੋਈ।ਬਾਬੇ ਦਾ ਗੁਣਗਾਨ ਕਰਦੇ ਹੋਏ ਝੰਡਾ ਮਲਗਾ ਨੇ ਸੁਰੀਲਾ ਭਜਨ ਦੂਣਾ ਲਾਈਏ ਪੇਸ਼ ਕਰਕੇ ਸੰਗਤਾਂ ਨੂੰ ਭਾਵੁਕ ਕਰ ਦਿੱਤਾ। ਇਸ ਮੌਕੇ ਸੇਵਾਦਾਰ ਜੋਗਿੰਦਰ ਨੇ ਦੱਸਿਆ ਕਿ ਝੰਡਾ ਲਹਿਰਾਉਣ ਦੀ ਰਸਮ ਦੌਰਾਨ ਬਾਬਾ ਜੀ ਦੇ ਚਾਲੇ ਹੋਣ ਦਾ ਸੁਨੇਹਾ ਦਿੱਤਾ ਗਿਆ । ਇਸ ਮੌਕੇ ਕਿਹਾ ਕਿ ਇਸ ਨਫ਼ਰਤ ਵਿੱਚ ਬਰਬਾਦ ਕਰਨ ਦੀ ਬਜਾਏ ਹਰ ਪਲ ਪ੍ਰਮਾਤਮਾ ਦਾ ਨਾਮ ਜਪਣ ਵਿੱਚ ਬਤੀਤ ਕਰਨਾ ਚਾਹੀਦਾ ਹੈ। ਇਸ ਮੌਕੇ ਜਤਿੰਦਰ ਸਿੰਘ ਸ਼ਨੀ , ਕੁਲਵਿੰਦਰ ਕੌਰ, ਤਰਮੇਸ਼ ਕੌਰ, ਹਰਿੰਦਰ ਕੌਰ ਕੁਲਵੰਤ, ਜੌਤਾ, ਕੁਲਵਿੰਦਰ , ਪਰਮਜਪ, ਪ੍ਰਨੀਤ ਕੌਰ ਸੋਨੂੰ ਗੁਰਨੂਰ ਸਿੰਘ ਕੁਲਵਿੰਦਰ ਸਿੰਘ ਦੁਰਗਾਪੁਰੀਆ ਮਨਜਿੰਦਰ ਸਿੰਘ ਵਲੋਂ ਸੇਵਾ ਕੀਤੀ ਗਈ, ਸ਼ਰਧਾਲੂ ਬਾਬਾ ਬਾਲਾਕ ਨਾਥ ਜੀ ਦੀ ਗੁਫਾ ਪਹੁੰਚੇ. ਉਥੇ ਸਾਰੇ ਮੰਦਰਾਂ ਵਿਚ ਮੱਥੇ ਟੇਕਣ ਤੋਂ ਬਾਅਦ, ਸੰਗਤ ਬਾਬਾ ਜੀ ਦੇ ਸ਼ਾਹਤਾਲਾਈ , ਪੀਰ ਨਿਗਾਹਾ ਅਤੇ ਦਰਸ਼ਨ ਕਰਕੇ ਵਾਪਸ ਕੌਲਗੜ੍ਹ ਆਏ।

# ਕੈਬਨਿਟ ਮੰਤਰੀ ਮਹਿੰਦਰ ਭਗਤ ਨੇ ਨਵੀਂ ਬਣੀ ਸਬਜ਼ੀ ਮੰਡੀ ਆੜ੍ਹਤੀ ਐਸੋਸੀਏਸ਼ਨ ਨੂੰ ਕੀਤਾ ਸਨਮਾਨਤ



**ਜਲੰਧਰ (ਸ਼ੈਲੀ ਐਲਬਰਟ)**- ਸਬਜ਼ੀ ਮੰਡੀ ਆੜ੍ਹਤੀ ਐਸੋਸੀਏਸ਼ਨ ਮਕਸੂਦਾਂ ਜਲੰਧਰ ਦੇ ਨਵੇਂ ਨਿਯੁਕਤ ਪ੍ਰਧਾਨ ਮਹਿੰਦਰਜੀਤ ਸਿੰਘ (ਸ਼ੰਟੀ), ਚੇਅਰਮੈਨ ਮੋਨੂ ਪੁਰੀ, ਮਹਾਂ ਸਕੱਤਰ ਮਹੇਸ਼ ਮਖੀਜਾ, ਬੁਲਾਰੇ ਪ੍ਰਵੀਨ ਧਮੀਜਾ, ਮੈਂਬਰ ਪ੍ਰਵੀਨ ਕੁਮਾਰ, ਸਾਬਕਾ ਡਿਪਟੀ ਮੇਅਰ ਹਰਸਿਮਰਨਜੀਤ ਸਿੰਘ ਬੰਟੀ, ਜਿਮੀ ਕਾਲੀਆ, ਮਦਨ ਲਾਲ ਨਾਰੰਗ, ਵੈਬਸ (ਬਾਵਾ), ਕਿਸ਼ਨ ਲਾਲ, ਮਿੰਟੂ ਭਾਂਬਰੀ ਅਤੇ ਸ਼ਿਵ ਇੰਦਰ ਉੱਪਲ ਨੂੰ ਕੈਬਨਿਟ ਮੰਤਰੀ ਮਹਿੰਦਰ ਭਗਤ ਵੱਲੋਂ ਸਨਮਾਨਤ ਕੀਤਾ ਗਿਆ।ਉਨ੍ਹਾਂ ਕਿਹਾ ਕਿ ਇਹ ਸਨਮਾਨ ਨਵੀਂ ਚੁਣੀ ਗਈ ਐਸੋਸੀਏਸ਼ਨ ਲਈ ਇੱਕ ਮਹੱਤਵਪੂਰਨ ਉਪਲਬਧੀ ਹੋ ਸਕਦੀ ਹੈ ਜੋ ਕਿ ਉਨ੍ਹਾਂ ਨੂੰ ਮੰਡੀ ਵਿੱਚ ਫੈਲੀਆਂ ਸਮੱਸਿਆਵਾਂ ਨੂੰ ਦੂਰ ਕਰਨ ਅਤੇ ਆਪਣੀ ਜ਼ਿੰਮੇਵਾਰੀ ਨਿਭਾਉਣ ਵਿੱਚ ਹੋਰ ਜੋਸ਼ ਦੇਵੇਗੀ। ਉਨ੍ਹਾਂ ਕਿਹਾ ਕਿ ਇਸ ਸਨਮਾਨ ਨਾਲ ਐਸੋਸੀਏਸ਼ਨ ਦੇ ਮੈਂਬਰਾਂ ਦਾ ਹੌਸਲਾ ਵਧੇਗਾ ਅਤੇ ਉਹ ਹੋਰ ਵਧੇਰੇ ਸਰਗਰਮੀ ਨਾਲ ਆਪਣਾ ਕੰਮ ਕਰਨਗੇ।ਮੰਤਰੀ ਭਗਤ ਨੇ ਕਿਹਾ ਕਿ ਆੜ੍ਹਤੀਆਂ, ਥੜ੍ਹੀ ਵਾਲਿਆਂ ਅਤੇ ਆਮ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਕੀਤਾ ਜਾਵੇਗਾ । ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਚੌਤਰਫਾ ਵਿਕਾਸ ਲਈ ਵਚਨਬੱਧ ਹੈ ਅਤੇ ਲੋਕਾਂ ਦੀ ਭਲਾਈ ਲਈ ਐਸੋਸੀਏਸ਼ਨ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ। ਐਸੋਸੀਏਸ਼ਨ ਦੇ ਪ੍ਰਧਾਨ ਮਹਿੰਦਰਜੀਤ ਸਿੰਘ ਸ਼ੰਟੀ ਨੇ ਕੈਬਨਿਟ ਮੰਤਰੀ ਦਾ ਧੰਨਵਾਦ ਕਰਦੇ ਹੋਏ ਭਰੋਸਾ ਦਿੱਤਾ ਕਿ ਉਹ ਆਪਣੀ ਟੀਮ ਦੇ ਨਾਲ ਜਲਦੀ ਹੀ ਮਕਸੂਦਾਂ ਸਬਜ਼ੀ ਮੰਡੀ ਨੂੰ ਸਮੱਸਿਆ ਮੁਕਤ ਬਣਾਉਣਗੇ। ਉਨ੍ਹਾਂ ਕਿਹਾ ਕਿ ਆੜ੍ਹਤੀਆਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਤਰਜੀਹ ਦੇ ਕੇ ਹੱਲ ਕਰਵਾਇਆ ਜਾਵੇਗਾ। ਨਾਲ ਹੀ ਥੜ੍ਹੀ ਵਾਲਿਆਂ ਅਤੇ ਆਮ ਲੋਕਾਂ ਨੂੰ ਵੀ ਭਵਿੱਖ ਵਿੱਚ ਮੰਡੀ ਦਾ ਬਦਲਿਆ ਹੋਇਆ ਚਿਹਰਾ ਦੇਖਣ ਨੂੰ ਮਿਲੇਗਾ। ਉਨ੍ਹਾਂ ਕਿਹਾ ਕਿ ਐਸੋਸੀਏਸ਼ਨ ਹਰ ਸਮੇਂ ਆੜ੍ਹਤੀਆਂ ਦੇ ਦੁੱਖ-ਸੁੱਖ ਵਿੱਚ ਉਨ੍ਹਾਂ ਦੇ ਨਾਲ ਖੜ੍ਹੀ ਰਹੇਗੀ।

# ਹਰਬੰਸਪੁਰ/ਜਗਜੀਤਪੁਰ 'ਚ ਸਾਲਾਨਾ ਸ਼ਹੀਦੀ ਪੁਰਬ ਤੇ ਬਰਸੀ ਸਮਾਗਮ ਅੱਜ ਤੋਂ



**ਫਗਵਾੜਾ (ਡਾ. ਰਮਨ)**- ਸ਼ਹੀਦਾਂ ਦੇ ਸਿਰਤਾਜ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਤ ਅਤੇ ਸ਼ਹੀਦ ਬਾਬਾ ਨਿਹਾਲ ਸਿੰਘ ਜੀ ਦੀ ਬਰਸੀ ਦੇ ਸਬੰਧ 'ਚ ਮਹਾਨ ਸ਼ਹੀਦੀ ਸਮਾਗਮ 13 ਤੋਂ 15 ਮਈ ਤੱਕ ਗੁਰਦੁਆਰਾ ਸ਼ਹੀਦਾਂ ਸਿੰਘਾਂ ਪਿੰਡ ਹਰਬੰਸਪੁਰ (ਜਗਜੀਤਪੁਰ) ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਵਧੇਰੇ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਸਤਪਾਲ ਸਿੰਘ ਚੌਹਾਨ, ਰਣਧੀਰ ਸਿੰਘ ਰਿੰਕੂ, ਲਖਵਿੰਦਰ ਸਿੰਘ, ਗੁਰਮੁਖ ਸਿੰਘ, ਮੇਜਰ ਸਿੰਘ, ਮਹਿੰਦਰ ਸਿੰਘ ਅਤੇ ਤੀਰਥ ਸਿੰਘ ਨੇ ਦੱਸਿਆ ਕਿ 13 ਮਈ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ। ਉਹਨਾਂ ਦੱਸਿਆ ਕਿ 14 ਮਈ ਨੂੰ ਮਹਾਨ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਇਆ ਜਾਵੇਗਾ ਜੋ ਕਿ ਪਿੰਡ ਹਰਬੰਸਪੁਰ ਤੋਂ ਆਰੰਭ ਹੋ ਕੇ ਪ੍ਰੇਮਪੁਰ, ਸਾਹਨੀ, ਪਾਂਸ਼ਟਾ ਮੋੜ ਰੋਮੀ ਢਾਬਾ ਹੁਸ਼ਿਆਰਪੁਰ ਰੋਡ ਦੀ ਪਰਕਰਮਾ ਕਰਕੇ ਵਾਪਸ ਗੁਰਦੁਆਰਾ ਸ਼ਹੀਦਾਂ ਸਿੰਘਾਂ ਵਿਖੇ ਸਮਾਪਤ ਹੋਵੇਗਾ। ਨਗਰ ਕੀਰਤਨ ਦੌਰਾਨ ਤਰਨਾ ਦਲ ਨੀਲੀਆਂ ਫੌਜਾਂ ਗੱਤਕਾ ਅਖਾੜਾ ਹਰਬੰਸਪੁਰ ਵਲੋਂ ਗੱਤਕਾ ਪ੍ਰਦਰਸ਼ਨੀ ਅਤੇ ਮਿਸਲ ਗੁਰੂ ਹਰਗੋਬਿੰਦਗੜ੍ਹ ਸਾਹਿਬ ਤਰਨਾ ਦਲ ਮਹਿਤਾ ਚੌਂਕ ਦੇ ਮੌਜੂਦਾ ਮੁਖੀ ਸਿੰਘ ਸਾਹਿਬ ਜੱਥੇਦਾਰ ਬਾਬਾ ਬਲਵਿੰਦਰ ਸਿੰਘ ਦੀ ਅਗਵਾਈ ਹੇਠ ਦਿਖਾਈ ਜਾਵੇਗੀ। ਨਗਰ ਕੀਰਤਨ ਦੌਰਾਨ ਜਹਾਜ ਰਾਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਜੋਂ ਫੁੱਲਾਂ ਦੀ ਵਰਖਾ ਵੀ ਕੀਤੀ ਜਾਵੇਗੀ। 15 ਮਈ ਦਿਨ ਵੀਰਵਾਰ ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦੁਪਿਹਰ 2 ਵਜੇ ਤੱਕ ਕੀਰਤਨ ਦਰਬਾਰ ਸਜਾਏ ਜਾਣਗੇ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਪ੍ਰਬੰਧਕਾਂ ਨੇ ਦੱਸਿਆ ਕਿ 15 ਮਈ ਸ਼ਾਮ ਨੂੰ ਨੌਜਵਾਨ ਸਭਾ ਪਿੰਡ ਹਰਬੰਸਪੁਰ (ਜਗਜੀਤਪੁਰ) ਦੇ ਸਹਿਯੋਗ ਨਾਲ ਦੂਜਾ ਕਬੱਡੀ ਟੂਰਨਾਮੈਂਟ ਵੀ ਕਰਵਾਇਆ ਜਾਵੇਗਾ। ਜਿਸ ਵਿਚ ਇੰਟਰਨੈਸ਼ਨਲ ਐਕਸ਼ਨ ਵਾਲੇ ਸਟਾਰ ਖਿਡਾਰੀ ਹਿੱਸਾ ਲੈਣਗੇ। ਜੇਤੂ ਟੀਮ ਨੂੰ ਪਹਿਲਾ ਇਨਾਮ ਇੱਕ ਲੱਖ ਇੱਕ ਹਜ਼ਾਰ ਰੁਪਏ ਹਰਜਿੰਦਰ ਸਿੰਘ ਸ਼ਾਹ ਅਤੇ ਉਪ ਜੇਤੂ ਟੀਮ ਨੂੰ 81 ਹਜਾਰ ਰੁਪਏ ਦਾ ਦੂਸਰਾ ਨਗਦ ਇਨਾਮ ਲਵਪ੍ਰੀਤ ਸਿੰਘ ਜਰਮਨ ਅਤੇ ਬਲਵਿੰਦਰ ਸਿੰਘ ਬਿੱਲਾ ਵਲੋਂ ਭੇਂਟ ਕੀਤਾ ਜਾਵੇਗਾ। ਇਸ ਦੌਰਾਨ ਮਿਸਲ ਗੁਰੂ ਹਰਗੋਬਿੰਦਗੜ੍ਹ ਸਾਹਿਬ ਤਰਨਾ ਦਲ ਮਹਿਤਾ ਚੌਂਕ ਦੇ ਮੌਜੂਦਾ ਮੁਖੀ ਸਿੰਘ ਸਾਹਿਬ ਜੱਥੇਦਾਰ ਬਾਬਾ ਬਲਵਿੰਦਰ ਸਿੰਘ ਦੀ ਅਗਵਾਈ ਹੇਠ ਮਹੱਲਾ ਕੱਢਿਆ ਜਾਵੇਗਾ ਅਤੇ ਘੋੜ ਦੌੜਾਂ ਕਰਵਾਈਆਂ ਜਾਣਗੀਆਂ। ਤਰਨਾ ਦੱਲ ਨੀਲੀਆਂ ਫੌਜਾਂ ਗੱਤਕਾ ਅਖਾੜਾ ਵਲੋਂ ਪ੍ਰਦਰਸ਼ਨੀ ਵੀ ਦਿਖਾਈ ਜਾਵੇਗੀ। ਉਹਨਾਂ ਸਮੂਹ ਸੰਗਤਾਂ ਨੂੰ ਇਸ ਧਾਰਮਿਕ ਸਮਾਗਮ ਅਤੇ ਕੱਬਡੀ ਮੁਕਾਬਲੇ 'ਚ ਹਾਜਰੀਆਂ ਲਗਵਾਉਣ ਦਾ ਖੁੱਲ੍ਹਾ ਸੱਦਾ ਵੀ ਦਿੱਤਾ। ਇਸ ਮੌਕੇ ਅਮਰੀਕ ਸਿੰਘ ਚੌਹਾਨ, ਟਹਿਲ ਸਿੰਘ, ਭੁਪਿੰਦਰ ਸਿੰਘ ਖਾਲਸਾ, ਅਜਾਇਬ ਸਿੰਘ, ਬਚਿੱਤਰ ਸਿੰਘ, ਬਲਕਾਰ ਸਿੰਘ, ਦਲੇਰ ਸਿੰਘ, ਸਰਪੰਚ ਸਤਵਿੰਦਰ ਸਿੰਘ ਅਕਾਸ਼, ਹਰਜਿੰਦਰ ਸਿੰਘ, ਹੈੱਡ ਗ੍ਰੰਥੀ ਭਾਈ ਭਗਵਾਨ ਸਿੰਘ, ਕੁਲਦੀਪ ਸਿੰਘ, ਹਰਨੇਕ ਸਿੰਘ, ਜਸਦੀਪ ਸਿੰਘ ਆਦਿ ਹਾਜ਼ਰ ਸਨ।

# ਵਧਦਾ ਪ੍ਰਦੂਸ਼ਣ ਵਿਸ਼ਵ ਚਿੰਤਾ ਦਾ ਵਿਸ਼ਾ : ਨਰਬੀਰ ਸਿੰਘ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਵਾਤਾਵਰਣ ਅਤੇ ਵਨ ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਕਲਾਈਮੇਟ ਬਦਲਾਅ ਦੇ ਚਲਦੇ ਵੱਧਦਾ ਪ੍ਰਦੂਸ਼ਣ ਇੱਕ ਵਿਸ਼ਵ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਕੁਦਰਤ ਦੇ ਸੰਤੁਲਨ ਨੂੰ ਬਣਾਏ ਰੱਖਣ ਲਈ ਵਨ ਖੇਤਰ ਨੂੰ ਪ੍ਰੋਤਸਾਹਨ ਦੇਣਾ ਜ਼ਰੂਰੀ ਹੈ। ਇਸ ਦੇ ਲਈ ਪੰਚਾਇਤੀ ਜਮੀਨ 'ਤੇ ਪੌਦੇ ਲਗਾਉਣ ਦੀ ਮੁਹਿੰਮ ਚਲਾਈ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਯਮੁਨਾ ਤੇ ਘੱਗਰ ਨਦੀਆਂ ਦੇ ਖੇਤਰ ਵਿੱਚ ਭੂਮੀ ਕਟਾਵ, ਜਲ ਸਰੰਖਣ ਅਤੇ ਨਦੀਆਂ ਦੇ ਮੁੜ ਨਿਰਮਾਣ ਲਈ ਨਾਲ ਲਗਦੇ ਪਿੰਡਾਂ ਦੀ ਜਮੀਨਾਂ 'ਤੇ ਸਾਲ 2024-2025 ਦੌਰਾਨ 20 ਲੱਖ ਤੋਂ ਵੱਧ ਪੌਦੇ ਲਗਾਏ ਗਏ। ਸਕੂਲਾਂ ਵਿੱਚ ਵੀ 13 ਲੱਖਾਂ ਤੋਂ ਵੱਧ ਪੌਦੇ ਲਗਾਏ ਗਏ। ਉਨ੍ਹਾਂ ਨੇ ਸਕੂਲ ਸੰਚਾਲਕਾਂ ਨੂੰ ਅਪੀਲ ਕੀਤੀ ਕਿ ਅਗਾਮੀ ਵਨ ਮਹੋਤਸਵ ਦੌਰਾਨ ਤੇ ਵਿਦਿਆਰਥੀਆਂ ਨੂੰ ਜੰਗਲਾਂ ਦੇ ਮਹਤੱਵ ਬਾਰੇ ਜਾਗਰੁਕ ਕਰਨ। ਜੋ ਪੌਦੇ ਲਗਾਏ ਜਾ ਚੁੱਕੇ ਹਨ, ਉਨ੍ਹਾਂ ਦੀ ਦੇਖਭਾਲ ਵੀ ਜ਼ਰੂਰ ਕਰਨ ਤਾਂ ਹੀ ਮੁਹਿੰਮ ਸਾਰਥਕ ਹੋ ਪਾਵੇਗੀ।ਮੰਤਰੀ ਰਾਓ ਨਰਬੀਰ ਸਿੰਘ ਨੇ ਕਿਹਾ ਕਿ ਜਲ ਸ਼ਕਤੀ ਮੁਹਿੰਮ ਤਹਿਤ ਗ੍ਰਾਮੀਣ ਵਿਕਾਸ ਵਿਭਾਗ ਦੇ ਸਹਿਯੋਗ ਨਾਲ ਪੌਦਾਰੋਪਣ ਕੀਤਾ ਗਿਆ। ਇਸ ਲੜੀ ਵਿੱਚ ਅੰਮ੍ਰਿਤ ਸਰੋਵਰ ਮੁਹਿੰਮ ਤਹਿਤ ਸੂਬੇ ਵਿੱਚ 2200 ਤੋਂ ਵੱਧ ਤਾਲਾਬਾਂ 'ਤੇ ਪੀਪਲ, ਬੜ ਤੇ ਨਿੰਮ ਦੀ ਤ੍ਰਿਵੇਣੀ ਲਗਾਈ ਗਈ।ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਵਨ ਵਿਭਾਗ ਨੂੰ ਵਨ ਮਿੱਤਰ ਯੋਜਨਾ ਨਾਲ ਜੁੜਨ ਅਤੇ ਕੁਦਰਤ ਦੀ ਸੁੰਦਰਤਾ ਨੂੰ ਬਣਾਏ ਰੱਖਣ ਲਈ ਵੱਧ ਤੋਂ ਵੱਧ ਪੌਦੇ ਲਗਾਉਣ।ਉਨ੍ਹਾਂ ਨੇ ਕਿਹਾ ਕਿ ਪ੍ਰਾਣ ਵਾਯੂ ਦੇਵਤਾ ਪੈਂਸ਼ਨ ਸਕੀਮ ਵੀ ਹਰਿਆਣਾ ਦੀ ਇੱਕ ਅਨੋਖੀ ਯੋਜਨਾ ਹੈ, ਜਿਸ ਦੇ ਤਹਿਤ 75 ਸਾਲ ਤੋਂ ਵੱਧ ਪੁਰਾਣੇ ਦਰੱਖਤਾਂ ਦੀ ਸੁਰੱਖਿਆ ਕੀਤੀ ਜਾਂਦੀ ਹੈ ਅਤੇ ਇਸ ਨਾਲ ਜੁੜੇ ਵਿਅਕਤੀ ਨੂੰ 3000 ਰੁਪਏ ਸਾਲਾਨਾ ਪੈਂਸ਼ਨ ਦਿੱਤੀ ਜਾਂਦੀ ਹੈ। ਉਸੀ ਲੜੀ ਵਿੱਚ ਸਾਲ 2023-2024 ਦੌਰਾਨ ਦਰੱਖਤਾਂ ਦੇ ਰੱਖਿਅਕਾਂ ਨੂੰ 2750 ਰੁਪਏ ਪ੍ਰਤੀ ਸਾਲ ਦੇ ਹਿਸਾਬ ਨਾਲ ਰਕਮ ਸਿੱਧੇ ਉਨ੍ਹਾਂ ਦੇ ਖਾਤਿਆਂ ਵਿੱਚ ਟ੍ਰਾਂਸਫਰ ਕੀਤੀ ਗਈ।

# ਜਲਾਲਪੁਰ ਨੇ ਰੱਕੜਾਂ ਢਾਹਾਂ ਨੂੰ ਦਿੱਤੀ ਡੇਢ ਲੱਖ ਦੀ ਗ੍ਰਾਂਟ



**ਬਲਾਚੌਰ (ਜਸਵਿੰਦਰ ਬੈਂਸ)**- ਸ਼ਹੀਦ ਭਗਤ ਸਿੰਘ ਨਗਰ ਤੋਂ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਜਲਾਲਪੁਰ ਵੱਲੋਂ ਆਪਣੇ ਅਖਤਿਆਰੀ ਕੋਟੇ 'ਚੋਂ ਪਿੰਡ ਰੱਕੜਾਂ ਢਾਹਾਂ ਨੂੰ ਖੇਡ ਦੇ ਮੈਦਾਨ ਵਾਸਤੇ ਡੇਢ ਲੱਖ ਰੁਪਏ ਦੀ ਗਰਾਂਟ ਦਿੱਤੀ ਗਈ। ਜਲਾਲਪੁਰ ਨੇ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਅਤੇ ਗਰਾਊਂਡਾਂ ਨਾਲ ਵੱਧ ਤੋਂ ਵੱਧ ਜੋੜਨ ਲਈ ਉਹਨਾਂ ਦੀ ਸਰਕਾਰ ਵੱਲੋਂ ਇਹ ਵਿਸ਼ੇਸ਼ ਉਪਰਾਲਾ ਕੀਤਾ ਜਾ ਰਿਹਾ ਹੈ ਜਿਸ ਦਾ ਸਦਕਾ ਉਹਨਾਂ ਨੇ ਆਪਣੇ ਅਖਤਿਆਰੀ ਕੋਟੇ ਵਿਚੋਂ ਪਿੰਡ ਰੱਕੜਾ ਢਾਹਾਂ ਦੇ ਖੇਡ ਦੇ ਮੈਦਾਨ ਲਈ ਡੇਢ ਲੱਖ ਰੁਪਏ ਦੀ ਗਰਾਂਟ ਜਾਰੀ ਕੀਤੀ ਹੈ। ਉਹਨਾਂ ਨੇ ਕਿਹਾ ਕਿ ਸਾਡਾ ਦੇਸ਼ ਉਦੋਂ ਹੀ ਤਰੱਕੀ ਕਰ ਸਕਦਾ ਹੈ ਜਦੋਂ ਉਸ ਦੇਸ਼ ਦੇ ਨਾਗਰਿਕ ਪੜ੍ਹ ਲਿਖ ਕੇ ਚੰਗੇ ਅਫਸਰ ਬਣ ਸਕਣ। ਇੱਕ ਚੰਗਾ ਨਾਗਰਿਕ ਬਣਨ ਲਈ ਸਾਨੂੰ ਆਪਣੇ ਜੀਵਨ ਦੇ ਵਿੱਚ ਖੇਡਾਂ ਨੂੰ ਅਪਣਾਉਣਾ ਬਹੁਤ ਜ਼ਰੂਰੀ ਹੈ। ਉਹਨਾਂ ਨੇ ਪਿੰਡ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਵੇਰੇ ਅਤੇ ਸ਼ਾਮ ਵੱਧ ਤੋਂ ਵੱਧ ਗਰਾਊਂਡ ਵਿੱਚ ਆਪਣਾ ਸਮਾਂ ਬਤੀਤ ਕਰਨ, ਨਸ਼ਿਆਂ ਤੋਂ ਦੂਰ ਰੱਖਣ ਲਈ ਅਤੇ ਜਵਾਨੀ ਨੂੰ ਬਚਾਉਣ ਲਈ ਗਰਾਊਂਡ ਨਾਲ ਪਿਆਰ ਕਰਨਾ ਬਹੁਤ ਜਰੂਰੀ ਹੈ ਉਹਨਾਂ ਨੇ ਨੌਜਵਾਨਾਂ ਨੂੰ ਕਿਹਾ ਕਿ ਜਿੱਥੇ ਪੰਜਾਬ ਦੀ ਸਰਕਾਰ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਵਿੱਚ ਲੱਗੀ ਹੋਈ ਹੈ ਉਥੇ ਹੀ ਤੁਹਾਡੇ ਵਰਗੇ ਨੌਜਵਾਨਾਂ ਦਾ ਵੀ ਰੰਗਲਾ ਪੰਜਾਬ ਬਣਾਉਣ ਨੂੰ ਅਹਿਮ ਯੋਗਦਾਨ ਹੋ ਸਕਦਾ ਹੈ ਇਸ ਲਈ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰੱਖਣ ਲਈ ਉਹਨਾਂ ਦੀ ਸਰਕਾਰ ਵੱਲੋਂ ਹਰ ਤਰ੍ਹਾਂ ਦੇ ਸੰਭਵ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਤੇ ਸੇਠੀ ਉਧਨੋਵਾਲ (ਮਾਰਕੀਟ ਕਮੇਟੀ ਚੇਅਰਮੈਨ ਬਲਾਚੌਰ) ,ਅਵਤਾਰ ਸਿੰਘ ਬਿੱਟੂ ( ਬਲਾਕ ਪ੍ਰਧਾਨ) ,ਪ੍ਰੇਮ ਰੱਕੜ (ਸਰਪੰਚ) ਸੁਖਦੇਵ ਸਿੰਘ (ਸਾਬਕਾ ਸਰਪੰਚ) ,ਮਨਦੀਪ ਕੌਰ (ਪੰਚ) , ਬਲਵਿੰਦਰ ਕੌਰ (ਪੰਚ), ਧਰਮਿੰਦਰ ਸਿੰਘ (ਪੰਚ), ਗੁਰਸ਼ਾਲ ਸਿੰਘ (ਲੰਬਰਦਾਰ) ਸੁਰਿੰਦਰ ਸਿੰਘ (ਲੰਬਰਦਾਰ) ਭਾਗ ਸਿੰਘ, ਬਹਾਦਰ ਸਿੰਘ, ਰਣਜੀਤ ਸਿੰਘ, ਮਹਿੰਦਰ ਸਿੰਘ ਸੋਮਨਾਥ ,ਬਾਲਦੇਵ ਰਾਜ ਨਈਅਰ ਮੌਜੂਦ ਸਨ।

# ਗੁ: ਸਿੰਘ ਸ਼ਹੀਦਾਂ ਸੋਹਾਣਾ ਵਿਖੇ 315ਵੇਂ ਸਰਹੰਦ ਫਤਹਿ ਦਿਵਸ 'ਤੇ ਗੁਰਮਤਿ ਸਮਾਗਮ



**ਐੱਸ.ਏ. ਐੱਸ ਨਗਰ (ਗੁਰਜੀਤ ਬਿੱਲਾ)** ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ 315 ਵੇਂ ਸਰਹੰਦ ਫਤਹਿ ਦਿਵਸ ਦੀ ਖੁਸ਼ੀ ਵਿੱਚ ਵਿਸ਼ੇਸ਼ ਗੁਰਮਤਿ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਇਸ ਉਪਰੰਤ ਸਾਰਾ ਦਿਨ ਗੁਰਮਤਿ ਸਮਾਗਮ ਕਰਵਾਇਆ ਗਿਆ । ਇਸ ਗੁਰਮਤਿ ਸਮਾਗਮ ਵਿੱਚ ਭਾਈ ਪ੍ਰੇਮ ਸਿੰਘ ਦੇ ਇੰਟਰਨੇਸ਼ਨਲ ਢਾਡੀ ਜੱਥੇ ਨੇ ਬਾਬਾ ਬੰਦਾ ਸਿੰਘ ਜੀ ਬਹਾਦਰ ਦੁਆਰਾ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਦਾ ਬਦਲਾ ਲੈਂਦੇ ਹੋਏ ਸੰਨ 1710 ਈ: ਵਿੱਚ ਵਜੀਰ ਖਾਨ ਨੂੰ ਮਾਰ ਕੇ, ਸਰਹੰਦ ਦੀ ਇੱਟ ਨਾਲ ਇੱਟ ਖੜਕਾ ਕੇ ਫਤਹਿ ਕਰਨ ਦਾ ਪੂਰਾ ਪ੍ਰਸੰਗ ਸੰਗਤਾਂ ਨੂੰ ਵਿਸਥਾਰ ਨਾਲ ਸੁਣਾਇਆ। ਭਾਈ ਮਨਦੀਪ ਸਿੰਘ ਜੀ ਗੁਰਦੁਆਰਾ ਸ੍ਰੀ ਭਾਮੀਆਂ ਸਾਹਿਬ ਵਾਲਿਆਂ ਨੇ ਆਪਣੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸ਼੍ਰੋਮਣੀ ਪ੍ਰਚਾਰਕ ਭਾਈ ਸੁਖਵਿੰਦਰ ਸਿੰਘ ਜੀ ਦਮਦਮੀ ਟਕਸਾਲ ਸਾਹਿਬ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਬਾਬਾ ਬੰਦਾ ਸਿੰਘ ਬਹਾਦਰ ਵਲੋਂ ਸਿੱਖ ਰਾਜ ਦੀ ਸਥਾਪਨਾ ਕਰਨ ਅਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਦੇ ਨਾਂਅ 'ਤੇ ਸ਼ਹਿਰ ਦਾ ਨਾਂਅ ਸ੍ਰੀ ਫਤਿਹਗੜ੍ਹ ਸਾਹਿਬ ਰੱਖਣ ਬਾਰੇ ਸੰਗਤਾਂ ਨੂੰ ਵਿਸਥਾਰ ਸਹਿਤ ਜਾਣੂ ਕਰਵਾਇਆ।ਇਸ ਤੋਂ ਇਲਾਵਾ ਭਾਈ ਕਰਨਵੀਜਰ ਸਿੰਘ, ਭਾਈ ਸਰੂਪ ਸਿੰਘ, ਹਰਜੱਸ ਕੀਰਤਨੀ ਜੱਥਾ, ਭਾਈ ਗੁਰਦੀਪ ਸਿੰਘ, ਭਾਈ ਮਹਿੰਦਰ ਸਿੰਘ, ਭਾਈ ਗੁਰਵਿੰਦਰ ਸਿੰਘ, ਭਾਈ ਕੁਲਦੀਪ ਸਿੰਘ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ, ਭਾਈ ਜਸਵਿੰਦਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਜਸਵੰਤ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਹਰਬਖ਼ਸ਼ ਸਿੰਘ ਅਤੇ ਭਾਈ ਇੰਦਰਜੀਤ ਸਿੰਘ ਨੇ ਕਥਾ-ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ। ਸਾਰੇ ਜੱਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦਿਨ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਇਸ ਅਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ । ਇਸ ਸਾਰੇ ਸਮਾਗਮ ਦਾ ਯੂਟਿਊਬ ਅਤੇ ਫੇਸਬੁੱਕ 'ਤੇ ਸਿੱਧਾ ਪ੍ਰਸਾਰਣ ਕੀਤਾ ਗਿਆ । ਗੁਰੂ ਕਾ ਲੰਗਰ ਸੰਗਤਾਂ ਨੂੰ ਸਾਰਾ ਦਿਨ ਅਤੁੱਟ ਵਰਤਾਇਆ ਗਿਆ ।ਪ੍ਰਬੰਧਕ ਕਮੇਟੀ ਗੁ: ਸਿੰਘ ਸ਼ਹੀਦਾਂ ਦੇ ਬੁਲਾਰੇ ਨੇ ਦੱਸਿਆ ਕਿ ਆਉਣ ਵਾਲੀ ਮਿਤੀ 14 ਮਈ ਨੂੰ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਪਹਿਲੇ ਮੁੱਖ ਗ੍ਰੰਥੀ ਬਾਬਾ ਬਲਵੰਤ ਸਿੰਘ ਦੀ 40ਵੀਂ ਬਰਸੀ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਜਾਵੇਗੀ। ਇਸ ਦਿਨ ਸਵੇਰੇ 9 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਇਸ ਉਪਰੰਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਜੱਥੇ ਇੰਟਰਨੈਸ਼ਨਲ ਢਾਡੀ ਜੱਥੇ ਅਤੇ ਉਚ ਕੋਟੀ ਦੇ ਪੰਥ ਪ੍ਰਸਿੱਧ ਪ੍ਰਚਾਰਕ ਸੰਗਤਾਂ ਨੂੰ ਹਰਜੱਸ ਸੁਨਾ ਕੇ ਨਿਹਾਲ ਕਰਣਗੇ । ਗੁਰੂ ਕਾ ਲੰਗਰ ਸਾਰਾ ਦਿਨ ਅਤੁੱਟ ਵਰਤਾਇਆ ਜਾਵੇਗਾ।

# ਹੈਰੋਇਨ 'ਤੇ ਨਸ਼ੀਲੀਆਂ ਗੋਲੀਆਂ ਸਮੇਤ ਕਾਬੂ



**ਬੰਗਾ (ਅਵਤਾਰ ਕਲੇਰ)**- ਥਾਣਾ ਸਦਰ ਬੰਗਾ ਪੁਲਸ ਵਲੋਂ ਇੱਕ ਵਿਅਕਤੀ ਨੂੰ 230 ਨਸ਼ੀਲੀਆਂ ਗੋਲੀਆਂ ਅਤੇ 7.5 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਗਿਆ ਹੈ।ਸਦਰ ਥਾਣਾ ਬੰਗਾ ਦੇ ਐਸ ਐਚ ਓ ਅਭਿਸ਼ੇਕ ਸ਼ਰਮਾ ਨੇ ਦੱਸਿਆ ਕਿ ਇਹ ਪਰਚਾ ਏ ਐਸ ਆਈ ਬਲਜਿੰਦਰ ਕੁਮਾਰ ਵਲੋਂ ਦਰਜ਼ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਪੁਲਸ ਪਾਰਟੀ ਸਮੇਤ ਥਾਣਾ ਸਦਰ ਬੰਗਾ ਤੋਂ ਪਿੰਡ ਝਿੱਕਾ ਤੋ ਟੀ-ਪੁਆਇੰਟ ਤੋ ਪਿੰਡ ਮਾਹਿਲ ਗਹਿਲਾ ਵੱਲ ਨੂੰ ਜਾ ਰਹੇ ਸੀ ਤਾਂ ਇੱਕ ਵਿਅਕਤੀ ਪਿੰਡ ਮਾਹਿਲ ਗਹਿਲਾ ਵੱਲੋਂ ਆਉਂਦਾ ਦਿਖਾਈ ਦਿੱਤਾ ਜੋ ਪੁਲਸ ਪਾਰਟੀ ਦੀ ਗੱਡੀ ਨੂੰ ਵੇਖ ਕੇ ਆਪਣੀ ਜੇਬ ਵਿੱਚੋਂ ਇੱਕ ਮੋਮੀ ਲਿਫਾਫਾ ਕੱਢ ਕਰਕੇ ਪਰ ਸੁੱਟ ਦਿੱਤਾ ਤਾਂ ਐਸ ਐਚ ਓ ਅਭਿਸ਼ੇਕ ਸ਼ਰਮਾ ਨੇ ਗੱਡੀ ਰੁਕਵਾਈ ਅਤੇ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਕਾਬੂ ਕਰਕੇ ਨਾਮ ਪਤਾ ਪੁੱਛਿਆ ਜਿਸਨੇ ਆਪਣਾ ਜਸਵੀਰ ਸਿੰਘ ਉਰਫ ਜੱਸਾ ਪੁੱਤਰ ਸੰਤੋਖ ਸਿੰਘ ਨਿਵਾਸੀ ਲਧਾਣਾ ਝਿੱਕਾ ਥਾਣਾ ਸਦਰ ਬੰਗਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੱਸਿਆ। ਜਿਸ ਪਾਸੋ 07.25 ਗ੍ਰਾਮ ਹੈਰੋਇਨ ਅਤੇ 23 ਪੱਤੇ ਕੁੱਲ 230 ਨਸ਼ੀਲੀਆਂ ਗੋਲੀਆ ਬਰਾਮਦ ਕਰਕੇ ਮੁੱਕਦਮਾ ਦਰਜ ਕੀਤਾ ਗਿਆ।

# ਨਾੜ ਨੂੰ ਅੱਗ ਨਾ ਲਾਉਣ ਕਿਸਾਨ : ਡਾ. ਗੌਰਵ



**ਕਾਲਾ ਸੰਘਿਆਂ (ਮਨਜੀਤ ਮਾਨ)** ਪੰਜਾਬ ਵਿੱਚ ਕਣਕ ਦੀ ਫਸਲ ਲਗਭਗ ਸਾਂਭੀ ਜਾ ਚੁੱਕੀ ਹੈ ਤੇ ਕਣਕ ਦਾ ਨਾੜ ਖੇਤਾਂ ਵਿੱਚ ਹੈ। ਭਾਰਤ ਅਤੇ ਪਾਕਿਸਤਾਨ ਦਰਮਿਆਨ ਪਿਛਲੇ ਕੁਝ ਦਿਨਾਂ ਤੋਂ ਚੱਲ ਰਹੇ ਤਨਾਅ ਵਾਲੇ ਮਾਹੌਲ ਨੂੰ ਵੇਖਦਿਆਂ ਹੋਇਆਂ ਪੰਜਾਬ ਦੇ ਸੂਝਵਾਨ ਕਿਸਾਨ ਕਣਕ ਦੇ ਨਾੜ ਨੂੰ ਅੱਗ ਨਾ ਲਾਉਣ। ਇਹ ਅਪੀਲ ਡਾਕਟਰ ਗੌਰਵ ਕੁਮਾਰ ਮੈਡੀਕਲ ਅਫਸਰ ਸਿਹਤ ਮੁਢਲਾ ਸਿਹਤ ਕੇਂਦਰ ਢਿਲਵਾਂ ਨੇ ਕੀਤੀ, ਉਹਨਾਂ ਕਿਹਾ ਕਿ ਕਣਕ ਦੇ ਨਾੜ ਨੂੰ ਅੱਗ ਲਾਉਣ ਨਾਲ ਜਿੱਥੇ ਧਰਤੀ ਦਾ ਤਾਪਮਾਨ ਬਹੁਤ ਜਿਆਦਾ ਵਧ ਜਾਂਦਾ ਹੈ ਉਥੇ ਕਣਕ ਦੇ ਨਾੜ ਨੂੰ ਅੱਗ ਲਾਉਣ ਨਾਲ ਪੈਦਾ ਹੋਣ ਵਾਲੇ ਧੂਏਂ ਕਾਰਨ ਪ੍ਰਦੂਸ਼ਣ ਪੈਦਾ ਹੁੰਦਾ ਹੈ, ਜਿਸ ਨਾਲ ਸਾਹ [illegible] ਨਾੜ ਨੂੰ ਅੱਗ ਲਾਉਣ ਨਾਲ ਕਿਸਾਨਾਂ ਲਈ ਮਿੱਤਰ ਸਾਬਤ ਹੋਣ ਵਾਲੇ ਮਿੱਤਰ ਕੀੜੇ ਵੀ ਮਰ ਜਾਂਦੇ ਹਨ। ਡਾ. ਗੌਰਵ ਨੇ ਕਿਹਾ ਕਿ ਇਸ ਤਨਾਅ ਭਰੇ ਮਾਹੌਲ ਦਰਮਿਆਨ ਜੇਕਰ ਕਿਸਾਨ ਨਾੜ ਨੂੰ ਅੱਗ ਲਾਉਣਗੇ ਤਾਂ ਪਾਕਿਸਤਾਨ ਵੱਲੋਂ ਜੇਕਰ ਕੋਈ ਅਚਨਚੇਤ ਵਿਸਫੋਟਕ ਪਦਾਰਥ ਸੁੱਟਿਆ ਜਾਂਦਾ ਹੈ ਜਾਂ ਕੋਈ ਹਮਲਾ ਹੁੰਦਾ ਹੈ ਤਾਂ ਉਸ ਸਮੇਂ ਅੱਗ ਲੱਗਣ ਤੇ ਅੱਗ ਫੈਲਣ ਦੇ ਖਤਰੇ ਬਹੁਤ ਜਿਆਦਾ ਹੋਣਗੇ ਤੇ ਭਾਰੀ ਨੁਕਸਾਨ ਹੋਣ ਦੀ ਸੰਭਾਵਨਾ ਹੈ। ਇਸ ਲਈ ਪੰਜਾਬ ਦੇ ਕਿਸਾਨ ਇਸ ਸਾਰੇ ਕੁਝ ਨੂੰ ਵੇਖਦੇ ਹੋਏ ਕਣਕ ਦੇ ਨਾੜ ਨੂੰ ਅੱਗ ਨਾ ਲਾਉਣ।

# ਪਾਣੀ ਦੇ ਹੱਕਾਂ 'ਤੇ ਦ੍ਰਿੜ੍ਹ, ਪੰਜਾਬ ਤੋਂ ਪਾਣੀ ਬਾਹਰ ਭੇਜਣ ਦਾ ਡਟ ਕੇ ਕਰਾਂਗੇ ਵਿਰੋਧ : ਰੰਧਾਵਾ



**ਡੇਰਾਬੱਸੀ (ਵਿਨੈ ਕੁਮਾਰ ਜੈਨ)**— ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਆਪਣੇ ਮੁੱਖ ਦਫ਼ਤਰ ਡੇਰਾਬੱਸੀ ਵਿੱਖੇ ਹਲਕੇ ਦੇ ਪਾਰਟੀ ਦੇ ਬਲਾਕ ਪ੍ਰਧਾਨ, ਨਗਰ ਕੌਂਸਲ ਪ੍ਰਧਾਨ ਤੇ ਕੌਂਸਲਰਾਂ ਨਾਲ ਮੀਟਿੰਗ ਕਰਨ ਤੋਂ ਬਾਅਦ ਐਲਾਨ ਕੀਤਾ ਕਿ ਪੰਜਾਬ ਦਾ ਪਾਣੀ ਸੂਬੇ ਦਾ ਹੈ ਅਤੇ ਇਸਨੂੰ ਭਾਖੜਾ-ਬਿਆਸ ਪ੍ਰਬੰਧਨ (ਬੀਬੀਐਮ) ਰਾਹੀਂ ਨਹੀਂ ਜਾਣ ਦਿੱਤਾ। ਇਹ ਐਲਾਨ ਪੰਜਾਬ ਦੀ ਧਰਤੀ ਤੇ ਭਾਰਤ ਅਤੇ ਪਾਕਿਸਤਾਨ ਦਰਮਿਆਨ ਬਣੇ ਜੰਗ ਦੇ ਹਾਲਾਤਾਂ ਦੇ ਦੌਰ ਵਿੱਚ ਚਿਰੋਕਣੇ ਸਮੇਂ ਤੋਂ ਸੂਬਿਆਂ ਵਿਚਕਾਰ ਜਲ ਸਰੋਤਾਂ ਦੀ ਵੰਡ ਬਾਰੇ ਚੱਲ ਰਹੀਆਂ ਬਹਿਸਾਂ ਅਤੇ ਵਿਚਾਰ-ਵਟਾਂਦਰੇ ਵਿਚਕਾਰ ਆਇਆ ਹੈ। ਵਿਧਾਇਕ ਰੰਧਾਵਾ ਨੇ ਕਿਹਾ ਕਿ ਪੰਜਾਬ ਦਾ ਪਾਣੀ ਹੁਣ ਸਿਰਫ਼ ਸੂਬੇ ਦੇ ਖੇਤਾਂ ਲਈ ਵਰਤਿਆ ਜਾਵੇਗਾ, ਅਤੇ ਮੁੱਖ ਮੰਤਰੀ ਭਗਵੰਤ ਮਾਨ ਇਸ ਸਬੰਧ ਵਿੱਚ ਆਪਣੇ ਫਰਜ਼ਾਂ ਨੂੰ ਪੂਰਾ ਕਰਨ ਲਈ ਵਚਨਬੱਧ ਹਨ। ਰੰਧਾਵਾ ਨੇ ਇਹ ਵੀ ਕਿਹਾ ਕਿ ਸਰਕਾਰ ਪੰਜਾਬ ਦੇ ਪਾਣੀ ਦੇ ਹੱਕਾਂ ਦੀ ਰੱਖਿਆ ਲਈ ਲੋੜ ਪੈਣ 'ਤੇ ਮਾਮਲੇ ਨੂੰ ਸੁਪਰੀਮ ਕੋਰਟ ਵਿੱਚ ਲਿਜਾਣ ਲਈ ਤਿਆਰ ਹੈ। ਵਿਧਾਇਕ ਰੰਧਾਵਾ ਨੇ ਕਿਹਾ ਕਿ ਮੁੱਖਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਪਣੇ ਸਟੈਂਡ 'ਤੇ ਦ੍ਰਿੜ ਹਨ, ਇਹ ਕਹਿੰਦੇ ਹੋਏ ਕਿ ਪੰਜਾਬ ਦਾ ਪਾਣੀ ਇੱਕ ਕੀਮਤੀ ਸਰੋਤ ਹੈ ਜਿਸਨੂੰ ਸੂਬੇ ਦੇ ਕਿਸਾਨਾਂ ਦੇ ਹਿੱਤ ਲਈ ਸੁਰੱਖਿਅਤ ਰੱਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਾਣੀ ਦੀ ਰਾਖੀ ਲਈ ਸਰਕਾਰ ਜਿੱਥੇ ਡੀਊਟੀ ਲਗਾਏਗੀ ਉਹ ਤਨਦੇਹੀ ਨਾਲ ਨਿਭਾਉਣਗੇ। ਜਿਕਰਯੋਗ ਹੈ ਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ 'ਤੇ ਬੀਬੀਐਮਬੀ ਹਰਿਆਣਾ ਨੂੰ ਪਾਣੀ ਛੱਡਣ ਦੀ ਤਿਆਰੀ ਵਿੱਚ ਸੀ, ਪਰ 'ਆਪ' ਵਰਕਰਾਂ ਨੇ ਇਸ ਕੋਸ਼ਿਸ਼ ਨੂੰ ਨਾਕਾਮ ਬਣਾ ਦਿੱਤਾ। 'ਆਪ' ਵਰਕਰ ਹਰਿਆਣਾ ਨੂੰ ਵਾਧੂ ਪਾਣੀ ਛੱਡਣ ਦੇ ਮਾਮਲੇ ਨੂੰ ਲੈ ਕੇ ਇੱਕ ਹਫ਼ਤੇ ਤੋਂ ਨੰਗਲ ਡੈਮ ਗੇਟਾਂ ਦੇ ਲਗਾਤਾਰ ਧਰਨੇ 'ਤੇ ਹਨ। ਇਨ੍ਹਾਂ ਧਰਨਿਆਂ ਦੀ ਅਗਵਾਈ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਕਰ ਰਹੇ ਹਨ। ਬੀਬੀਐਮਬੀ ਨੰਗਲ ਡੈਮ ਤੋਂ ਪਾਣੀ ਛੱਡਣ ਬਾਰੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਪਤਾ ਲੱਗਾ ਤਾਂ ਉਨ੍ਹਾਂ ਇਹ ਮਾਮਲਾ ਮੁੱਖ ਮੰਤਰੀ ਭਗਵੰਤ ਮਾਨ ਦੇ ਧਿਆਨ ਵਿੱਚ ਲਿਆਂਦਾ। ਮੁੱਖ ਮੰਤਰੀ ਆਪਣੇ ਸਾਰੇ ਰੁਝੇਵੇਂ ਛੱਡ ਕੇ ਨੰਗਲ ਡੈਮ ਪਹੁੰਚ ਗਏ, ਜਿੱਥੇ ਉਨ੍ਹਾਂ ਡੈਮ ਦੇ ਗੇਟਾਂ ਦਾ ਨਿਰੀਖਣ ਕੀਤਾ। ਮੁੱਖ ਮੰਤਰੀ ਨੇ ਵੀ ਕਿਹਾ ਕਿ ਪਾਣੀ ਸਾਡਾ ਹੈ ਇਸ ਨੂੰ ਬਾਹਰ ਭੇਜਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ, ਭਾਵੇਂ ਇਸ ਲਈ ਉਨ੍ਹਾਂ ਨੂੰ ਸੁਪਰੀਮ ਕੋਰਟ ਹੀ ਕਿਉਂ ਨਾ ਜਾਣਾ ਪਵੇ।

# ਤਰਕਸ਼ੀਲ ਸੁਸਾਇਟੀ ਜਲੰਧਰ ਵੱਲੋਂ ਯੁੱਧਬੰਦੀ ਦਾ ਸਵਾਗਤ



**ਜਲੰਧਰ (ਰੋਜ਼ਰ)** ਤਰਕਸ਼ੀਲ ਸੁਸਾਇਟੀ ਜਲੰਧਰ ਇਕਾਈ ਵੱਲੋਂ ਦੇਸ਼ ਭਗਤ ਹਾਲ ਜਲੰਧਰ ਵਿਖੇ ਕੀਤੀ ਗਈ ਇੱਕ ਮੀਟਿੰਗ ਵਿੱਚ ਸਰਕਾਰ ਵੱਲੋਂ ਕੀਤੀ ਗਈ ਯੁੱਧਬੰਦੀ ਦਾ ਸਵਾਗਤ ਕੀਤਾ ਗਿਆ, ਕਿਉਂਕਿ ਦੋਵਾਂ ਦੇ ਲੜਾਈ ਵਿੱਚ ਦੋਵਾਂ ਪੱਖਾਂ ਦੇ ਲੋਕਾਂ ਦੀਆਂ ਜਾਨਾਂ ਜਾਂਦੀਆਂ ਹਨ ਅਤੇ ਦੇਸ਼ ਆਰਥਿਕ ਤੌਰ ਤੇ ਕਮਜ਼ੋਰ ਹੋ ਜਾਂਦੇ ਹਨ, ਅਜਿਹੇ ਹਲਾਤਾਂ ਵਿੱਚ ਲੋਕਾਂ ਨੂੰ ਧਰਮ ਅਤੇ ਜਾਤਾਂ ਦੇ ਨਾਂਅ 'ਤੇ ਇੱਕ ਦੂਜੇ ਨੂੰ ਭੜਕਾਉਣ ਤੋਂ ਗੁਰੇਜ ਕਰਨਾ ਚਾਹੀਦਾ ਹੈ।ਮੀਟਿੰਗ ਪਰਮਜੀਤ ਕਿਰਤੀ ਦੀ ਪ੍ਰਧਾਨਗੀ ਵਿੱਚ ਹੋਈ।ਇਸ ਮੌਕੇ ਜਰਨੈਲ ਸਿੰਘ, ਵਿਜੇ ਰਾਹੀ, ਡਾਕਟਰ ਕਮਲ਼ਸ਼ੀਲ ਅਤੇ ਨਸੀਬ ਚੰਦ ਨੇ ਭਾਗ ਲਿਆ।

# ਭਲਕੇ ਕਿਸਾਨਾਂ ਵੱਲੋਂ ਕੀਤਾ ਜਾਵੇਗਾ ਸ਼ਾਂਤੀ ਪ੍ਰੋਟੈਸਟ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਹਰਬੰਸ ਸਿੰਘ ਸੰਘਾ, ਮੈਂਬਰ ਐਸ.ਕੇ.ਐਮ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਹੁਸ਼ਿਆਰਪੁਰ ਵਿੱਚ ਕਿਸਾਨਾਂ ਵਲੋਂ ਜੰਗਬਾਜ ਤਾਕਤਾਂ ਦੇ ਖ਼ਿਲਾਫ਼ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ। ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ ।ਜੰਗ ਦੀ ਭੱਠੀ ਵਿੱਚ ਦੋਨਾਂ ਪਾਸਿਆਂ ਨੂੰ ਝੋਕਿਆ ਜਾ ਰਿਹਾ ਹੈ। ਸੰਯੁਕਤ ਕਿਸਾਨ ਮੋਰਚਾ ਸ਼ਾਂਤੀ ਚਾਹੁੰਦਾ ਹੈ ਜੰਗ ਨਹੀਂ। ਦੋਨੋ ਦੇਸ਼ਾਂ ਦੀਆਂ ਸਰਕਾਰਾਂ ਲੋਕਾਂ ਦੇ ਮਸਲੇ ਹੱਲ ਕਰਨ ਦੇ ਬਜਾਏ, ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾ ਰਹੀਆਂ ਹਨ। ਲੋਕਾਂ ਨੂੰ ਸੁਚੇਤ ਹੋਣਾ ਚਾਹੀਦਾ ਹੈ। ਇਸ ਵਾਸਤੇ ਐਸ.ਕੇ.ਐਮ ਪੰਜਾਬ ਵੱਲੋਂ ਸਾਰੇ ਜ਼ਿਲਾ ਹੈੱਡਕੁਆਰਟਰਾਂ 'ਤੇ ਸ਼ਾਂਤੀ ਨਾਲ ਪ੍ਰੋਟੈਸਟ ਕੀਤੇ ਜਾ ਰਹੇ ਹਨ। ਇਸੇ ਸੱਦੇ ਉੱਤੇ ਹੁਸ਼ਿਆਰਪੁਰ ਵਿਖੇ 14 ਮਈ ਨੂੰ ਠੀਕ 11 ਵਜੇ ਸ਼ਹੀਦ ਊਧਮ ਸਿੰਘ ਪਾਰਕ ਵਿੱਚ ਇਕੱਠ ਕੀਤਾ ਜਾ ਰਿਹਾ ਹੈ। ਉੱਥੇ ਵੱਖ-ਵੱਖ ਬੁਲਾਰੇ ਆਪਣੇ ਵਿਚਾਰ ਲੋਕਾਂ ਨਾਲ ਸਾਂਝੇ ਕਰਨਗੇ ।

# ਵਾਢੀ ਕਰਨ ਗਏ ਖੇਤ ਮਜ਼ਦੂਰ ਭੈਣ-ਭਰਾ ਦਰਿਆ ਬਿਆਸ 'ਚ ਡੁੱਬੇ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ )**- ਪਿੰਡ ਆਲੀ ਕਲਾਂ ਤੋਂ ਬੇਹਦ ਮੰਦਭਾਗੀ ਖਬਰ ਸਾਹਮਣੇ ਆਈ ਹੈ, ਜਿੱਥੇ ਵਾਢੀ ਕਰਨ ਗਏ ਖੇਤ ਮਜ਼ਦੂਰ ਭੈਣ-ਭਰਾ ਅਚਾਨਕ ਦਰਿਆ ਬਿਆਸ ਦੇ ਵਿੱਚ ਡੁੱਬ ਗਏ। ਦੱਸਿਆ ਜਾ ਰਿਹਾ ਹੈ ਕਿ ਇਹ ਹੋਰ ਪਰਵਾਰਕ ਮੈਂਬਰਾਂ ਦੇ ਨਾਲ ਦਰਿਆ ਬਿਆਸ ਦੇ ਕੰਢੇ ਖੇਤਾਂ ਵਿੱਚ ਕੰਮ ਕਰ ਰਹੇ ਸਨ। ਘਰ ਵਾਪਸ ਪਰਤਨ ਸਮੇਂ ਹੱਥ ਮੂੰਹ ਧੋਣ ਜਾਂ ਪਾਣੀ ਪੀਣ ਲਈ ਦਰਿਆ ਕਿਨਾਰੇ ਪੁੱਜੇ ਤਾਂ ਅਚਾਨਕ ਪੈਰ ਤਿਲਕਣ ਕਾਰਨ ਇੱਕ ਦੂਜੇ ਨੂੰ ਬਚਾਉਂਦਿਆਂ ਦੋਹੇ ਭੈਣ ਭਰਾ ਡੁੱਬ ਗਏ। ਜਿਨ੍ਹਾਂ ਵਿੱਚੋਂ ਭਰਾ ਦੀ ਲਾਸ਼ ਬਰਾਮਦ ਹੋ ਗਈ ਹੈ ਜਿਸ ਨੂੰ ਸਿਵਿਲ ਹਸਪਤਾਲ ਸੁਲਤਾਨਪੁਰ ਲੋਧੀ ਦੀ ਮੋਰਚਰੀ ਵਿੱਚ ਰਖਵਾ ਦਿੱਤਾ ਗਿਆ ਹੈ। ਮ੍ਰਿਤਕ ਦੀ ਪਹਿਚਾਨ ਪੱਪੂ (35) ਪੁੱਤਰ ਜੋਗਿੰਦਰ ਪਾਲ ਵਾਸੀ ਸੁਲਤਾਨਪੁਰ ਰੂਰਲ ਦੇ ਰੂਪ ਵਿੱਚ ਹੋਈ ਹੈ। ਜਦ ਕਿ ਉਸ ਦੀ ਭੈਣ ਆਸ਼ੂ ਦੀ ਭਾਲ ਅਜੇ ਵੀ ਜਾਰੀ ਹੈ। ਪਰਵਾਰਕ ਮੈਂਬਰਾਂ ਦੇ ਅਨੁਸਾਰ ਹਰ ਸਾਲ ਪਿੰਡ ਤੋਂ ਬਹੁਤ ਸਾਰੇ ਖੇਤ ਮਜ਼ਦੂਰ ਵਾਢੀ ਸਮੇਂ ਇੱਥੇ ਮਜ਼ਦੂਰੀ ਕਰਨ ਲਈ ਆਉਂਦੇ ਹਨ। ਪੱਪੂ ਅਤੇ ਆਸ਼ੂ ਵੀ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਮਜ਼ਦੂਰੀ ਕਰਨ ਦੇ ਲਈ ਪਿੰਡ ਆਹਲੀ ਕਲਾਂ ਦਰਿਆ ਬਿਆਸ ਦੇ ਕੰਢੇ ਆਏ ਸਨ। ਜਦੋਂ ਉਹ ਕੰਮ ਖਤਮ ਕਰਕੇ ਘਰ ਵਾਪਸ ਪਰਤਣ ਲੱਗੇ ਤਾਂ ਦੋਹਾਂ ਨੇ ਸੋਚਿਆ ਕਿ ਮੂੰਹ ਹੱਥ ਧੋ ਕੇ ਪਾਣੀ ਪੀ ਲਈਏ, ਜਿਸ ਤੋਂ ਬਾਅਦ ਉਹ ਦੋਵੇ ਭੈਣ-ਭਰਾ ਦਰਿਆ ਬਿਆਸ ਦੇ ਕੰਢੇ ਪਹੁੰਚਦੇ ਹਨ ਅਤੇ ਜਿਸ ਦੌਰਾਨ ਦੋਹਾਂ ਵਿੱਚੋਂ ਭੈਣ ਪੈਰ ਤਿਲਕਣ ਮਗਰੋਂ ਉਹ ਡੂੰਘੇ ਪਾਣੀ ਦੀ ਲਪੇਟ ਵਿੱਚ ਆ ਜਾਂਦੀ ਹੈ ਜਿਸ ਨੂੰ ਬਚਾਉਣ ਦੇ ਲਈ ਭਰਾ ਵੱਲੋਂ ਵੀ ਛਲਾਂਗ ਲਗਾਈ ਜਾਂਦੀ ਹੈ ਪਰ ਇੱਕ ਦੂਜੇ ਨੂੰ ਬਚਾਉਂਦਿਆਂ ਉਹ ਦੋਹੇ ਡੂੰਘੇ ਪਾਣੀ ਵਿੱਚ ਡੁੱਬ ਜਾਂਦੇ ਹਨ। ਫਿਲਹਾਲ ਪੱਪੂ ਦੀ ਲਾਸ਼ ਬਰਾਮਦ ਹੋ ਗਈ ਹੈ ਜਦਕਿ ਆਸ਼ੂ ਦੀ ਭਾਲ ਅਜੇ ਵੀ ਜਾਰੀ ਹੈ। ਜਾਣਕਾਰੀ ਦੇ ਅਨੁਸਾਰ ਪੱਪੂ ਸ਼ਾਦੀਸ਼ੁਦਾ ਸੀ ਜਦਕਿ ਉਸਦੀ ਭੈਣ ਅਜੇ ਕੁਆਰੀ ਸੀ।



# ਨੂੱਸੀ 'ਚ ਮੁਫ਼ਤ ਮੈਡੀਕਲ ਕੈਂਪ ਲਗਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)** ਆਪੀ ਚੈਰੀਟੇਬਲ ਹਸਪਤਾਲ ਕਰਤਾਰਪੁਰ ਵੱਲੋਂ ਮੁਫਤ ਐਸ ਯੂ ਪੀ ਮੈਡੀਕਲ ਕੈਂਪ ਪਿੰਡ ਨੂਸੀਵਾਲ 'ਚ ਲਗਾਇਆ ਗਿਆ । ਜਿਸ ਵਿੱਚ 119 ਮਰੀਜ਼ਾਂ ਦਾ ਮੁਫਤ ਚੈੱਕ-ਅੱਪ, ਮੁਫਤ ਸ਼ੂਗਰ ਟੈਸਟ, ਮੁਫਤ ਦਵਾਈਆਂ ਵੰਡੀਆਂ ਗਈਆਂ । ਇਸ ਕੈਂਪ ਦਾ ਉਦਘਾਟਨ ਸਰਪੰਚ ਤੀਰਥ ਲਾਡੀ ਨੇ ਰਿਬਨ ਕੱਟ ਕੇ ਕੀਤਾ। ਇਸ ਕੈਂਪ ਵਿੱਚ ਮੈਡਮ ਸੁਮਨ ਲਤਾ, ਡਾਕਟਰ ਅਰਸ਼ਪ੍ਰੀਤ ਕੌਰ, ਡਾਕਟਰ ਰੋਹਿਤ ਮਮੋਤਰਾ, ਸਰਪੰਚ ਤੀਰਥ ਲਾਡੀ, ਰਮੇਸ਼ ਨੂਸੀ ਵਾਲਾ, ਵਿਜੇ ਕੁਮਾਰ ਪੀ ਐਮ, ਸੋਮਨਾਥ ਪੀ ਐਮ ਲਛਮਣ ਦਾਸ, ਪਰਮਜੀਤ ਝਾਮਟ, ਸੁਖਦੇਵ ਸੁਖੀ, ਜਗਦੀਸ਼ ਕੁਮਾਰ ਪੀ ਐਮ, ਪ੍ਰਸਿੱਧ ਗਾਇਕ ਦਲਵਿੰਦਰ ਦਿਆਲਪੁਰੀ, ਪ੍ਰਸਿੱਧ ਗਾਇਕ ਰਾਮੇਸ਼ ਨੂੰਸੀਵਾਲ,ਐਡਵੋਕੇਟ ਜਗਜੀਵਨ ਰਾਮ, ਪ੍ਰਧਾਨ ਵੀਰ ਚੰਦ, ਵੀਨਾ ਰਾਣੀ ਪੀ ਐਮ, ਓਂਕਾਰ ਸਿੰਘ, ਪਰਸਨ, ਲਖਵਿੰਦਰ ਸਿੰਘ, ਮੇਜਰ ਸਿੰਘ, ਰੋਹਿਤ, ਜਤਿੰਦਰ ਸਿੰਘ ਲਾਡੀ, ਯੁਵਰਾਜ ਸਿੰਘ ਕਲੇਰ, ਪ੍ਰਗਟ ਮੰਗਾ , ਮੋਹਨ ਲਾਲ, ਮਨਜਿੰਦਰ ਸਿੰਘ ਕਲੇਰ ਅਤੇ ਆਦਿ ਸਟਾਫ਼ ਮੌਜੂਦ ਸੀ ।



# ਨਗਰ ਸੁਧਾਰ ਟਰੱਸਟ ਦੇ ਨਵ-ਨਿਯੁਕਤ ਚੇਅਰਮੈਨ ਜਰਨੈਲ ਨੰਗਲ ਦਾ ਸਨਮਾਨ



**ਫਗਵਾੜਾ (ਜਸਵਿੰਦਰ ਢੱਡਾ)** ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਦਾ ਇਕ ਵਫ਼ਦ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਅਤੇ ਸਲਾਹਕਾਰ ਬੋਰਡ ਦੇ ਮੈਂਬਰ ਸੰਤੋਸ਼ ਕੁਮਾਰ ਗੋਗੀ ਦੀ ਅਗਵਾਈ ਹੇਠ ਨਗਰ ਸੁਧਾਰ ਟਰੱਸਟ ਦੇ ਨਵ ਨਿਯੁਕਤ ਚੇਅਰਮੈਨ ਜਰਨੈਲ ਨੰਗਲ ਨੂੰ ਮਿਲਿਆ। ਇਸ ਦੌਰਾਨ ਸਭਾ ਦੇ ਸਮੂਹ ਆਗੂਆਂ ਨੇ ਜਰਨੈਲ ਨੰਗਲ ਨੂੰ ਚੇਅਰਮੈਨ ਬਣਨ 'ਤੇ ਸ਼ੁੱਭ ਇੱਛਾਵਾਂ ਦਿੱਤੀਆਂ ਅਤੇ ਸ਼੍ਰੀ ਦਰਬਾਰ ਸਾਹਿਬ ਦੀ ਤਸਵੀਰ ਅਤੇ ਸ਼ਾਲ ਭੇਂਟ ਕਰਕੇ ਸਨਮਾਨਤ ਕੀਤਾ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਆਸ ਪ੍ਰਗਟਾਈ ਕਿ ਬਤੌਰ ਚੇਅਰਮੈਨ ਜਰਨੈਲ ਨੰਗਲ ਨਗਰ ਸੁਧਾਰ ਟਰੱਸਟ ਰਾਹੀਂ ਸ਼ਹਿਰ ਦੇ ਵਿਕਾਸ ਦਾ ਪੁਰਜੋਰ ਯਤਨ ਕਰਨਗੇ। ਸੰਤੋਸ਼ ਕੁਮਾਰ ਗੋਗੀ ਨੇ ਕਿਹਾ ਕਿ ਉਹ ਨਗਰ ਸੁਧਾਰ ਟਰੱਸਟ ਦੇ ਮੈਂਬਰ ਵਜੋਂ ਚੇਅਰਮੈਨ ਜਰਨੈਲ ਨੰਗਲ ਨੂੰ ਸ਼ਹਿਰ ਦੇ ਹਿੱਤ 'ਚ ਆਪਣਾ ਹਰ ਸੰਭਵ ਸਹਿਯੋਗ ਦਿੰਦੇ ਰਹਿਣਗੇ। ਚੇਅਰਮੈਨ ਜਰਨੈਲ ਨੰਗਲ ਨੇ ਸਭਾ ਦੇ ਸਮੂਹ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਭਰੋਸਾ ਦਿੱਤਾ ਕਿ ਸਭਾ ਦੇ ਸਮਾਜ ਸੇਵੀ ਕਾਰਜਾਂ ਵਿਚ ਉਹ ਵੀ ਆਪਣਾ ਬਣਦਾ ਯੋਗਦਾਨ ਦਿੰਦੇ ਰਹਿਣਗੇ ਅਤੇ ਸਰਕਾਰ ਨੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਦੀ ਜੋ ਜ਼ਿੰਮੇਵਾਰੀ ਸੌਂਪੀ ਹੈ ਉਸ ਨੂੰ ਵੀ ਪੂਰੀ ਤਨਦੇਹੀ ਨਾਲ ਨਿਭਾਉਂਦੇ ਹੋਏ ਲੋਕ ਸੇਵਾ ਲਈ ਹਰ ਵੇਲੇ ਹਾਜ਼ਰ ਰਹਿਣਗੇ। ਵਫਦ ਵਿਚ ਸਭਾ ਦੇ ਜਨਰਲ ਸਕੱਤਰ ਡਾ. ਵਿਜੈ ਕੁਮਾਰ, ਉਪ ਪ੍ਰਧਾਨ ਰਾਜ ਕੁਮਾਰ ਕਨੌਜੀਆ, ਉਪ ਪ੍ਰਧਾਨ ਸਵਰਨ ਸਿੰਘ, ਸਮਾਜ ਸੇਵਕ ਮਦਨ ਲਾਲ ਕੋਰੋਟਾਨੀਆ, ਪਰਮਜੀਤ ਰਾਏ, ਹਰਕਮਲ ਬਸਰਾ ਪਹਿਲਵਾਨ ਡੇਅਰੀ ਐਂਡ ਸਵੀਟ ਸ਼ਾਪ, ਗੁਰਸ਼ਰਨ ਬਾਸੀ, ਗੁਲਸ਼ਨ ਕਪੂਰ ਸ਼ਾਮਲ ਸਨ।

# ਨੈਸ਼ਨਲ ਹਾਈਵੇ ਵੱਲੋਂ ਫੁੱਲ-ਬੂਟਿਆਂ ਵਾਸਤੇ ਬਣਾਈ ਪਾਰਕ 'ਤੇ ਪ੍ਰਵਾਸੀਆਂ ਨੇ ਕੀਤਾ ਕਬਜ਼ਾ

**ਬਲਾਚੌਰ (ਜਸਵਿੰਦਰ ਬੈਂਸ)**— ਪ੍ਰਵਾਸੀਆਂ ਵੱਲੋਂ ਬਲਾਚੌਰ ਕੰਗਣਾ ਪੁਲ ਦੇ ਨੀਚੇ ਜੋ ਨੈਸ਼ਨਲ ਹਾਈਵੇ ਵੱਲੋਂ ਫੁੱਲ ਬੂਟੇ ਵਾਸਤੇ ਇੱਕ ਪਾਰਕ ਬਣਾਈ ਗਈ ਹੈ, ਪ੍ਰਵਾਸੀਆਂ ਨੇ ਆਪਣੇ ਅੱਡੇ ਬਣਾ ਕੇ ਗੋਲ ਗੱਪੇ, ਸਪ੍ਰਿੰਗ ਰੋਲ, ਬਰਗਰ ਲੋਕਾਂ ਨੂੰ ਖਵਾ ਰਹੇ ਹਨ। ਉਹਨਾਂ ਦੇ ਹੱਥਾਂ 'ਤੇ ਨਾ ਦਸਤਾਨੇ ਅਤੇ ਨਾ ਮੂੰਹ ਤੇ ਮਾਸਕ ਪਾਏ ਹੁੰਦੇ ਹਨ। ਉਹ ਬਹੁਤ ਹੀ ਘਟੀਆ ਕਿਸਮ ਦਾ ਗ੍ਰਾਹਕਾਂ ਨੂੰ ਫਾਸਟ ਫੂਡ ਖਿਲਾ ਰਹੇ ਹਨ। ਮੇਨ ਸੜਕ ਤੋਂ ਦੂਜੇ ਪਾਸੇ ਜਦੋਂ ਲੋਕਾਂ ਨੇ ਕਰੋਸ ਕਰਨਾ ਹੁੰਦਾ ਹੈ ਤਾਂ ਉਹਨਾਂ ਦੇ ਵਿੱਚ ਇਹਨਾਂ ਗੋਲ ਗੱਪਿਆਂ ਵਾਲਿਆਂ ਨੇ ਆਪਣੀ ਨਿੱਜੀ ਪਾਰਕ ਬਣਾਈ ਹੋਈ ਹੈ ਜਿੱਥੇ ਗੋਲ ਗੱਪੇ ਖਾਣ ਵਾਲੇ ਆਪਣੇ ਮੋਟਰਸਾਈਕਲ ਗੱਡੀਆਂ ਵਗੈਰਾ ਖੜੀਆਂ ਕਰਕੇ ਉਸ ਰੋਡ ਨੂੰ ਬਲੋਕ ਕਰ ਦਿੰਦੇ ਹਨ। ਇਸ ਜਗ੍ਹਾ ਤੋਂ ਬਹੁਤ ਸਾਰੇ ਮੋਟਰ ਸਾਇਕਲ ਜਾਂ ਗੱਡੀਆਂ ਪੈਟਰੋਲ ਪੰਪ 'ਤੇ ਤੇਲ ਪਵਾਉਣ ਵਾਸਤੇ ਜਾਂਦੀਆਂ ਹਨ। ਲੋਕਾਂ ਨੇ ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਕਿਹਾ ਕਿ ਉਨ੍ਹਾਂ ਨੂੰ ਇਸ ਨਾਲ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਕਈ ਵਾਰੀ ਤਾਂ ਇਥੋਂ ਘੁੰਮਣ ਲਗੇ ਗੱਡੀ ਕਿਸੇ ਮੋਟਰ ਸਾਈਕਲ ਜਾ ਕਿਸੇ ਹੋਰ ਵਾਹਨ ਨਾਲ ਜੋ ਕਿ ਬੇਤਰਤੀਬੇ ਤਰੀਕੇ ਨਾਲ ਖੜੇ ਹੁੰਦੇ ਹਨ ਉਨ੍ਹਾਂ ਨਾਲ ਲੱਗ ਜਾਂਦੀ ਹੈ ਜਿਸ ਨਾਲ ਲੜਾਈ ਤਕ ਦੀ ਨੌਬਤ ਵੀ ਆ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਾਡੇ ਤਾਂ ਚਲਾਨ ਕੱਟੇ ਜਾਂਦੇ ਹਨ ਪਰ ਇਹਨਾਂ ਰੇੜ੍ਹੀਆਂ ਵਾਲਿਆਂ 'ਤੇ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ ਜਿਸ ਕਾਰਨ ਉਥੋਂ ਲੰਘਣ ਵਾਲਿਆਂ ਨੂੰ ਮੁਸ਼ਕਿਲ ਪੇਸ਼ ਆਉਂਦੀ ਹੈ ਅਤੇ ਟ੍ਰੈਫਿਕ ਵਿਚ ਵਿਘਨ ਪੈਂਦਾ ਹੈ। ਉਨਾਂ ਨੇ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਹੈ ਕਿ ਇਹਨਾਂ ਰੇੜ੍ਹੀਆਂ ਵਾਲਿਆਂ ਉੱਪਰ ਕਾਰਵਾਈ ਕੀਤੀ ਜਾਵੇ ਤਾਂ ਜੋ ਲੋਕਾਂ ਨੂੰ ਹੋ ਰਹੀ ਪ੍ਰੇਸ਼ਾਨੀ ਤੋਂ ਛੁਟਕਾਰਾ ਮਿਲ ਸਕੇ।



# ਮਾਂ ਦਾ ਕਰਜ਼ਾ ਕੋਈ ਨਹੀਂ ਦੇ ਸਕਦਾ : ਸੁਖੀਜਾ

**ਕਪੂਰਥਲਾ (ਮਨਜੀਤ ਮਾਨ)** ਬੱਚਾ ਚਾਹੇ ਜਿੰਨਾ ਵੀ ਮਰਜ਼ੀ ਵੱਡਾ ਕਿਉਂ ਨਾ ਹੋ ਜਾਵੇ, ਉਸ ਨੂੰ ਮਾਂ ਦੇ ਆਂਚਲ ਦੀ ਲੋੜ ਪੈਂਦੀ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰਸਿੱਧ ਲੇਖਿਕਾ ਨਵਿਤਾ ਸੁਖੀਜਾ ਨੇ ਪੱਤਰਕਾਰ ਨਾਲ ਕੀਤਾ, ਮਾਂ ਚਾਹੇ ਦੁਖੀ ਹੋਵੇ ਜਾਂ ਸੁਖੀ ਹੋਵੇ ਜਾਂ ਕੋਈ ਗਮੀ ਹੋਵੇ ਜਾਂ ਖੁਸ਼ੀ ਹੋਵੇ ਉਹ ਆਪਣੀ ਚਿੰਤਾ ਨਾ ਕਰਦੇ ਹੋਏ ਪਹਿਲਾਂ ਬੱਚਿਆਂ ਨੂੰ ਹੀ ਪਹਿਲ ਦਿੰਦੀ ਹੈ , ਮਾਵਾਂ ਠੰਡੀਆਂ ਛਾਵਾਂ ,ਛਾਵਾਂ ਕੌਣ ਕਰੇ , ਮਾਂ ਮਾਂ ਹੀ ਹੁੰਦੀ ਹੈ, ਉਹਨਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਜਿਉਂਦੇ ਜੀ ਆਪਣੇ ਮਾਤਾ ਪਿਤਾ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਉਨਾਂ ਦੀ ਹਰ ਖੁਸ਼ੀ ਪੂਰੀ ਕਰਨੀ ਚਾਹੀਦੀ ਹੈ।

# 20 ਦੀ ਦੇਸ਼-ਵਿਆਪੀ ਜਨਤਕ ਹੜਤਾਲ ਦੀਆਂ ਤਿਆਰੀਆਂ ਜ਼ੋਰਾਂ 'ਤੇ

**ਬੰਗਾ (ਅਵਤਾਰ ਕਲੇਰ)** ਸੀਟੂ ਪੰਜਾਬ ਦੇ ਪ੍ਰਧਾਨ ਮਹਾਂ ਸਿੰਘ ਰੋੜੀ, ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਰਾਮ ਸਿੰਘ ਨੂਰਪੁਰੀ ਅਤੇ ਆਲ ਇੰਡੀਆ ਕਿਸਾਨ ਸਭਾ ਦੇ ਸੀਨੀਅਰ ਆਗੂ ਚਰਨਜੀਤ ਸਿੰਘ ਦੌਲਤਪੁਰ ਨੇ ਸਾਂਝੇ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਦੇਸ਼ ਭਰ ਦੀਆਂ ਟਰੇਡ ਯੂਨੀਅਨਾਂ,ਖੇਤ ਮਜ਼ਦੂਰ ਜਥੇਬੰਦੀਆਂ, ਕਿਸਾਨ ਸਭਾਵਾਂ ਅਤੇ ਹੋਰ ਜਥੇਬੰਦੀਆਂ ਵੱਲੋਂ 20 ਮਈ ਨੂੰ ਆਪਣੀਆਂ ਮੰਗਾਂ ਨੂੰ ਲੈ ਕੇ ਦੇਸ਼ ਵਿਆਪੀ ਹੜਤਾਲ ਕੀਤੀ ਜਾ ਰਹੀ ਹੈ । ਜਿਸ ਦੀ ਤਿਆਰੀ ਲਈ ਇਸ਼ਤਿਹਾਰ ਲਗਾਏ ਜਾ ਰਹੇ ਹਨ, ਹੈਂਡ ਬਿਲ ਵੰਡੇ ਜਾ ਰਹੇ ਹਨ ਅਤੇ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ 13 ਮਈ ਨੂੰ ਸਵੇਰੇ 11 ਵਜੇ ਘੱਕੇਵਾਲ ਭਵਨ ਨਵਾਂਸ਼ਹਿਰ ਵਿਖੇ ਸਾਂਝੀ ਮੀਟਿੰਗ ਕੀਤੀ ਜਾ ਰਹੀ ਹੈ। ਜਿਸ ਵਿੱਚ ਸੀਟੂ, ਏਟਕ, ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ, ਸੰਯੁਕਤ ਕਿਸਾਨ ਮੋਰਚਾ,ਭਾਰਤੀ ਮਜ਼ਦੂਰ ਸਭਾ, ਆਗਣਵਾੜੀ ਮੁਲਾਜ਼ਮ ਯੂਨੀਅਨ, ਆਸ਼ਾ ਵਰਕਰ ਯੂਨੀਅਨ ਸਮੇਤ ਜ਼ਿਲ੍ਹੇ ਦੀਆਂ 20 ਤੋਂ ਵੱਧ ਟਰੇਡ ਯੂਨੀਅਨਾਂ ਅਤੇ ਜਥੇਬੰਦੀਆਂ ਹਿੱਸਾ ਲੈਣਗੀਆਂ। 20 ਮਈ ਨੂੰ ਹੜਤਾਲ ਕਰਕੇ ਜਨਤਕ ਇਕੱਠ ਨਵਾਂ ਸ਼ਹਿਰ ਬੱਸ ਸਟੈਂਡ 'ਤੇ ਕੀਤਾ ਜਾਵੇਗਾ।



# ਸੀਨੀਅਰ ਮੈਡੀਕਲ ਅਫ਼ਸਰ ਡਾ. ਜੰਗਜੀਤ ਸਿੰਘ ਵੱਲੋਂ ਆਫ਼ਤ ਪ੍ਰਬੰਧਨ ਕਮੇਟੀ ਦਾ ਗਠਨ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਕੀਰਤਪੁਰ ਸਾਹਿਬ ਦੇ ਮੁੱਢਲੇ ਸਿਹਤ ਕੇਂਦਰ ਵਿਖੇ ਸੀਨੀਅਰ ਮੈਡੀਕਲ ਅਫ਼ਸਰ ਡਾਕਟਰ ਜੰਗਜੀਤ ਸਿੰਘ ਦੀ ਪ੍ਰਧਾਨਗੀ ਹੇਠ ਆਫ਼ਤ ਪ੍ਰਬੰਧਨ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਹ ਕਮੇਟੀ ਚੱਲ ਰਹੇ ਤਣਾਅਪੂਰਨ ਮਾਹੌਲ ਅਤੇ ਸੰਘਰਸ਼ ਵਿਰਾਮ ਤੋਂ ਬਾਅਦ ਦੀ ਸਥਿਤੀ ਨਾਲ ਨਜਿੱਠਣ ਲਈ ਕਾਇਮ ਕੀਤੀ ਗਈ ਹੈ।ਸੀਨੀਅਰ ਮੈਡੀਕਲ ਅਫ਼ਸਰ ਡਾ.ਜੰਗਜੀਤ ਸਿੰਘ ਨੇ ਦੱਸਿਆ ਹੈ ਕਿ ਪੀ.ਐੱਚ.ਸੀ ਕੀਰਤਪੁਰ ਸਾਹਿਬ ਵਿਖੇ ਸੇਵਾਵਾਂ ਨਿਭਾ ਰਹੇ ਡਾ.ਅਨੂ ਸ਼ਰਮਾ ਨੂੰ ਕਮੇਟੀ ਵਿਚ ਬਲਾਕ ਨੋਡਲ ਅਧਿਕਾਰੀ ਵਜੋਂ ਸ਼ਾਮਲ ਕੀਤਾ ਗਿਆ ਹੈ। ਜਦ ਕਿ ਐੱਸ.ਐੱਮ.ਆਈ ਸਿਕੰਦਰ ਸਿੰਘ ਨੂੰ ਸ੍ਰੀ ਅਨੰਦਪੁਰ ਸਾਹਿਬ ਤਹਿਸੀਲ ਦਾ ਨੋਡਲ ਅਧਿਕਾਰੀ ਅਤੇ ਸੀ.ਓ ਭਰਤ ਕਪੂਰ ਨੂੰ ਸਹਾਇਕ ਨੋਡਲ ਅਧਿਕਾਰੀ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਪੀ.ਐੱਚ.ਸੀ ਕੀਰਤਪੁਰ ਸਾਹਿਬ ਅਧੀਨ ਆਉਂਦੇ ਮਿੰਨੀ ਪ੍ਰਾਇਮਰੀ ਹੈਲਥ ਸੈਂਟਰ ਸਹਿਜੋਵਾਲ ਦੇ ਐੱਸ.ਆਈ ਸੁਖਬੀਰ ਸਿੰਘ ਅਤੇ ਕਥੇੜਾ ਦੇ ਐੱਸ.ਆਈ ਗੁਰਿੰਦਰ ਸਿੰਘ ਨੂੰ ਨੰਗਲ ਤਹਿਸੀਲ ਦਾ ਨੋਡਲ ਅਧਿਕਾਰੀ ਬਣਾਇਆ ਗਿਆ ਹੈ। ਡਾਕਟਰ ਜੰਗਜੀਤ ਸਿੰਘ ਨੇ ਦੱਸਿਆ ਕਿ ਆਯੂਸ਼ਮਾਨ ਅਰੋਗਿਆ ਕੇਂਦਰ ਗੱਗ ਤੋਂ ਮਲਟੀ ਪਰਪਜ਼ ਹੈਲਥ ਵਰਕਰ ਗੁਰਦੀਪ ਸਿੰਘ ਅਤੇ ਭਨਾਮ ਤੋਂ ਮਲਟੀ ਪਰਪਜ਼ ਹੈਲਥ ਵਰਕਰ ਜਸਦੀਪ ਸਿੰਘ ਨੂੰ ਨੰਗਲ ਤਹਿਸੀਲ ਦੇ ਨੋਡਲ ਅਧਿਕਾਰੀ ਵਜੋਂ ਕਮੇਟੀ ਵਿੱਚ ਸ਼ਾਮਲ ਕੀਤਾ ਗਿਆ ਹੈ।ਸੀਨੀਅਰ ਮੈਡੀਕਲ ਅਫਸਰ ਨੇ ਦੱਸਿਆ ਹੈ ਕਿ ਤਹਿਸੀਲ ਸ੍ਰੀ ਅਨੰਦਪੁਰ ਸਾਹਿਬ ਅਤੇ ਤਹਿਸੀਲ ਨੰਗਲ ਲਈ ਨਿਯੁਕਤ ਕੀਤੇ ਨੋਡਲ ਅਧਿਕਾਰੀਆਂ ਨੂੰ ਰੈਪਿਡ ਰਿਸਪਾਂਸ ਟੀਮਾਂ ਬਣਾ ਕੇ ਦਫ਼ਤਰ ਵਿਖੇ ਸੂਚਿਤ ਕਰਨ ਦੀ ਹਦਾਇਤ ਕੀਤੀ ਗਈ ਹੈ। ਨੋਡਲ ਅਧਿਕਾਰੀ, ਦੋਹਾਂ ਤਹਿਸੀਲਾਂ ਵਿਚ ਪੀ.ਐੱਚ.ਸੀ ਕੀਰਤਪੁਰ ਸਾਹਿਬ ਅਧੀਨ ਕੰਮ ਕਰ ਰਹੇ ਸਟਾਫ਼ ਦੀ ਅਗਵਾਈ ਕਰਨਗੇ ਅਤੇ ਕਿਸੇ ਵੀ ਤਰ੍ਹਾਂ ਦੀ ਐਮਰਜੈਂਸੀ ਵੇਲੇ ਸਟਾਫ਼ ਦੀ ਉਪਲਬੱਧਤਾ ਅਤੇ ਸਿਹਤ ਵਿਭਾਗ ਨਾਲ ਸੰਬੰਧਤ ਕੰਮ ਲਈ ਜ਼ਿੰਮੇਵਾਰ ਹੋਣਗੇ। ਡਾਕਟਰ ਜੰਗਜੀਤ ਸਿੰਘ ਨੇ ਕਿਹਾ ਕਿ ਪੰਜਾਬ ਦੇ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਵੱਲੋਂ ਦਿੱਤੀਆਂ ਗਈਆਂ ਸਾਰੀਆਂ ਹਦਾਇਤਾਂ 'ਤੇ ਗੰਭੀਰਤਾ ਨਾਲ ਅਮਲ ਕੀਤਾ ਜਾਵੇਗਾ।



# ਸੰਤ ਬਾਬਾ ਪ੍ਰੀਤਮ ਦਾਸ ਦਾ ਬਰਸੀ ਸਮਾਗਮ 16 ਨੂੰ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)** ਬ੍ਰਹਮ ਗਿਆਨੀ ਬ੍ਰਹਮਲੀਨ 108 ਸੰਤ ਬਾਬਾ ਪ੍ਰੀਤਮ ਦਾਸ (ਬਾਬੇ ਜੌੜੇ) ਪਿੰਡ ਰਾਏਪੁਰ ਰਸੂਲਪੁਰ ਜਲੰਧਰ ਵਾਲਿਆਂ ਦੀ 35ਵੀਂ ਸਾਲਾਨਾ ਬਰਸੀ ਡੇਰਾ ਸੰਤ ਬਾਬਾ ਪ੍ਰੀਤਮ ਦਾਸ ਬਾਬੇ ਜੌੜੇ ਪਿੰਡ ਰਾਏਪੁਰ ਰਸੂਲਪੁਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਡੇਰੇ ਦੇ ਮੌਜੂਦਾ ਗੱਦੀ ਨਸ਼ੀਨ ਸੰਤ ਬਾਬਾ ਨਿਰਮਲ ਦਾਸ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ. ਪੰਜਾਬ ਦੀ ਸਰਪ੍ਰਸਤੀ ਹੇਠ ਸ਼ਰਧਾ ਪੂਰਵਕ ਮਨਾਈ ਜਾ ਰਹੀ ਹੈ। ਇਸ ਸਮਾਗਮ ਸਬੰਧੀ ਜਾਣਕਾਰੀ ਦਿੰਦੇ ਹੋਏ ਸੰਤ ਬਾਬਾ ਨਿਰਮਲ ਦਾਸ ਨੇ ਦੱਸਿਆ ਕਿ 14 ਮਈ ਦਿਨ ਬੁੱਧਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ। 14 ਤੋਂ 15 ਮਈ ਸ਼ਾਮ ਨੂੰ ਕੀਰਤਨ ਦਰਬਾਰ ਸਜਾਏ ਜਾਣਗੇ ।6 ਮਈ ਦਿਨ ਸ਼ੁਕਰਵਾਰ ਨੂੰ ਸਵੇਰੇ 10 ਵਜੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਵੱਖ ਵੱਖ ਕੀਰਤਨੀ ਜੱਥੇ ਅਤੇ ਦੇਸ਼ ਭਰ ਤੋਂ ਸੰਤ ਮਹਾਂਪੁਰਸ਼ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਸੰਬੰਧੀ ਭੈਣ ਸੰਤੋਸ਼ ਕੁਮਾਰੀ ਪ੍ਰਧਾਨ ਨਾਰੀ ਸ਼ਕਤੀ ਫਾਊਂਡੇਸ਼ਨ ਭਾਰਤ ਨੇ ਦੱਸਿਆ ਕਿ ਸੰਤ ਬਾਬਾ ਪ੍ਰੀਤਮ ਦਾਸ ਜੀ ਦੀ ਬਰਸੀ ਸਮਾਗਮ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਕੀਤੀਆਂ ਜਾ ਰਹੀਆਂ ਹਨ ।ਸੰਤ ਬਾਬਾ ਪ੍ਰੀਤਮ ਦਾਸ ਜੀ ਮੈਮੋਰੀਅਲ ਚੈਰੀਟੇਬਲ ਹਸਪਤਾਲ ਦੇ ਸਟਾਫ ਵਲੋਂ ਫ੍ਰੀ ਮੈਡੀਕਲ ਕੈਂਪ ਵੀ ਲਗਾਇਆ ਜਾਵੇਗਾ।ਉਪਰੰਤ ਸੰਗਤਾਂ ਲਈ ਗੁਰੂ ਕਾ ਅਤੁੱਟ ਲੰਗਰ ਵੀ ਅਤੁੱਟ ਵਰਤਾਇਆ ਜਾਵੇਗਾ।



# ਨੌਜਵਾਨ ਕਿਸਾਨ-ਮਜ਼ਦੂਰ ਭਲਾਈ ਸੋਸਾਇਟੀ ਦੀ ਹੋਈ ਮੀਟਿੰਗ




**ਅੱਡਾ ਸਰਾਂ (ਜਸਵੀਰ ਕਾਜਲ)** ਪਿੰਡ ਨੰਗਲ ਵਿਖੇ ਨੌਜਵਾਨ ਕਿਸਾਨ ਮਜ਼ਦੂਰ ਭਲਾਈ ਸੋਸਾਇਟੀ ਦੀ ਮਹੀਨਾਵਾਰ ਮੀਟਿੰਗ ਸੂਬਾ ਪ੍ਰਧਾਨ ਉਂਕਾਰ ਸਿੰਘ ਖਾਲਸਾ ਦੀ ਪ੍ਰਧਾਨਗੀ ਹੇਠ ਹੋਈ ਗ੍ਰਾਮ ਪੰਚਾਇਤ ਨੰਗਲ ਨੇ ਵਿਸ਼ੇਸ਼ ਯੋਗਦਾਨ ਪਾਇਆ ਸਰਪੰਚ ਗੁਰਪ੍ਰੀਤ ਸਿੰਘ, ਜਰਨੈਲ ਸਿੰਘ ਨਾਮਧਾਰੀ, ਦਿਲਮੋਹਰ ਅਤੇ ਸਮੂਹ ਨਗਰ ਨਿਵਾਸੀਆਂ ਨੇ ਸ਼ਿਰਕਤ ਕੀਤੀ ।ਇਸ ਮੌਕੇ ਪੁਲਸ ਥਾਣਾ ਹਰਿਆਣਾ ਦੇ ਐਸ ਐਚ ਓ , ਸੋਮ ਨਾਥ ਨੇ ਲੋਕਾਂ ਤੋਂ ਸਹਿਯੋਗ ਮੰਗਿਆ ਤੇ ਕਿਹਾ ਆਪਦੇ ਇਲਾਕੇ ਵਿੱਚ ਆਪ ਨੂੰ ਕਿਸੇ ਵੀ ਨਸ਼ਾ ਤਸਕਰਾਂ ਦੀ ਜਾਣਕਾਰੀ ਹੈ ਤਾਂ ਸਾਡੇ ਨਾਲ ਜਰੂਰ ਸਾਂਝੀ ਕਰੋ। ਇਸ ਮੌਕੇ ਧਾਮੀ ਨੇ ਕਿਹਾ ਕਿ ਪਾਕਿਸਤਾਨ ਨਾਲ਼ ਖ਼ਰਾਬ ਸਬੰਧਾਂ ਕਰਕੇ ਪ੍ਰਸ਼ਾਸਨ ਦੀਆਂ ਹਦਾਇਤਾਂ ਅਨੁਸਾਰ ਚੱਲੋ, ਸੂਬੇ ਨੇ ਕੰਢੀ ਖੇਤਰ ਆ ਰਹੀਆਂ ਮੁਸਕਲਾਂ ਪ੍ਰਸ਼ਾਸਨ ਤਕ ਪਹੁੰਚਾਣ ਦਾ ਵਾਅਦਾ ਕੀਤਾ ਬਤੌਰ ਕਿਸਾਨ ਸਾਬਕਾ ਪਾਰਲੀਮੈਂਟਰੀ ਸੈਕਟਰੀ ਦੇਸ ਰਾਜ ਸਿੰਘ ਧੁੱਗਾ ਵੱਡੇ ਕਾਫਲੇ ਨਾਲ ਪਹੁੰਚੇ ਅਤੇ ਜਥੇਬੰਦੀ ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ ਅਤੇ ਹਿਤਾਂ ਪ੍ਰਤੀ ਕੰਮ ਦੀ ਪ੍ਰਸੰਸਾ ਕੀਤੀ। ਜਥੇਬੰਦੀ ਵਲੋਂ ਸੂਬਾ ਪ੍ਰਧਾਨ ਉਂਕਾਰ ਸਿੰਘ ਖਾਲਸਾ ਨੇ ਗੁਰਪ੍ਰੀਤ ਸਿੰਘ ਸਰਪੰਚ ਨੰਗਲ, ਜਰਨੈਲ ਸਿੰਘ ਨਾਮਧਾਰੀ ,ਬਲਵੰਤ ਸਿੰਘ ਖੋਪੜਾ ਨੂੰ ਕੰਢੀ ਖੇਤਰ ਦਾ ਇੰਚਾਰਜ ਬਣਾਇਆ ਗਿਆ, ਸਿਰੋਪਾਓ ਭੇਂਟ ਕੀਤੇ । ਹਰਦਿਆਲ ਸਿੰਘ ਹਰੀਆਂ ਵੇਲਾਂ ਗੁਰੂ ਕੀਆ ਫੌਜ ਸਮੇਤ ਹਾਜ਼ਰ ਹੋਏ , ਸਰੂਪ ਸਿੰਘ ਹਰਿਆਣਾ ਆਤਮਾ ਸਿੰਘ, ਇਕਬਾਲ ਸਿੰਘ ਸਾਬਕਾ ਪ੍ਰਧਾਨ ਐਮ ਸੀ ਹਰਿਆਣਾ, ਡਾਕਟਰ ਮੰਗਾ ਸਿੰਘ ਸਰਪੰਚ, ਸਰਬਜੀਤ ਸਿੰਘ , ਪੰਜਾਬ ਸਿੰਘ ਸਾਬਕਾ ਸਰਪੰਚ ਪਿੰਡ ਨੀਲਾ ਨਲੋਆ, ਅਵਤਾਰ ਸਿੰਘ, ਬਲਵੰਤ ਸਿੰਘ, ਗੁਰਦੈਵ ਸਿੰਘ, ਰਾਹੁਲ ਬਸੀ ਦਲਜੀਤ ਸਿੰਘ, ਪਰਮਜੀਤ ਸਿੰਘ , ਅਜੀਤ ਸਿੰਘ ,ਕੁਲਦੀਪ ਸਿੰਘ, ਰਨਦੀਪ ਸਿੰਘ, ਹਰਬੰਸ ਸਿੰਘ, ਸਤੀਸ਼ ਕੁਮਾਰ, ਪਰਮਿੰਦਰ ਸਿੰਘ , ਜਸਪ੍ਰੀਤ ਸਿੰਘ ,ਜਸਪਾਲ ਸਿੰਘ ਜਥਬੰਦੀ ਦੇ ਸਰਪ੍ਰਸਤ ਬਾਬਾ ਦਵਿੰਦਰ ਸਿੰਘ ਬੂਰੇ ਜੱਟਾਂ ਆਦਿ ਹਾਜਰ ਸਨ।

# ਪੂਰਨਮਾਸ਼ੀ ਦਾ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**- ਗੁਰਦੁਆਰਾ ਗੁਰੂ ਨਾਨਕ ਦਰਬਾਰ ਅਸਥਾਨ ਬਾਬਾ ਸ੍ਰੀ ਚੰਦ ਜੀ ਟਾਂਡਾ ਸ੍ਰੀ ਹਰਗੋਬਿੰਦਪੁਰ ਨੇੜੇ ਪਿੰਡ ਗਿੱਲ-ਕੋਟਲੀ ਵਿਖੇ ਪੂਰਨਮਾਸ਼ੀ ਸਬੰਧੀ ਮਹੀਨਾਵਾਰੀ ਧਾਰਮਿਕ ਸਮਾਗਮ ਸ਼ਰਧਾ ਸਤਿਕਾਰ ਤੇ ਸੇਵਾ ਭਾਵਨਾ ਨਾਲ ਕਰਵਾਇਆ ਗਿਆ। ਅਸਥਾਨ ਦੇ ਮੁੱਖ ਸੇਵਾਦਾਰ ਬਾਬਾ ਸੁਖਦੇਵ ਸਿੰਘ ਬੇਦੀ 16ਵੀਂ ਸੰਤਾਨ ਸ੍ਰੀ ਗੁਰੂ ਨਾਨਕ ਦੇਵ ਜੀ ਅੰਸ ਵੰਸ ਦਰਬਾਰ ਸ੍ਰੀ ਚੋਲਾ ਸਾਹਿਬ ਡੇਰਾ ਬਾਬਾ ਨਾਨਕ ਵਾਲਿਆਂ ਦੀ ਅਗਵਾਈ ਵਿੱਚ ਹੋਏ ਇਸ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਸ੍ਰੀ ਸਹਿਜ ਪਾਠ ਤੇ 10 ਮਈ ਤੋਂ ਆਰੰਭ ਕੀਤੇ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਸਮਾਗਮ ਦੌਰਾਨ ਸੰਬੋਧਨ ਕਰਦੇ ਹੋਏ ਸੰਤ ਬਾਬਾ ਸੁਖਦੇਵ ਸਿੰਘ ਬੇਦੀ ਨੇ ਕਿਹਾ ਕਿ ਸਾਨੂੰ ਮੌਕਾ ਜਨਮ ਦੀ ਪ੍ਰਾਪਤੀ ਸੇਵਾ ਤੇ ਸਿਮਰਨ ਵਾਸਤੇ ਹੋਈ ਹੈ ਪ੍ਰੰਤੂ ਅਸੀਂ ਕਲਯੁਗ ਦੇ ਪ੍ਰਭਾਵ ਹੇਠ ਆ ਕੇ ਕਾਮ ਕ੍ਰੋਧ ਲੋਭ ਮੋਹ ਵਿਚ ਫਸ ਜਾਂਦੇ ਹਾਂ ਤੇ ਆਪਣਾ ਮਨੁੱਖਾ ਵਿਅਰਥ ਹੀ ਗਵਾ ਦਿੰਦੇ ਹਾਂ। ਬਾਬਾ ਜੀ ਨੇ ਹੋਰ ਕਿਹਾ ਕਿ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਨੂੰ ਮਨਾ ਵਿੱਚ ਵਸਾ ਕੇ ਸੇਵਾ ਤੇ ਸਿਮਰਨ ਨਾਲ ਜੁੜਨਾ ਚਾਹੀਦਾ ਹੈ ਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਕਿਰਤ ਕਰੋ ਨਾਮ ਜਪੋ ਤੇ ਵੰਡ ਛਕੋ ਚੱਲਣਾ ਚਾਹੀਦਾ। ਸਮਾਗਮ ਵਿੱਚ ਭਾਈ ਤਰਸੇਮ ਸਿੰਘ ਖਾਲਸਾ ਅੰਮ੍ਰਿਤਸਰ ਵਾਲੇ, ਕਥਾ ਵਾਚਕ ਭਾਈ ਵੀਰ ਸਿੰਘ ਤੇ ਹੋਰ ਰਾਗੀ ਢਾਡੀ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵੀਚਾਰਾਂ ਦੁਆਰਾ ਨਿਹਾਲ ਕਰਦੇ ਹੋਏ ਗੁਰੂ ਚਰਨਾਂ ਨਾਲ ਜੋੜਿਆ।ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਵੱਖ-ਵੱਖ ਸੇਵਾਵਾਂ ਨਿਭਾਉਣ ਵਾਲੀਆਂ ਸੰਗਤਾਂ ਨੂੰ ਸਨਮਾਨਿਤ ਵੀ ਕੀਤਾ ਗਿਆ।ਇਸ ਮੌਕੇ ਸੰਗਤ ਦੀ ਸੇਵਾ ਵਾਸਤੇ ਚਾਹ ਪਕੌੜਿਆਂ ਅਤੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ। ਸਮਾਗਮ ਦੌਰਾਨ ਡਾਕਟਰ ਸੁਖਵਿੰਦਰ ਸਿੰਘ ਬੇਦੀ, ਕਮੇਟੀ ਪ੍ਰਧਾਨ ਨਾਜਰ ਸਿੰਘ ਸਹਿਬਾਜਪੁਰ ਲੱਖਵੀਰ ਸਿੰਘ ਗਿੱਲਾਂ, ਅਮਰੀਕ ਸਿੰਘ ਭੁਲ੍ਹਪੁਰ, ਪਰਮਜੀਤ ਸਿੰਘ ਦੌਲਤ ਸਿੰਘ, ਦੀਦਾਰ ਸਿੰਘ, ਗੁਰਮੀਤ ਸਿੰਘ ਹਰਭਜਨ ਸਿੰਘ, ਮਾਸਟਰ ਵਿਸਾਖਾ ਸਿੰਘ, ਹੈਡ ਗ੍ਰੰਥੀ ਵੀਰ ਸਿੰਘ, ਗੁਰਦੀਪ ਸਿੰਘ, ਹਰਮੀਤ ਸਿੰਘਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# 20 ਦੀ ਦੇਸ਼-ਵਿਆਪੀ ਹੜਤਾਲ ਨੂੰ ਸਫ਼ਲ ਬਣਾਉਣ ਸੰਬਧੀ ਮੀਟਿੰਗ



**ਬਰਨਾਲਾ (ਨ ਜ਼ ਸ)** ਇੱਥੇ ਬਾਬਾ ਅਰਜਨ ਸਿੰਘ, ਚੰਦ ਸਿੰਘ ਭਦੌੜ ਯਾਦਗਾਰੀ ਹਾਲ 'ਚ ਟ੍ਰੇਡ ਯੂਨੀਅਨ ਦੀ ਮੀਟਿੰਗ ਸਾਥੀ ਮਾਨ ਸਿੰਘ ਦੀ ਪ੍ਰਧਾਨਗੀ ਹੇਠ ਹੋਈ, ਇਸ ਮੌਕੇ ਖੁਸ਼ੀਆ ਸਿੰਘ, ਲਾਭ ਸਿੰਘ ਅਕਲੀਆਂ ਅਤੇ ਸ਼ੇਰ ਸਿੰਘ ਫਰਵਾਹੀ ਨੇ ਸੰਬੋਧਨ ਕੀਤਾ ਉਨ੍ਹਾ ਤੋਂ ਇਲਾਵਾ ਪ੍ਰੀਤਮ ਸਿੰਘ ਸਹਿਜੜਾ, ਰਮੇਸ਼ ਕੁਮਾਰ, ਨਿਰਮਲ ਸਿੰਘ ਜਲੂਰ ਅਤੇ ਗੁਰਮੇਲ ਸਿੰਘ ਪੱਖੋ ਨੇ ਵੀ ਆਪਣੇ ਵਿਚਾਰ ਰੱਖੇ ਉਨ੍ਹਾ ਕਿਹਾ ਕਿ 20 ਮਈ ਦੀ ਦੇਸ਼ ਵਿਆਪੀ ਹੜਤਾਲ ਨੂੰ ਸਫਲ ਬਣਾਉਣ ਲਈ ਪੂਰਾ ਜ਼ੋਰ ਲਾ ਦਿੱਤਾ ਜਾਵੇਗਾ। 20 ਮਈ ਨੂੰ ਕੌਮੀ ਟ੍ਰੇਡ ਯੂਨੀਅਨ ਅਤੇ ਮੁਲਾਜਮ ਫੈਡਰੇਸ਼ਨ ਸਾਂਝੇ ਮੰਚ ਵੱਲੋਂ ਦੇਸ਼ ਵਿਆਪੀ ਹੜਤਾਲ ਕੀਤੀ ਜਾ ਰਹੀ ਹੈ।ਇਸ ਦੀ ਸਫਲਤਾ ਲਈ ਯੂਨੀਅਨ ਅਤੇ ਪਿੰਡ ਪੱਧਰ ਤੱਕ ਮੀਟਿੰਗ ਕਰਵਾਉਣ ਦਾ ਫੈਸਲਾ ਕੀਤਾ ਗਿਆ।

# ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਨੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ

**ਫਗਵਾੜਾ (ਡਾ. ਰਮਨ)**- ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫ਼ਗਵਾੜਾ ਵਲੋਂ ਮਾਸਿਕ ਮੀਟਿੰਗ ਰੈਸਟ ਹਾਊਸ ਫ਼ਗਵਾੜਾ ਵਿਖੇ ਪ੍ਰਧਾਨ ਮੋਹਣ ਸਿੰਘ ਭੱਟੀ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਦੇ ਸ਼ੁਰੂ ਵਿੱਚ ਪਹਿਲਗਾਮ, ਜੰਮੂ ਕਸ਼ਮੀਰ ਵਿੱਚ ਆਤੰਕੀਆਂ ਹੱਥੋਂ ਮਾਰੇ ਗਏ ਅਤੇ ਜੰਗ ਦੇ ਹਮਲਿਆਂ ਦੌਰਾਨ ਸ਼ਹੀਦ ਹੋਏ ਫੌਜੀ ਜਵਾਨਾਂ/ਆਮ ਲੋਕਾਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ।ਜੰਗਬੰਦੀ ਦੀ ਉਲੰਘਣਾ ਕਰਨ 'ਤੇ ਪਾਕਿਸਤਾਨ ਦੀ ਨਿਖੇਧੀ ਵੀ ਕੀਤੀ ਗਈ।ਮਤਾ ਪਾਸ ਕਰਕੇ ਦੋਨੋਂ ਦੇਸ਼ਾਂ ਦੀਆਂ ਸਰਕਾਰਾਂ ਤੋਂ ਮੰਗ ਕੀਤੀ ਗਈ ਕਿ ਜੰਗ ਨੂੰ ਪੂਰਨ ਰੂਪ ਵਿੱਚ ਬੰਦ ਕਰਨ ਲਈ ਗੰਭੀਰਤਾ ਦਿਖਾਉਂਦੇ ਹੋਏ ਸੁਖਾਵੇਂ ਮਾਹੌਲ ਵਿੱਚ ਗੱਲਬਾਤ ਕਰਦੇ ਹੋਏ ਮਸਲੇ ਹੱਲ ਕਰਨ ਲਈ ਲਗਾਤਾਰ ਯਤਨ ਜਾਰੀ ਰੱਖੇ ਜਾਣ ਤਾਂ ਜੋ ਸਰਹੱਦਾਂ 'ਤੇ ਤਣਾਅ ਦਾ ਮਾਹੌਲ ਪੈਦਾ ਨਾ ਹੋਵੇ। ਦੇਸ਼ ਦੇ ਫੌਜੀ ਜਵਾਨਾਂ ਵਲੋਂ ਨਿਭਾਏ ਗਏ ਰੋਲ਼ ਦੀ ਵੀ ਸ਼ਲਾਘਾ ਕੀਤੀ ਗਈ ਆਦਿ ਮਤੇ ਪਾਸ ਕੀਤੇ ਗਏ। ਮੀਟਿੰਗ ਦੀ ਕਾਰਵਾਈ ਨੂੰ ਐਸੋਸੀਏਸ਼ਨ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ ਨੇ ਚਲਾਇਆ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਪ੍ਰੈਸ ਸਕੱਤਰ ਸੀਤਲ ਰਾਮ ਬੰਗਾ ਨੇ ਦੱਸਿਆ ਕਿ ਸਮੂਹ ਹਾਜ਼ਰ ਮੈਂਬਰਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ 01/01/2016 ਤੋਂ 30/06/2021 ਦੇ ਸਮੇਂ ਦੌਰਾਨ ਸੇਵਾ ਮੁਕਤ ਹੋਏ ਮੁਲਾਜ਼ਮਾਂ ਨੂੰ ਕਮਾਈ ਛੁੱਟੀ ਦਾ ਲਾਭ ਦੇਣ ਲਈ ਸੌਫਟ ਵੇਅਰ ਤੁਰੰਤ ਅੱਪਡੇਟ ਕੀਤਾ ਜਾਵੇ ਕਿਉਂਕਿ ਉਹਨਾਂ ਮੁਲਾਜ਼ਮਾਂ ਨੂੰ 18/02/2025 ਦੇ ਪੱਤਰ ਅਨੁਸਾਰ ਅਪ੍ਰੈਲ 2025 ਤੋਂ ਪਹਿਲੀ ਕਿਸ਼ਤ ਮਿਲਣੀ ਸੀ,ਜੋ ਅਜੇ ਤੱਕ ਨਹੀਂ ਮਿਲੀ। ਉਨ੍ਹਾਂ ਬਾਕੀ ਮੰਗਾਂ ਵੀ ਪੂਰੀਆਂ ਕਰਨ ਦੀ ਅਪੀਲ ਕੀਤੀ। ਵਿੱਤ ਸਕੱਤਰ ਗੁਰਨਾਮ ਸਿੰਘ ਸੈਣੀ ਵਲੋਂ ਮੀਟਿੰਗ ਵਿੱਚ ਹਾਜ਼ਰ ਮੈਂਬਰਾਂ ਨਾਲ ਐਸੋਸੀਏਸ਼ਨ ਦੀ ਆਮਦਨ/ਖਰਚ ਦੇ ਵੇਰਵੇ ਸਾਂਝੇ ਕਰਦੇ ਹੋਏ ਕੀਤੇ ਗਏ ਖਰਚਿਆਂ ਨੂੰ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸਰਪ੍ਰਸਤ ਕਰਨੈਲ ਸਿੰਘ ਸੰਧੂ, ਸੀਨੀਅਰ ਮੀਤ ਪ੍ਰਧਾਨ ਪ੍ਰਮੋਦ ਕੁਮਾਰ ਜੋਸ਼ੀ,ਜੁਆਇੰਟ ਸਕੱਤਰ ਸਤਪਾਲ ਸਿੰਘ ਖੱਟਕੜ,ਜਥੇਬੰਦਕ ਸਕੱਤਰ ਨਿਰਮੋਲਕ ਸਿੰਘ ਹੀਰਾ, ਐਡੀਟਰ ਕ੍ਰਿਸ਼ਨ ਗੋਪਾਲ ਚੋਪੜਾ, ਪ੍ਰਿੰਸੀਪਲ ਧਰਮਵੀਰ ਨਾਰੰਗ, ਪ੍ਰਿੰਸੀਪਲ ਕੇਵਲ ਸਿੰਘ, ਸੁੱਚਾ ਰਾਮ,ਰਤਨ ਸਿੰਘ, ਹਰਭਜਨ ਲਾਲ ਕੌਲ,ਕੇ ਕੇ ਪਾਂਡੇ, ਅਸ਼ਵਨੀ ਕੁਮਾਰ,ਰਾਜ ਕੁਮਾਰ ਸਾਹਨੀ ਅਤੇ ਕੁਲਦੀਪ ਸਿੰਘ ਕੌੜਾ ਆਦਿ ਪੈਨਸ਼ਨਰ ਸਾਥੀ ਹਾਜ਼ਰ ਸਨ।




# ਐੱਸ ਟੀ ਐੱਸ ਵਰਲਡ ਸਕੂਲ ਦੇ ਅਧਿਆਪਕ ਨੇ ਏ ਐੱਨ ਓ ਰੈਂਕ ਪ੍ਰਾਪਤ ਕੀਤਾ




**ਗੁਰਾਇਆ (ਬਿੰਦਰ ਸੁਮਨ)**— ਇਹ ਐੱਸ .ਟੀ.ਐੱਸ ਵਰਲਡ ਸਕੂਲ ਲਈ ਇੱਕ ਮਾਣਮੱਤਾ ਅਤੇ ਯਾਦਗਾਰੀ ਮੌਕਾ ਸੀ ਕਿਉਂਕਿ ਗਗਨ ਭੱਟੀ, ਇੱਕ ਸਮਰਪਿਤ ਫੈਕਲਟੀ ਮੈਂਬਰ, ਨੇ ਦੂਜੇ ਅਧਿਕਾਰੀ ਲਈ ਰਿਫਰੈਸ਼ਰ ਸਿਖਲਾਈ ਕੋਰਸ ਸਫਲਤਾਪੂਰਵਕ ਪੂਰਾ ਕੀਤਾ। 30 ਦਿਨਾਂ ਦੀ ਸਿਖਲਾਈ ਆਫਿਸਰ ਟ੍ਰੇਨਿੰਗ ਅਕੈਡਮੀ (ਓ.ਟੀ.ਏ), ਕੰਪਟੀ, ਨਾਗਪੁਰ ਵਿਖੇ ਗਗਨ ਨੇ ਸਰੀਰਕ ਤੰਦਰੁਸਤੀ ਟੈਸਟ, ਫਾਇਰਿੰਗ ਟੈਸਟ, ਡ੍ਰਿਲ ਟੈਸਟ, ਮੈਪ ਰੀਡਿੰਗ, ਜੱਜਿੰਗ ਡਿਸਟੈਂਸ ਟੈਸਟ, ਅਤੇ ਲਿਖਤੀ ਪ੍ਰੀਖਿਆ ਸਮੇਤ ਸਾਰੇ ਲੋੜੀਂਦੇ ਮੁਲਾਂਕਣਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਪ੍ਰਿੰਸੀਪਲ ਸ਼੍ਰੀਮਤੀ ਪ੍ਰਭਜੋਤ ਗਿੱਲ ਨੇ ਗਗਨ ਭੱਟੀ ਨੂੰ ਵਧਾਈ ਦਿੱਤੀ। ਗਗਨ ਨੇ ਸਕੂਲ ਪ੍ਰਬੰਧਨ ਅਤੇ ਪ੍ਰਿੰਸੀਪਲ ਸ਼੍ਰੀਮਤੀ ਪ੍ਰਭਜੋਤ ਗਿੱਲ ਦਾ ਉਨ੍ਹਾਂ ਦੇ ਸਫ਼ਰ ਦੌਰਾਨ ਅਟੁੱਟ ਨੈਤਿਕ ਸਮਰਥਨ ਲਈ ਦਿਲੋਂ ਧੰਨਵਾਦ ਕੀਤਾ।

13-MAY-PAGE-10.qxd 5/12/2025 8:39 PM Page 1



## ਫਿਲਮ 'ਫੂਲੇ' ਨੂੰ ਦੇਖਣ ਲਈ ਦਰਸ਼ਕਾਂ 'ਚ ਭਾਰੀ ਉਤਸ਼ਾਹ



**ਬਰੇਟਾ (ਰੀਤਵਾਲ)**-ਭਾਰਤ ਦੀ ਪਹਿਲੀ ਔਰਤ ਅਧਿਆਪਕਾ ਮਾਤਾ ਸਾਵਿੱਤਰੀ ਬਾਈ ਫੂਲੇ, ਫਾਤਿਮਾ ਸ਼ੇਖ ਤੇ ਮਹਾਤਮਾ ਜੋਤੀਬਾ ਫੂਲੇ ਨੂੰ ਸਮਰਪਤ ਫਿਲਮ 'ਫੂਲੇ' ਜਿੱਥੇ ਪੂਰੇ ਭਾਰਤ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰ ਰਹੀ ਹੈ, ਉੱਥੇ ਹੀ ਬੁਢਲਾਡਾ ਦੇ ਸਕਾਈ ਸਿਨੇਮੇ ਵਿੱਚ ਪਿਛਲੇ ਹਫ਼ਤੇ ਤੋਂ ਚੱਲ ਰਹੀ ਇਸ ਫਿਲਮ ਨੂੰ ਦੇਖਣ ਲਈ ਆ ਰਹੇ ਦਰਸ਼ਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।ਅੱਜ ਵੀ ਮਾਨਸਾ, ਭੀਖੀ, ਬਰੇਟੇ ਤੇ ਸੰਗਰੂਰ ਜ਼ਿਲ੍ਹੇ ਦੇ ਬੁਢਲਾਡੇ ਹਲਕੇ ਨਾਲ ਲੱਗਦੇ ਕਈ ਪਿੰਡਾਂ ਦੇ ਦਰਸ਼ਕ ਇਸ ਫਿਲਮ ਨੂੰ ਦੇਖਣ ਲਈ ਪਹੁੰਚੇ।ਇਸ ਫਿਲਮ ਨੂੰ ਦੇਖਣ ਤੋਂ ਬਾਅਦ ਔਰਤਾਂ ਨੇ ਕਿਹਾ ਕਿ ਇਹ ਬਹੁਤ ਇਤਿਹਾਸਕ ਫਿਲਮ ਹੈ।ਔਰਤਾਂ ਦੀ ਸਿੱਖਿਆ ਲਈ ਕੀਤੇ ਅਣਥੱਕ ਯਤਨਾਂ ਨੂੰ ਦਰਸਾਉਂਦੀ ਇਹ ਫਿਲਮ ਸਾਵਿੱਤਰੀ ਬਾਈ ਫੂਲੇ ਤੇ ਫਾਤਿਮਾ ਸ਼ੇਖ ਨੂੰ ਸੱਚੀ ਸ਼ਰਧਾਂਜਲੀ ਹੈ। ਉਨ੍ਹਾਂ ਕਿਹਾ ਕਿ ਇਹ ਫਿਲਮ ਸਾਰੇ ਲੋਕਾਂ ਨੂੰ ਜ਼ਰੂਰ ਦੇਖਣੀ ਚਾਹੀਦੀ ਹੈ।ਇਸ ਮੌਕੇ ਬਲਵਾਨ ਸਿੰਘ ਜਲਵੇੜਾ, ਦਿਲਾਵਰ ਸਿੰਘ ਬਰੇਟਾ, ਜਸਵੀਰ ਸਿੰਘ ਭੁਲਾਣ, ਜਗਰਾਜ ਸਿੰਘ ਨਿੱਕਾ, ਗੁਰਸੇਵਕ ਸਿੰਘ ਦਲੀਮਾਨ, ਮੇਜਰ ਸਿੰਘ ਬੁਢਲਾਡਾ ਸਾਬਕਾ ਮੈਂਬਰ ਪੰਚਾਇਤ, ਦਰਸ਼ਨ ਸਿੰਘ ਮੱਲ ਸਿੰਘਵਾਲਾ, ਅੰਮ੍ਰਿਤਪਾਲ ਗੁਰਨੇ, ਗੁਰਜਗ ਡੋਗਰਾ ਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ।

## ਪੰਜਾਬ ਜਲ ਸ੍ਰੋਤ ਵਿਭਾਗ ਦੇ ਸੇਵਾਮੁਕਤ ਮੁਲਾਜ਼ਮਾਂ ਦੀ ਮੀਟਿੰਗ ਹੋਈ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਿੰਚਾਈ ਵਿਭਾਗ ਨਾਲ ਸਬੰਧਤ ਪੰਜਾਬ ਜਲ ਸ੍ਰੋਤ ਨਿਗਮ ਦੇ ਸੇਵਾਮੁਕਤ ਹੋ ਚੁੱਕੇ ਮੁਲਾਜ਼ਮ ਯੂਨੀਅਨ ਦੀ ਇੱਕ ਮੀਟਿੰਗ ਸੂਬਾ ਪ੍ਰਧਾਨ ਓਮ ਪ੍ਰਕਾਸ਼ ਚੰਡੀਗੜ੍ਹ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਖ ਵੱਖ ਮਸਲਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਉਪਰੰਤ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਨੇ ਦੱਸਿਆ ਕਿ ਸੇਵਾਮੁਕਤ ਮੁਲਾਜ਼ਮ ਯੂਨੀਅਨ ਨੂੰ ਰਜਿਸਟਰਡ ਕਰਵਾਉਣ ਬਾਰੇ ਵੀ ਪ੍ਰਕਿਰਿਆ ਚੱਲ ਰਹੀ ਹੈ ਤਾਂ ਜੋ ਇਸ ਸਬੰਧੀ ਜੋ ਪ੍ਰੇਸ਼ਾਨੀਆਂ ਆ ਰਹੀਆਂ, ਉਨ੍ਹਾਂ ਨੂੰ ਹੱਲ ਕੀਤਾ ਜਾ ਸਕੇ। ਇਸ ਤੋਂ ਇਲਾਵਾ ਹੋਰ ਭਖਦੇ ਮਸਲਿਆਂ, ਜਿਸ 'ਚ 1-9-2014 ਤੋਂ ਪਹਿਲਾਂ ਸੇਵਾਮੁਕਤ ਹੋਏ ਸਾਥੀਆਂ ਦੇ ਕੇਸਾਂ ਸਬੰਧੀ, ਕਈ ਸਾਥੀਆਂ ਨੂੰ ਡਿਮਾਂਡ ਨੋਟਿਸ ਆਉਣ 'ਤੇ ਵੀ ਪੈਸੇ ਜਮ੍ਹਾਂ ਨਹੀਂ ਕਰਵਾਏ ਗਏ, ਉਨ੍ਹਾਂ ਸਬੰਧੀ ਵੀ ਜਾਣਕਾਰੀ ਲਈ ਗਈ ਤੇ ਗ੍ਰੈਚੂਟੀ 10 ਲੱਖ ਤੋਂ 20 ਲੱਖ ਸਬੰਧੀ ਵੱਖ ਵੱਖ ਫ਼ਰਜ਼ੀਆਨਾ 'ਚ ਚੱਲ ਰਹੇ ਕੇਸਾਂ ਸਬੰਧੀ ਜਾਣਕਾਰੀ ਦਿੱਤੀ ਗਈ। ਮੀਟਿੰਗ ਵਿੱਚ ਸਾਲ 2025 ਦੀ ਮੈਂਬਰਸ਼ਿਪ ਸਬੰਧੀ ਵੀ ਚਰਚਾ ਕੀਤੀ ਗਈ। ਇਸ ਮੌਕੇ ਜਨਰਲ ਸਕੱਤਰ ਸੋਹਣ ਸਿੰਘ ਭੂਨੋ, ਸੀਨੀਅਰ ਮੀਤ ਪ੍ਰਧਾਨ ਜ਼ੋਰਾ ਸਿੰਘ, ਵਿੱਤ ਸਕੱਤਰ ਅਵਤਾਰ ਸਿੰਘ, ਬਲਦੇਵ ਸਿੰਘ, ਮੀਤ ਪ੍ਰਧਾਨ ਚਰਨ ਦਾਸ, ਮੀਤ ਪ੍ਰਧਾਨ ਦੌਲਤ ਰਾਮ, ਜੁਆਇੰਟ ਸਕੱਤਰ ਗੁਰਚਰਨ ਸਿੰਘ ਤੇ ਗੁਰਪ੍ਰੀਤ ਸਿੰਘ, ਸਲਾਹਕਾਰ ਬਿਹਾਰੀ ਲਾਲ, ਪ੍ਰਬੰਧਕੀ ਸਕੱਤਰ ਹਰਬੰਸ ਸਿੰਘ, ਪ੍ਰਾਪੇਗੰਡਾ ਸਕੱਤਰ ਕੁਲਵੰਤ ਸਿੰਘ ਮੌਜੂਦ ਸਨ।

## ਹਲਕੇ 'ਚ ਅਕਾਲ ਤਖ਼ਤ ਸਾਹਿਬ ਤੋਂ ਆਰੰਭੀ ਭਰਤੀ ਸਿਖ਼ਰਾਂ 'ਤੇ : ਤਲਵੰਡੀ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਗੁਰਜੀਤ ਸਿੰਘ ਤਲਵੰਡੀ ਵੱਲੋਂ ਹਲਕਾ ਫਤਿਹਗੜ੍ਹ ਸਾਹਿਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ-ਸੁਰਜੀਤੀ ਲਈ ਇੱਕ ਵਿਸ਼ੇਸ਼ ਇਕੱਤਰਤਾ ਗੁਰਦੁਆਰਾ ਸਿੰਘ ਸਭਾ ਸਰਹਿੰਦ ਵਿਖੇ ਕੀਤੀ ਗਈ।ਇਸ ਇਕੱਤਰਤਾ ਦੀ ਸੰਚਾਲਨਾ ਸੀਨੀਅਰ ਆਗੂ ਸ. ਹਰਵਿੰਦਰ ਸਿੰਘ ਬੱਬਲ ਦੇ ਯਤਨਾਂ ਨਾਲ ਕੀਤੀ ਗਈ, ਜਿਸ ਵਿੱਚ ਪੰਥਕ ਏਕਤਾ ਦੀ ਪ੍ਰਾਪਤੀ ਹਿੱਤ ਪ੍ਰਮੁੱਖ ਸ਼ਖ਼ਸੀਅਤਾਂ ਨੇ ਭਾਗ ਲਿਆ।ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋਈ ਨਵੀਨ ਭਰਤੀ ਮੁਹਿੰਮ ਨੇ ਸੰਗਤ ਵਿੱਚ ਨਵਾਂ ਉਤਸ਼ਾਹ ਭਰ ਦਿੱਤਾ।ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਸੰਗਤ ਦੀ ਹਾਜ਼ਰੀ ਨੇ ਇਸ ਗੱਲ ਨੂੰ ਸਾਬਿਤ ਕਰ ਦਿੱਤਾ ਕਿ ਸਿੱਖ ਕੌਮ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਝੰਡੇ ਥੱਲੇ ਇੱਕ ਹੋ ਰਹੀ ਹੈ।ਇਸ ਮੌਕੇ ਅਮਰਿੰਦਰ ਲਿਬੜਾ (ਮੰਨੂ ਜੀ), ਮਾਸਟਰ ਚਰਨਜੀਤ ਸਿੰਘ ਖਾਲਸਪੁਰ, ਮੈਨੇਜਰ ਅਮਰਜੀਤ ਸਿੰਘ, ਮੇਜਰ ਸਿੰਘ ਸਮਸ਼ੇਰ ਨਗਰ, ਜਥੇਦਾਰ ਮਲਕੀਤ ਸਿੰਘ ਰੈਲੋਂ, ਜਥੇਦਾਰ ਮਲਕੀਤ ਸਿੰਘ ਮਹਿੰਦੀਆਂ, ਬਲਵਿੰਦਰ ਸਿੰਘ ਸੋਹੀ (ਪ੍ਰਧਾਨ ਗੁਰਦੁਆਰਾ ਕਮੇਟੀ), ਸੀਨੀਅਰ ਆਗੂ ਸ. ਪ੍ਰੀਤਮ ਸਿੰਘ ਨਾਗਰਾ, ਸਵਰਨ ਸਿੰਘ ਬਾਠ, ਅਜੀਤ ਸਿੰਘ ਧਤਰਕ, ਦਰਬਾਰਾ ਸਿੰਘ ਰੰਧਾਵਾ, ਸ. ਕਿਰਪਾਲ ਸਿੰਘ, ਸ. ਅਮਰਜੀਤ ਸਿੰਘ ਚੀਮਾ ਨੇ ਹਾਜ਼ਰੀ ਲਗਵਾਈ।

## ਐੱਨ ਸੀ ਸੀ ਏਅਰ ਵਿੰਗ ਕਮਾਂਡਿੰਗ ਅਫਸਰ ਨੇ ਏ ਐੱਨ ਓਜ਼ ਨਾਲ ਕੀਤੀ ਮੁਲਾਕਾਤ



**ਨਾਭਾ (ਵਰਿੰਦਰ ਵਰਮਾ)**-3 ਪੰਜਾਬ ਏਅਰ ਸਕੁਐਡਰਨ ਐੱਨ ਸੀ ਸੀ ਪਟਿਆਲਾ ਦੇ ਕਮਾਂਡਿੰਗ ਅਫਸਰ ਗਰੁੱਪ ਕੈਪਟਨ ਅਜੇ ਭਾਰਦਵਾਜ ਨੇ 3 ਏਅਰ ਸਕੁਐਡਰਨ ਐੱਨ ਸੀ ਸੀ ਪਟਿਆਲਾ ਅਧੀਨ ਆਉਣ ਵਾਲੇ ਕਾਲਜਾਂ ਤੇ ਸਕੂਲਾਂ ਦੇ ਸਾਰੇ ਏ ਐੱਨ ਓਜ਼ ਨਾਲ ਇੱਕ ਮੀਟਿੰਗ ਵਿੱਚ ਮੁਲਾਕਾਤ ਕੀਤੀ।ਇਸ ਮੀਟਿੰਗ ਦਾ ਮੁੱਖ ਉਦੇਸ਼ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਕਾਲਜਾਂ ਤੇ ਸਕੂਲਾਂ ਵਿੱਚ ਚੱਲ ਰਹੀ ਸੀ ਸਿਖਲਾਈ ਦੇ ਵੇਰਵੇ ਲੈਣਾ ਸੀ।ਸਮੇਂ-ਸਮੇਂ 'ਤੇ ਐੱਨ ਸੀ ਸੀ ਕੈਡਿਟਾਂ ਦੀ ਸਿਖਲਾਈ ਦੀ ਰੂਪ-ਰੇਖਾ ਵਿੱਚ ਬਦਲਾਅ ਕਰਦੇ ਰਹਿੰਦੇ ਹਨ।ਕੈਡਿਟਾਂ ਦੇ ਸਮੁੱਚੇ ਵਿਕਾਸ ਲਈ ਕਮਾਂਡਿੰਗ ਅਫਸਰ ਗਰੁੱਪ ਕੈਪਟਨ ਅਜੇ ਭਾਰਦਵਾਜ ਨੇ ਗਰੁੱਪ ਹੈੱਡਕੁਆਰਟਰ ਪਟਿਆਲਾ ਦੇ ਦਿਸ਼ਾ-ਨਿਰਦੇਸ਼ਾਂ ਬਾਰੇ ਵੀ ਜਾਣਕਾਰੀ ਦਿੱਤੀ।ਪੰਜਾਬ ਪਬਲਿਕ ਸਕੂਲ ਨਾਭਾ ਤੋਂ ਐੱਨ ਸੀ ਸੀ ਏਅਰ ਵਿੰਗ ਇੰਚਾਰਜ ਚੀਫ ਅਫਸਰ ਸ਼ਾਹਿਦ ਅਹਿਮਦ ਨੇ ਇਸ ਮੀਟਿੰਗ ਵਿੱਚ ਹਿੱਸਾ ਲਿਆ।ਉਨ੍ਹਾਂ ਪੰਜਾਬ ਪਬਲਿਕ ਸਕੂਲ ਨਾਭਾ ਦੇ ਐੱਨ ਸੀ ਸੀ ਨਾਲ ਸਬੰਧਤ ਸਾਰੀਆਂ ਗਤੀਵਿਧੀਆਂ ਬਾਰੇ ਕਮਾਂਡਿੰਗ ਅਫਸਰ ਗਰੁੱਪ ਕੈਪਟਨ ਅਜੇ ਭਾਰਦਵਾਜ ਨੂੰ ਜਾਣੂ ਕਰਵਾਇਆ।ਗਰੁੱਪ ਕੈਪਟਨ ਅਜੇ ਭਾਰਦਵਾਜ ਨੇ ਸਾਰੇ ਏ ਐੱਨ ਓਜ਼ ਨੂੰ ਭਾਰਤ-ਪਾਕਿ ਸਥਿਤੀ ਬਾਰੇ ਜਾਣੂ ਕਰਵਾਇਆ ਤੇ ਉਨ੍ਹਾਂ ਨੂੰ ਸਾਰੇ ਕੈਡਿਟਾਂ ਨੂੰ ਜਾਣੂ ਕਰਵਾਉਣ ਲਈ ਕਿਹਾ। ਇਸ ਮੌਕੇ ਗਰੁੱਪ ਕੈਪਟਨ ਅਜੇ ਭਾਰਦਵਾਜ ਨੇ ਸਾਰੇ ਲੋਕਾਂ ਨੂੰ ਇਸ ਔਖੀ ਘੜੀ ਵਿੱਚ ਸ਼ਾਂਤ ਰਹਿਣ ਲਈ ਕਿਹਾ ਤੇ ਏ.ਐੱਨ.ਓ. ਨੂੰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ 'ਤੇ ਜ਼ੋਰ ਦਿੱਤਾ।

## ਪੀ ਆਰ ਟੀ ਸੀ ਤੇ ਪਨਬੱਸ ਕਾਮਿਆਂ ਵੱਲੋਂ ਤਿੰਨ ਰੋਜ਼ਾ ਹੜਤਾਲ ਦਾ ਐਲਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬ ਰੋਡਵੇਜ਼, ਪਨਬੱਸ ਤੇ ਪੀ ਆਰ ਟੀ ਸੀ ਕੰਟਰੈਕਟ ਵਰਕਰਜ਼ ਯੂਨੀਅਨ ਪੰਜਾਬ ਦੇ ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਐਲਾਨ ਕੀਤਾ ਕਿ ਜੇਕਰ 19 ਮਈ ਤੱਕ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ 20, 21 ਤੇ 22 ਮਈ ਨੂੰ ਤਿੰਨ ਰੋਜ਼ਾ ਹੜਤਾਲ ਕੀਤੀ ਜਾਵੇਗੀ ਅਤੇ 22 ਮਈ ਨੂੰ ਪੰਜਾਬ ਦੇ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਧਰਨਾ ਦਿੱਤਾ ਜਾਵੇਗਾ।ਜੇਕਰ ਫਿਰ ਵੀ ਮੰਗਾਂ ਨਾ ਮੰਨੀਆਂ ਤਾਂ ਹੜਤਾਲ ਅਣਮਿੱਥੇ ਸਮੇਂ ਲਈ ਕੀਤੀ ਜਾਵੇਗੀ। ਯੂਨੀਅਨ ਦੇ ਸੂਬਾ ਚੇਅਰਮੈਨ ਬਲਵਿੰਦਰ ਸਿੰਘ ਰਾਠ, ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ ਤੇ ਸੀਨੀਅਰ ਮੀਤ ਪ੍ਰਧਾਨ ਹਰਕੇਸ਼ ਕੁਮਾਰ ਵਿੱਕੀ ਨੇ ਦੱਸਿਆ ਕਿ ਟਰਾਂਸਪੋਰਟ ਵਿਭਾਗ ਦੇ ਕੱਚੇ ਮੁਲਾਜ਼ਮ ਸਮੇਂ-ਸਮੇਂ 'ਤੇ ਸੰਘਰਸ਼ ਕਰ ਕੇ ਕਾਂਟਰੈਕਟ ਮੁਲਾਜ਼ਮਾਂ ਦੀਆਂ ਮੰਗਾਂ ਸਰਕਾਰ ਤੱਕ ਪਹੁੰਚਾਉਂਦੇ ਰਹੇ ਹਨ, ਪਰ ਸਰਕਾਰ ਹਰ ਵਾਰ ਮੰਗਾਂ ਨੂੰ ਟਾਲਦੀ ਰਹੀ ਹੈ ਜਾਂ ਅਫ਼ਸਰਸ਼ਾਹੀ ਵੱਲੋਂ ਲਾਗੂ ਨਹੀਂ ਕੀਤੀਆਂ ਜਾਂਦੀਆਂ।ਉਨ੍ਹਾਂ ਕਿਹਾ ਕਿ ਜਦੋਂ ਵੀ ਸੂਬੇ ਜਾਂ ਦੇਸ਼ 'ਤੇ ਕੋਈ ਸੰਕਟ ਆਉਂਦਾ ਹੈ ਤਾਂ ਪਨਬੱਸ ਤੇ ਪੀ ਆਰ ਟੀ ਸੀ ਦੇ ਕੱਚੇ ਮੁਲਾਜ਼ਮਾਂ ਨੂੰ ਮੂਹਰਲੀ ਕਤਾਰ 'ਚ ਤਾਇਨਾਤ ਕੀਤਾ ਜਾਂਦਾ ਹੈ ਅਤੇ ਅਣਸੁਖਾਵੀਂ ਘਟਨਾ ਹੋਣ 'ਤੇ ਸਰਕਾਰ ਕੱਚੇ ਮੁਲਾਜ਼ਮਾਂ ਦੀ ਕੋਈ ਸਾਰ ਨਹੀਂ ਲੈਂਦੀ।ਯੂਨੀਅਨ ਦੇ ਸਕੱਤਰ ਸ਼ਮਸ਼ੇਰ ਸਿੰਘ ਢਿੱਲੋਂ, ਜੁਆਇੰਟ ਸਕੱਤਰ ਜਗਤਾਰ ਸਿੰਘ ਤੇ ਖਜ਼ਾਨਚੀ ਬਲਜੀਤ ਸਿੰਘ ਤੇ ਰਮਨਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਪਹਿਲੀ ਜੁਲਾਈ 2024 ਨੂੰ ਮੀਟਿੰਗ ਕਰਕੇ ਕਮੇਟੀ ਬਣਾਉਣ ਤੇ ਮਹੀਨੇ ਵਿੱਚ ਮੰਗਾਂ ਮੰਨਣ ਲਈ ਟਰਾਂਸਪੋਰਟ ਵਿਭਾਗ ਦੀ ਵੱਖਰੀ ਨੀਤੀ ਬਣਾਉਣ ਦਾ ਫ਼ੈਸਲਾ ਕੀਤਾ ਸੀ, ਪਰ ਅਜ ਤੱਕ ਮਸਲੇ ਹੱਲ ਨਹੀਂ ਹੋਏ।ਸਮੇਂ-ਸਮੇਂ 'ਤੇ ਹੋਈਆਂ ਮੀਟਿੰਗਾਂ ਵਿੱਚ ਟਰਾਂਸਪੋਰਟ ਮੰਤਰੀ ਨੇ ਮੰਗਾਂ ਮੰਨਣ ਦਾ ਭਰੋਸਾ ਦਿੱਤਾ ਤੇ 9 ਅਪ੍ਰੈਲ ਨੂੰ ਟਰਾਂਸਪੋਰਟ ਮੰਤਰੀ, ਐਡਵੋਕੇਟ ਜਨਰਲ ਤੇ ਵਿੱਤ ਮੰਤਰੀ ਨਾਲ ਵੀ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ, ਆਊਟ ਸੋਰਸ ਮੁਲਾਜ਼ਮਾਂ ਨੂੰ ਠੇਕੇ 'ਤੇ ਲਿਆਉਣ 'ਤੇ ਸਹਿਮਤੀ ਬਣੀ ਸੀ ਤੇ 15 ਦਿਨਾਂ ਵਿੱਚ ਕੈਬਨਿਟ ਮੀਟਿੰਗ 'ਚ ਨੀਤੀ ਲਿਆਉਣ ਦਾ ਵਾਅਦਾ ਕੀਤਾ ਸੀ।ਉਨ੍ਹਾਂ ਕਿਹਾ ਕਿ ਹਾਲੇ ਤੱਕ ਕੋਈ ਵਾਅਦਾ ਪੂਰਾ ਨਹੀਂ ਹੋਇਆ।

# ਮਾਨਸਾ ਜ਼ਿਲ੍ਹੇ 'ਚ ਜਾਲ੍ਹੀ ਲਾਟਰੀਆਂ ਦਾ ਧੰਦਾ ਜ਼ੋਰਾਂ 'ਤੇ

## ਡੀ ਸੀ ਦੇ ਧਿਆਨ ਹਿੱਤ ਕਰਵਾਉਣ ਤੋਂ ਬਾਅਦ ਵੀ ਨਹੀਂ ਹੋਈ ਕੋਈ ਕਾਰਵਾਈ




**ਬਠਿੰਡਾ (ਰਾਜੀਵ ਗੋਇਲ)**-ਸੂਬੇ ਅੰਦਰ ਜਾਅਲੀ ਲਾਟਰੀਆਂ ਦਾ ਧੰਦਾਂ ਜ਼ੋਰਾਂ 'ਤੇ ਹੈ। ਅਜੇ ਕੁਝ ਸਮਾਂ ਪਹਿਲਾਂ ਬਠਿੰਡਾ ਪੁਲਸ ਵੱਲੋਂ ਜ਼ਿਲ੍ਹੇ ਦੇ ਪਿੰਡ ਮਲੂਕਾ ਵਿਖੇ ਚੱਲ ਰਹੇ ਜਾਅਲੀ ਲਾਟਰੀ ਦੇ ਧੰਦੇ ਨੂੰ ਲੈ ਕੇ ਦਰਜ ਕੀਤੇ ਗਏ ਮੁਕੱਦਮੇ ਦਾ ਸੇਕ ਅਜੇ ਠੰਡਾ ਵੀ ਨਹੀਂ ਸੀ ਹੋਇਆ, ਲੋਕਾਂ ਵੱਲੋਂ ਮੁੜ ਇਨ੍ਹਾਂ ਲਾਟਰੀਆਂ ਨੂੰ ਧਾਰਮਿਕ ਸਥਾਨਾਂ ਦਾ ਸਹਾਰਾ ਲੈ ਕੇ ਭੋਲੇ ਭਾਲੇ ਤੇ ਲਾਲਚ ਦੇ ਪੱਟੇ ਲੋਕਾਂ ਨੂੰ ਮੁੜ ਲੁੱਟਣਾ ਸ਼ੁਰੂ ਕਰ ਦਿੱਤਾ ਗਿਆ। ਕੁਝ ਦਿਨ ਪਹਿਲਾਂ ਜ਼ਿਲ੍ਹਾ ਸੰਗਰੂਰ ਦੇ ਥਾਣਾ ਚੀਮਾ ਮੰਡੀ ਅਧੀਨ ਆਉਂਦੇ ਪਿੰਡ ਵੀਰ ਕਲਾਂ ਦਾ ਮਾਮਲਾ ਵੀ ਸਾਹਮਣੇ ਆਇਆ ਹੈ, ਜਿੱਥੇ ਗਊਸ਼ਾਲਾ ਦੇ ਨਾਮ 'ਤੇ ਸ਼ਰੇਆਮ ਚੱਲ ਰਹੀ ਸੋਸ਼ਲ ਮੀਡੀਆ 'ਤੇ ਐਡ ਸ਼ਾਇਦ ਸੰਗਰੂਰ ਪ੍ਰਸ਼ਾਸਨ ਨੂੰ ਦਿਖਾਈ ਹੀ ਨਹੀਂ ਦਿੱਤੀ ਅਤੇ 5 ਮਈ ਨੂੰ ਇਹ ਡਰਾਅ ਨਿਕਲਣਾ ਸੀ, ਪਰ ਡਰਾਅ ਨਿਕਲਣ ਵਾਲੇ ਦਿਨ ਸ਼ਾਤਰ ਠੱਗ ਲੋਕਾਂ ਦੇ ਲੱਖਾਂ ਰੁਪਏ ਲੈ ਕੇ ਫਰਾਰ ਹੋ ਗਏ ਅਤੇ ਚੀਮਾ ਮੰਡੀ ਦੀ ਪੁਲਸ ਖਾਨਾਪੂਰਤੀ ਕਰਕੇ ਵਾਪਸ ਪਰਤ ਆਈ ਤੇ ਜਦੋਂ ਐੱਸ.ਐੱਸ.ਪੀ. ਦਫਤਰ ਸੰਗਰੂਰ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਸੰਬੰਧਤ ਐੱਸ.ਐੱਚ.ਓ. ਵੱਲੋਂ ਕਿਹਾ ਗਿਆ ਹੈ ਕਿ ਇਹ ਧੰਦਾ ਬੰਦ ਕਰਵਾ ਦਿੱਤਾ ਗਿਆ ਹੈ, ਜਦਕਿ ਉਕਤ ਲਾਟਰੀ ਵਿਕਰੇਤਾ ਜਦੋਂ ਲਾਟਰੀ ਕੱਢ ਰਹੇ ਸੀ ਤਾਂ ਉਦੋਂ ਪ੍ਰਸ਼ਾਸਨ ਦੀ ਨੀਂਦ ਖੁੱਲ੍ਹਦੀ ਹੈ ਅਤੇ ਸੰਬੰਧਤ ਥਾਣੇ ਦੇ ਅਧਿਕਾਰੀ ਉੱਥੇ ਪਹੁੰਚਦੇ ਹਨ, ਪਰ ਉਦੋਂ ਤੱਕ ਉਹ ਲੋਕਾਂ ਨਾਲ ਲੱਖਾਂ ਰੁਪਏ ਦੀ ਠੱਗੀ ਮਾਰ ਕੇ ਰਫੂਚੱਕਰ ਹੋ ਜਾਂਦੇ ਹਨ ਅਤੇ ਲੋਕਾਂ ਵੱਲੋਂ ਲਾਟਰੀਆਂ ਦੀਆਂ ਟਿਕਟਾਂ ਪਾੜ ਕੇ ਸੁੱਟੀਆਂ ਗਈਆਂ। ਹੁਣ ਸਵਾਲ ਇਹ ਉੱਠਦਾ ਹੈ ਕਿ ਜਦੋਂ ਇਨ੍ਹਾਂ ਲੋਕਾਂ ਵੱਲੋਂ ਯੂ-ਟਿਊਬਰਾਂ ਨਾਲ ਮਿਲ ਕੇ ਐਨੇ ਵੱਡੇ ਪੱਧਰ 'ਤੇ ਸੋਸ਼ਲ ਮੀਡੀਆ 'ਤੇ ਪ੍ਰਚਾਰ ਕੀਤਾ ਜਾ ਰਿਹਾ ਸੀ ਤਾਂ ਹਰ ਮੁਲਜ਼ਮ ਦੀ ਫੇਸਬੁੱਕ 'ਤੇ ਜਾਣਕਾਰੀ ਸਾਂਝੇ ਕਰਨ ਵਾਲੇ ਪੁਲਸ ਪ੍ਰਸ਼ਾਸਨ ਨੂੰ ਇਹ ਸਭ ਨਹੀਂ ਦਿਸਿਆ ਜਾਂ ਫਿਰ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਇਹ ਸਭ ਕੁਝ ਵਾਪਰਿਆ? ਹੁਣ ਵੀਰ ਕਲਾਂ ਤੋਂ ਬਾਅਦ ਮਾਨਸਾ ਜ਼ਿਲ੍ਹਾ ਸੁਰਖੀਆਂ ਵਿੱਚ ਹੈ ਤੇ ਮਾਨਸਾ ਜ਼ਿਲ੍ਹੇ ਦਾ ਪਿੰਡ ਜਟਾਣਾ ਵਿੱਚ ਇਹ ਧੰਦਾ ਚੱਲਣ ਦੀ ਸੂਹ ਪ੍ਰਾਪਤ ਹੋਈ ਹੈ, ਜਿਸ ਦੀ ਐਡ ਸੋਸ਼ਲ ਮੀਡੀਆ 'ਤੇ ਆਮ ਚੱਲ ਰਹੀ ਹੈ। ਇਸ ਮਸਲੇ ਨੂੰ ਲੈ ਕੇ ਇਹ ਮਾਮਲਾ ਡੀ ਸੀ ਮਾਨਸਾ ਦੇ ਵੀ ਧਿਆਨ ਹਿੱਤ ਕਰਵਾਇਆ ਗਿਆ, ਪਰ ਪ੍ਰਸ਼ਾਸਨ ਵੱਲੋਂ ਕੋਈ ਕਾਰਵਾਈ ਕਰਨੀ ਵਾਜਿਬ ਹੀ ਨਹੀਂ ਸਮਝੀ ਗਈ ਅਤੇ ਇਸ ਧੰਦੇ ਵਿੱਚ ਪ੍ਰਸ਼ਾਸਨ ਦੀ ਮਿਲੀਭੁਗਤ ਦੀ ਬੋਅ ਵੀ ਆ ਰਹੀ ਹੈ।

## ਧੋਖਾਧੜੀ ਦੇ ਦੋਸ਼ 'ਚ ਤਿੰਨ ਵਿਅਕਤੀਆਂ ਵਿਰੁੱਧ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**: ਮੰਡੀ ਗੋਬਿੰਦਗੜ੍ਹ ਦੇ ਇੱਕ ਕਾਰੋਬਾਰੀ ਨਾਲ ਲੱਖਾਂ ਰੁਪਏ ਦੀ ਧੋਖਾਧੜੀ ਕਰਨ ਦੇ ਦੋਸ਼ ਹੇਠ ਮੰਡੀ ਗੋਬਿੰਦਗੜ੍ਹ ਪੁਲਸ ਵੱਲੋਂ ਇੱਕ ਮਹਿਲਾ ਸਣੇ ਤਿੰਨ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਸੀਨੀਅਰ ਪੁਲਸ ਅਧਿਕਾਰੀਆਂ ਨੂੰ ਦਿੱਤੀ ਦਰਖ਼ਾਸਤ ਵਿੱਚ ਅਮਨਦੀਪ ਸਿੰਘ ਨਾਮਕ ਵਿਅਕਤੀ ਨੇ ਦੋਸ਼ ਲਗਾਏ ਸਨ ਕਿ ਉਸ ਦੀ ਮੰਡੀ ਗੋਬਿੰਦਗੜ੍ਹ ਵਿਖੇ ਇੱਕ ਫਰਮ ਹੈ, ਜਿੱਥੇ ਉਹ ਲੋਹੇ ਦਾ ਕਾਰੋਬਾਰ ਕਰਦਾ ਹੈ, ਤੋਂ ਦੇਵਲ ਜ਼ਿਲ੍ਹਾ ਕਠੂਆ (ਜੰਮੂ ਕਸ਼ਮੀਰ) ਵਿਖੇ ਵਰਮਾ ਟਰੇਡਰਜ਼ ਨਾਮਕ ਫਰਮ ਚਲਾ ਰਹੇ ਊਸ਼ਾ ਰਾਣੀ, ਚੇਤਨ ਵਰਮਾ ਤੇ ਸ਼ੁਭਮ ਵਰਮਾ ਨੇ ਲੋਹਾ ਸਰੀਆ ਖਰੀਦ ਕਰਨ ਦਾ ਸੌਦਾ ਕੀਤਾ ਸੀ।ਜਿਨ੍ਹਾਂ ਦੇ ਕਹੇ ਅਨੁਸਾਰ ਉਸ ਨੇ ਉਨ੍ਹਾਂ ਨੂੰ ਲੋਹਾ ਸਰੀਆ ਆਦਿ ਮਾਲ ਭੇਜਿਆ ਸੀ, ਪਰ ਉਕਤ ਵਿਅਕਤੀਆਂ ਨੇ ਇੱਕ ਗਿਣੀ ਮਿਥੀ ਸਾਜ਼ਿਸ਼ ਤਹਿਤ ਉਕਤ ਮਾਲ ਦੀ ਬਣਦੀ ਬਕਾਇਆ ਰਕਮ 47,66,442/- ਰੁਪਏ ਵਾਪਸ ਨਾ ਦੇ ਕੇ ਉਸ ਨਾਲ ਧੋਖਾਧੜੀ ਕੀਤੀ।ਡੀ.ਐੱਸ.ਪੀ. ਪੱਧਰ ਦੇ ਅਧਿਕਾਰੀ ਵੱਲੋਂ ਉਕਤ ਦਰਖਾਸਤ ਦੀ ਕੀਤੀ ਗਈ ਪੜਤਾਲ ਉਪਰੰਤ ਉਪਰੋਕਤ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਨ ਦੇ ਦਿੱਤੇ ਗਏ ਹੁਕਮਾਂ 'ਤੇ ਊਸ਼ਾ ਰਾਣੀ, ਚੇਤਨ ਵਰਮਾ ਤੇ ਸ਼ੁਭਮ ਵਰਮਾ ਵਿਰੁੱਧ ਅ/ਧ 406,420, 120ਬੀ ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਮੰਡੀ ਗੋਬਿੰਦਗੜ੍ਹ ਦੀ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

## ਕੁੱਟਮਾਰ ਕਰਨ ਦੇ ਦੋਸ਼ 'ਚ 5 ਨਾਮਜ਼ਦ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਵੈਰੋਕੇ ਦੀ ਪੁਲਸ ਵੱਲੋਂ ਪਿੰਡ ਮਹਾਲਮ ਵਿਖੇ ਕੁੱਟਮਾਰ ਕਰਕੇ ਸੱਟਾਂ ਮਾਰਨ ਦੇ ਦੋਸ਼ ਵਿੱਚ 1 ਔਰਤ ਸਮੇਤ 5 ਲੋਕਾਂ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਭਗਵਾਨ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਤਲਵਿੰਦਰਜੀਤ ਸਿੰਘ ਪੁੱਤਰ ਗੁਰਮੇਜ ਸਿੰਘ ਵਾਸੀ ਚੱਕ ਬਲੋਚਾ ਉਰਫ ਮਹਾਲਮ ਦੁਆਰਾ ਪੁਲਸ ਕੋਲ ਬਿਆਨ ਦਰਜ ਕਰਵਾਏ ਗਏ ਹਨ ਕਿ ਬੀਤੀ 9 ਮਈ 2025 ਨੂੰ ਦੇਰ ਰਾਤ ਕਰੀਬ 8.45 ਵਜੇ ਆਪਣੇ ਘਰ ਵਿੱਚ ਮੌਜੂਦ ਸੀ ਤਾਂ ਕੁਲਵੰਤ ਸਿੰਘ ਪੁੱਤਰ ਮੰਗਲ ਸਿੰਘ ਵਾਸੀਆਨ ਮਹਾਲਮ ਵਗੈਰਾ ਨੇ ਉਸ ਦੇ ਘਰ ਵਿੱਚ ਦਾਖਲ ਹੋ ਕੇ ਉਸ ਨਾਲ ਕੁੱਟਮਾਰ ਕੀਤੀ। ਉਨ੍ਹਾ ਦੱਸਿਆ ਕਿ ਕੁਲਵੰਤ ਸਿੰਘ ਨੇ ਉਸ (ਮੁਦੱਈ) ਦੇ ਰਿਹਾਇਸ਼ੀ ਮਕਾਨ ਨਾਲ ਮੀਟ ਵਾਲਾ ਅਹਾਤਾ ਖੋਲ੍ਹਿਆ ਹੋਇਆ ਹੈ ਤੇ ਇਥੇ ਸ਼ਰਾਬੀ ਕਬਾਬੀ ਸ਼ਰਾਬ ਪੀ ਕੇ ਮਾੜਾ-ਚੰਗੇ ਬੋਲਦੇ ਹਨ, ਜਿਸ 'ਤੇ ਉਨ੍ਹਾਂ ਨੂੰ ਰੋਕਣ ਤੇ ਸਮਝਾਉਣ ਲਈ ਗੱਲਬਾਤ ਕੀਤੀ ਗਈ ਤਾਂ ਕੁਲਵੰਤ ਸਿੰਘ ਵਗੈਰਾ ਨੇ ਉਸ ਨਾਲ ਲੜਾਈ ਝਗੜਾ ਕੀਤਾ ਤੇ ਕੁੱਟਮਾਰ ਕਰਕੇ ਸੱਟਾਂ ਮਾਰੀਆਂ, ਜਿਸ 'ਤੇ ਪੁਲਸ ਵੱਲੋਂ ਮੁਦੱਈ ਤਲਵਿੰਦਰਜੀਤ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਕੁਲਵੰਤ ਸਿੰਘ ਪੁੱਤਰ ਮੰਗਲ ਸਿੰਘ, ਅਮਰਜੀਤ ਸਿੰਘ ਪੁੱਤਰ ਪੋਹਲਾ ਸਿੰਘ, ਗੁਰਮੀਤ ਸਿੰਘ ਪੁੱਤਰ ਪੋਹਲਾ ਸਿੰਘ, ਫੁੰਮਣ ਸਿੰਘ ਪੁੱਤਰ ਮੋਹਿੰਦਰ ਸਿੰਘ ਤੇ ਸੁਮਿਤਰਾ ਹਾਈ ਪਤਨੀ ਫੁੰਮਣ ਸਿੰਘ ਵਾਸੀਆਨ ਮਹਾਲਮ ਵਿਰੁੱਧ ਥਾਣਾ ਵੈਰੋਕੇ ਵਿਖੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਭਾਰਤੀ ਫੌਜਾਂ ਵੱਲੋਂ ਮਚਾਈ ਤਬਾਹੀ ਨੂੰ ਅੱਤਵਾਦੀਆਂ ਦੀਆਂ ਪੁਸ਼ਤਾਂ ਯਾਦ ਰੱਖਣਗੀਆਂ : ਜਸਮੇਲ ਖੇੜੀ



**ਸ਼ੇਰਪੁਰ (ਰਵੀ ਟਿੱਬਾ)**-ਪਹਿਲਗਾਮ ਹਮਲੇ ਤੋਂ ਬਾਅਦ ਭਾਰਤੀ ਫੌਜਾਂ ਵੱਲੋਂ ਆਪ੍ਰੇਸ਼ਨ ਸਿੰਧੂਰ ਤਹਿਤ ਅੱਤਵਾਦੀਆਂ ਦੇ ਟਿਕਾਣਿਆਂ ਉੱਤੇ ਕੀਤੇ ਜ਼ੋਰਦਾਰ ਹਮਲੇ ਤੋਂ ਬਾਅਦ ਮਚੀ ਤਬਾਹੀ ਨੂੰ ਅੱਤਵਾਦੀ ਤੇ ਉਨ੍ਹਾਂ ਦੀ ਪੁਸ਼ਤ-ਪਨਾਹੀ ਕਰਨ ਵਾਲਿਆਂ ਦੀਆਂ ਪੁਸ਼ਤਾਂ ਕਈ ਦਹਾਕਿਆਂ ਤੱਕ ਯਾਦ ਰੱਖਣਗੀਆਂ। ਇਹ ਵਿਚਾਰ ਹਲਕਾ ਮਹਿਲ ਕਲਾਂ ਤੋਂ ਭਾਜਪਾ ਦੇ ਸੀਨੀਅਰ ਆਗੂ ਜਸਮੇਲ ਸਿੰਘ ਖੇੜੀ ਵੱਲੋਂ ਖਾਸ ਗੱਲਬਾਤ ਦੌਰਾਨ ਸਾਂਝੇ ਕੀਤੇ ਗਏ।ਉਨ੍ਹਾਂ ਕਿਹਾ ਕਿ ਅੱਜ ਦਾ ਭਾਰਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਕਿਸੇ ਨੂੰ ਛੇੜਦਾ ਨਹੀਂ ਅਤੇ ਛੇੜਨ ਵਾਲਿਆਂ ਨੂੰ ਫਿਰ ਛੱਡਦਾ ਨਹੀਂ।ਭਾਰਤ ਹਮੇਸ਼ਾ ਹੀ ਸ਼ਾਂਤੀ ਤੇ ਅਹਿੰਸਾ ਦਾ ਹਮਾਇਤੀ ਰਿਹਾ ਹੈ ਅਤੇ ਕਿਸੇ 'ਤੇ ਵੀ ਅੱਜ ਤੱਕ ਕੋਈ ਹਮਲਾ ਪਹਿਲਾਂ ਨਹੀਂ ਕੀਤਾ, ਪਰ ਭਾਰਤ ਨੂੰ ਅਸਥਿਰ ਤੇ ਨੁਕਸਾਨ ਪਹੁੰਚਾਉਣ ਵਾਲਿਆਂ ਨੂੰ ਕਿਸੇ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।ਉਨ੍ਹਾਂ ਕਿਹਾ ਕਿ ਜੋ ਖੁੱਲ੍ਹੀ ਛੋਟ ਭਾਰਤੀ ਫੌਜਾਂ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦਿੱਤੀ ਗਈ, ਉਹ ਅੱਜ ਤੋਂ ਪਹਿਲਾਂ ਕਿਸੇ ਹੋਰ ਪ੍ਰਧਾਨ ਮੰਤਰੀ ਵੱਲੋਂ ਨਹੀਂ ਦਿੱਤੀ ਗਈ, ਫੌਜਾਂ ਨੂੰ ਫੌਜੀ ਸਾਜ਼ੋ ਸਾਮਾਨ ਖ੍ਰੀਦਣ ਵਿੱਚ ਵੀ ਕੋਈ ਕਮੀ ਕੇਂਦਰ ਸਰਕਾਰ ਵੱਲੋਂ ਨਹੀਂ ਛੱਡੀ ਗਈ, ਇਥੋਂ ਤੱਕ ਕਿ ਅੱਜ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੇਕਿੰਗ ਇਨ ਇੰਡੀਆ ਮੁਹਿੰਮ ਸਦਕਾ ਆਪਣੀ ਰੱਖਿਆ ਜ਼ਰੂਰਤਾਂ ਦਾ ਜ਼ਿਆਦਾਤਰ ਸਾਮਾਨ ਖੁਦ ਬਣਾਉਂਦਾ ਹੈ, ਜਿਸ ਦੀ ਬਦੌਲਤ ਦੁਸ਼ਮਣ ਮੁਲਕ ਵੱਲੋਂ ਲਗਾਤਾਰ ਭਾਰਤ ਉੱਤੇ ਹਮਲੇ ਕਰਨ ਦੇ ਬਾਵਜੂਦ ਉਸ ਦਾ ਇੱਕ ਵੀ ਡ੍ਰੋਨ ਤੇ ਮਿਜ਼ਾਇਲ ਭਾਰਤ ਦੇ ਕਿਸੇ ਵੀ ਹਿੱਸੇ 'ਤੇ ਨਹੀਂ ਫਟੇ ਅਤੇ ਭਾਰਤ ਦੇ ਡਿਫੈਂਸ ਸਿਸਟਮ ਨੇ ਸਾਰਿਆਂ ਨੂੰ ਹੀ ਹਵਾ ਵਿੱਚ ਤਬਾਹ ਕਰਕੇ ਰੱਖ ਦਿੱਤਾ। ਇਸ ਦੇ ਉਲਟ ਦੁਸ਼ਮਣ ਮੁਲਕ ਦੇ ਏਅਰ ਬੇਸਾਂ ਤੇ ਅੱਤਵਾਦੀ ਟਿਕਾਣਿਆਂ 'ਤੇ ਭਾਰਤ ਦੇ ਡ੍ਰੋਨਾਂ ਤੇ ਮਿਜ਼ਾਇਲਾਂ ਨੇ ਜੋ ਤਬਾਹੀ ਮਚਾਈ ਹੈ, ਉਹ ਸਭ ਦੇ ਸਾਹਮਣੇ ਹੈ।ਭਾਰਤੀ ਮਿਜ਼ਾਇਲਾਂ ਨੇ ਖਿਡੌਣਿਆਂ ਵਾਂਗ ਦੁਸ਼ਮਣਾਂ ਦੇ ਡਿਫੈਂਸ ਸਿਸਟਮ ਨੂੰ ਤਬਾਹ ਕਰਕੇ ਰੱਖ ਦਿੱਤਾ। ਇਸ ਸਫਲਤਾ ਦਾ ਸਭ ਤੋਂ ਵੱਡਾ ਸਿਹਰਾ ਭਾਰਤ ਦੀ ਕੇਂਦਰ ਸਰਕਾਰ ਨੂੰ ਜਾਂਦਾ ਹੈ, ਜੋ ਪਿਛਲੇ 10-11 ਸਾਲਾਂ ਤੋਂ ਭਾਰਤੀ ਫੌਜਾਂ ਨੂੰ ਹਰ ਸਾਜ਼ੋ ਸਾਮਾਨ ਨਾਲ ਲੈਸ ਕਰਨ 'ਤੇ ਲੱਗੀ ਹੋਈ ਸੀ।ਉਨ੍ਹਾਂ ਕਿਹਾ ਕਿ ਭਾਜਪਾ ਦੀ ਰਾਸ਼ਟਰਵਾਦ ਦੀ ਨੀਤੀ ਕਾਰਨ ਹੀ ਅੱਜ ਭਾਰਤ ਦੁਨੀਆ ਦੇ ਮੋਹਰੀ ਮੁਲਕਾਂ ਵਿੱਚ ਸ਼ੁਮਾਰ ਹੈ।

# ਗੁਰੂ ਅਮਰਦਾਸ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**
ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਸੰਗਤਾਂ ਵੱਲੋਂ ਇਤਿਹਾਸਕ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ ਅਤੇ ਧਾਰਮਿਕ ਸਮਾਗਮ ਕਰਵਾਏ ਗਏ। ਇਨ੍ਹਾਂ ਸਮਾਗਮਾਂ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਮੈਨੇਜਰ ਜਸਵੀਰ ਸਿੰਘ ਮੰਗਲੀ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਸਬੰਧੀ ਜੋ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਸਨ, ਉਨ੍ਹਾਂ ਦੇ ਭੋਗ ਪਾਉਣ ਉਪਰੰਤ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਤੋਂ ਬਾਅਦ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਦੀਆਂ ਬੀਬੀਆਂ ਵੱਲੋਂ ਪ੍ਰਕਾਸ਼ ਪੁਰਬ ਨੂੰ ਸਮਰਪਤ ਚਲਾਈ ਗਈ ਸੁਖਮਨੀ ਸਾਹਿਬ ਪਾਠਾਂ ਦੀ ਲੜੀ ਦੀ ਸਮਾਪਤੀ ਕੀਤੀ ਗਈ। ਧਾਰਮਿਕ ਸਮਾਗਮ ਦੌਰਾਨ ਹਜ਼ੂਰੀ ਰਾਗੀ ਭਾਈ ਜਸਦੇਵ ਸਿੰਘ, ਭਾਈ ਸੁਖਵੀਰ ਸਿੰਘ ਤੇ ਭਾਈ ਗੁਰਵਿੰਦਰ ਸਿੰਘ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਤੇ ਗੁਰਦੁਆਰਾ ਸ੍ਰੀ ਕਟਾਣਾ ਸਾਹਿਬ ਤੋਂ ਪਹੁੰਚੇ ਹੈੱਡ ਗ੍ਰੰਥੀ ਭਾਈ ਕਿੰਗੀ ਸਿੰਘ ਨੇ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਜੀਵਨੀ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਇਸ ਮੌਕੇ ਬਾਬਾ ਮੋਹਣ ਸਿੰਘ, ਹੈੱਡ ਗ੍ਰੰਥੀ ਭਾਈ ਹਰਪਾਲ ਸਿੰਘ ਗੁਰਮੁਖ, ਸਮਾਜ ਸੇਵੀ ਜਸਵੀਰ ਸਿੰਘ ਢਿੱਲੋਂ, ਕਥਾਵਾਚਕ ਭਾਈ ਇਕਨਾਮ ਸਿੰਘ, ਚਿੱਤਰਕਾਰ ਜਗਦੀਸ਼ ਸਿੰਘ ਬਰਾੜ, ਪ੍ਰਧਾਨ ਜਸਵੀਰ ਸਿੰਘ ਗਿੱਲ, ਖਜ਼ਾਨਚੀ ਜਸਪਿੰਦਰ ਸਿੰਘ, ਰਿਕਾਰਡ ਕੀਪਰ ਅਮਰਿੰਦਰ ਸਿੰਘ, ਕੇਸਰ ਸਿੰਘ ਕਟਾਣਾ ਸਾਹਿਬ, ਹਰਦੀਪ ਸਿੰਘ ਗੁਰੂਗੜ੍ਹ, ਗ੍ਰੰਥੀ ਗੁਰਪ੍ਰੀਤ ਸਿੰਘ, ਗ੍ਰੰਥੀ ਬਲਦੇਵ ਸਿੰਘ, ਜਗਜੋਤ ਸਿੰਘ, ਜੋਗਿੰਦਰ ਸਿੰਘ ਪੱਪੀ, ਸਿਮਰਨਜੀਤ ਸਿੰਘ ਗੋਗੀਆ, ਸੁਖਵਿੰਦਰ ਸਿੰਘ ਮੌਜੂਦ ਸਨ। ਆਈਆਂ ਸੰਗਤਾਂ ਲਈ ਅਟੁੱਟ ਲੰਗਰ ਵਰਤਾਇਆ ਗਿਆ।

## ਜ਼ਿਲ੍ਹੇ 'ਚ ਕਿਸਾਨਾਂ ਨੂੰ ਕਣਕ ਖਰੀਦ ਬਦਲੇ 1706 ਕਰੋੜ ਦੀ ਅਦਾਇਗੀ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਫਾਜ਼ਿਲਕਾ ਜ਼ਿਲ੍ਹੇ ਵਿੱਚ ਕਣਕ ਵੇਚਣ ਨਾਲ ਕਿਸਾਨਾਂ ਨੂੰ 1706 ਕਰੋੜ ਰੁਪਏ ਦੀ ਆਮਦਨ ਹੋਈ ਹੈ। ਸਰਕਾਰ ਵੱਲੋਂ ਖਰੀਦੀ ਗਈ ਕਣਕ ਦੇ ਬਦਲੇ ਇਹ ਰਾਸ਼ੀ ਕਿਸਾਨਾਂ ਦੇ ਖਾਤਿਆਂ ਵਿੱਚ ਤਬਦੀਲ ਕੀਤੀ ਗਈ ਹੈ। ਇਹ ਜਾਣਕਾਰੀ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਵੰਦਨਾ ਕੰਬੋਜ ਨੇ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਹੁਣ ਤੱਕ ਕੁੱਲ 7,62,786 ਮੀਟ੍ਰਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਬੀਤੇ ਦਿਨ 1448 ਮੀਟ੍ਰਕ ਟਨ ਕਣਕ ਦੀ ਆਮਦ ਹੋਈ ਹੈ, ਜਦਕਿ ਬੀਤੇ ਇੱਕ ਦਿਨ ਵਿੱਚ 19337 ਮੀਟ੍ਰਕ ਟਨ ਕਣਕ ਦੀ ਲਿਫਟਿੰਗ ਕੀਤੀ ਗਈ ਹੈ। ਪਨਗਰੇਨ ਨੇ ਸਭ ਤੋਂ ਵੱਧ 2,07,095 ਮੀਟ੍ਰਕ ਟਨ ਕਣਕ ਦੀ ਖਰੀਦ ਕੀਤੀ ਹੈ ਤੇ ਮਾਰਕਫੈੱਡ ਨੇ 1,91,157 ਮੀਟ੍ਰਕ ਟਨ ਕਣਕ ਦੀ ਖਰੀਦ ਕੀਤੀ ਹੈ। ਪਨਸਪ ਵੱਲੋਂ 1,87,910 ਮੀਟ੍ਰਕ ਟਨ, ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ ਵੱਲੋਂ 1,25,015 ਮੀਟ੍ਰਕ ਟਨ ਤੇ ਪ੍ਰਾਈਵੇਟ ਵਪਾਰੀਆਂ ਵੱਲੋਂ 51,609 ਮੀਟ੍ਰਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ।

## ਅੰਮ੍ਰਿਤਸਰ ਸਮੇਤ ਦੇਸ਼ ਦੇ 32 ਏਅਰਪੋਰਟ ਮੁੜ ਚਾਲੂ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਦੇਸ਼ ਦੇ 32 ਹਵਾਈ ਅੱਡੇ ਜੋ ਅਪ੍ਰੇਸ਼ਨ ਸਿੰਧੂਰ ਦੌਰਾਨ ਬੰਦ ਕਰ ਦਿੱਤੇ ਗਏ ਸਨ, ਉਨ੍ਹਾਂ ਨੂੰ ਹੁਣ ਖੋਲ੍ਹ ਦਿੱਤਾ ਗਿਆ ਹੈ।ਏਅਰਪੋਰਟ ਅਥਾਰਟੀ ਆਫ਼ ਇੰਡੀਆ ਨੇ ਇੱਕ ਪ੍ਰੈੱਸ ਰਿਲੀਜ਼ ਜਾਰੀ ਕਰਕੇ ਕਿਹਾ ਕਿ 15 ਮਈ 2025 ਨੂੰ ਸ਼ਾਮ 05:29 ਵਜੇ ਤੱਕ 32 ਹਵਾਈ ਅੱਡਿਆਂ ਨੂੰ ਸਿਵਲ ਏਅਰ ਕ੍ਰਾਫਟ ਓਪਰੇਸ਼ਨ ਲਈ ਅਸਥਾਈ ਤੌਰ 'ਤੇ ਬੰਦ ਕਰਨ ਲਈ ਇੱਕ ਹਵਾਲਾ ਨੋਟਿਸ ਜਾਰੀ ਕੀਤਾ ਗਿਆ ਸੀ।ਹੁਣ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਇਹ ਹਵਾਈ ਅੱਡੇ ਹੁਣ ਤੁਰੰਤ ਪ੍ਰਭਾਵ ਨਾਲ ਸਿਵਲ ਏਅਰ ਕ੍ਰਾਫਟ ਓਪਰੇਸ਼ਨ ਲਈ ਉਪਲਬਧ ਹਨ।ਯਾਤਰੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਿੱਧੇ ਏਅਰਲਾਈਨਾਂ ਨਾਲ ਉਡਾਣ ਦੀ ਸਥਿਤੀ ਦੀ ਜਾਂਚ ਕਰਨ ਤੇ ਨਿਯਮਤ ਅਪਡੇਟਸ ਲਈ ਏਅਰ ਲਾਈਨ ਵੈੱਬਸਾਈਟਾਂ ਦੀ ਨਿਗਰਾਨੀ ਕਰਨ।ਜਾਣਕਾਰੀ ਲਈ ਦੱਸ ਦਈਏ ਕਿ ਭਾਰਤ ਤੇ ਪਾਕਿਸਤਾਨ ਵਿਚਾਲੇ ਤਣਾਅ ਦੇ ਮੱਦੇ ਨਜ਼ਰ ਦੇਸ਼ ਦੇ ਉੱਤਰੀ ਤੇ ਪੱਛਮੀ ਹਿੱਸਿਆਂ ਵਿੱਚ ਘੱਟੋ-ਘੱਟ 32 ਹਵਾਈ ਅੱਡਿਆਂ 'ਤੇ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਸੀ, ਜਦੋਂਕਿ ਉਡਾਣ ਸੰਚਾਲਨ ਨੂੰ ਅਸਥਾਈ ਤੌਰ 'ਤੇ ਮੁਅੱਤਲ ਕਰ ਦਿੱਤਾ ਗਿਆ ਸੀ।

# ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ 'ਚ ਵਿਸ਼ਵ ਮਾਂ ਦਿਵਸ ਮਨਾਇਆ



**ਸਮਰਾਲਾ (ਸੁਰਜੀਤ ਸਿੰਘ)**-ਸਥਾਨਕ ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ ਵਿੱਚ ਅੰਤਰਰਾਸ਼ਟਰੀ ਮਾਂ ਦਿਵਸ ਮਨਾਇਆ ਗਿਆ, ਜਿਸ ਦੇ ਤਹਿਤ ਸਕੂਲ ਦੇ ਨਰਸਰੀ ਤੋਂ ਬਾਰਵੀਂ ਜਮਾਤ ਤੱਕ ਦੇ ਬੱਚਿਆਂ ਨੇ ਕਲਾਸ ਇੰਚਾਰਜ ਦੀਆਂ ਹਦਾਇਤਾਂ ਮੁਤਾਬਕ ਬੱਚਿਆਂ ਨੇ ਘਰ ਬੈਠਿਆਂ ਹੀ ਆਪਣੇ ਮਾਪਿਆਂ ਦੀ ਦੇਖ-ਰੇਖ ਵਿੱਚ ਅੰਤਰਰਾਸ਼ਟਰੀ ਮਾਂ ਦਿਵਸ ਮਨਾਉਂਦਿਆਂ ਵੱਖ-ਵੱਖ ਗਤੀਵਿਧੀਆਂ ਕੀਤੀਆਂ।ਇਨ੍ਹਾਂ ਗਤੀਵਿਧੀਆਂ ਵਿੱਚ ਭਾਗ ਲੈਂਦਿਆਂ ਨਰਸਰੀ ਤੋਂ ਯੂ.ਕੇ.ਜੀ. ਤੱਕ ਦੇ ਬੱਚਿਆਂ ਨੇ ਵੱਖ-ਵੱਖ ਆਕ੍ਰਿਤੀਆਂ ਦੇ ਬਣੇ ਕਾਰਡਾਂ ਵਿੱਚ ਰੰਗ ਭਰ ਕੇ ਆਪਣੀਆਂ ਮਾਵਾਂ ਪ੍ਰਤੀ ਪਿਆਰ ਤੇ ਸਨੇਹ ਨੂੰ ਬਿਆਨ ਕੀਤਾ।ਇਸੇ ਤਰ੍ਹਾਂ ਪ੍ਰਾਇਮਰੀ ਵਿੰਗ ਅਧੀਨ ਆਉਂਦੀਆਂ ਪਹਿਲੀ ਤੇ ਦੂਸਰੀ ਜਮਾਤ ਦੇ ਬੱਚਿਆਂ ਨੇ ਵੀ ਆਪਣੀ ਮਾਂ ਪ੍ਰਤੀ ਸਤਿਕਾਰ ਤੇ ਪਿਆਰ ਦੀ ਭਾਵਨਾ ਨੂੰ ਪ੍ਰਗਟ ਕਰਦਿਆਂ ਆਪਣੇ ਹੱਥੀਂ ਤਿਆਰ ਕੀਤੇ ਵੰਨ-ਸੁਵੰਨੇ ਕਾਰਡ ਉਨ੍ਹਾਂ ਨੂੰ ਭੇਟ ਕਰਕੇ ਆਪਣੇ ਪਿਆਰ ਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ। ਇਸੇ ਤਰ੍ਹਾਂ ਤੀਸਰੀ ਤੋਂ ਪੰਜਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਕਵਿਤਾਵਾਂ ਰਾਹੀਂ ਇੱਕ ਵਿਅਕਤੀ ਦੇ ਜੀਵਨ ਵਿੱਚ ਮਾਂ ਦੀ ਮਹੱਤਤਾ ਨੂੰ ਬਹੁਤ ਹੀ ਰੋਮਾਂਚਕ ਤੇ ਸਨੇਹ ਭਰੇ ਅੰਦਾਜ਼ ਵਿੱਚ ਬਿਆਨ ਕੀਤਾ। ਮਾਂ ਦਿਵਸ ਦੇ ਸ਼ੁਭ ਅਵਸਰ 'ਤੇ ਮਿਡਲ ਵਿੰਗ ਦੇ ਬੱਚਿਆਂ ਵੱਲੋਂ ਵੀ ਆਪਣੀਆਂ ਮਾਵਾਂ ਪ੍ਰਤੀ ਸਤਿਕਾਰ ਤੇ ਪਿਆਰ ਦੀ ਭਾਵਨਾ ਨੂੰ ਪ੍ਰਗਟਾਉਂਦਿਆਂ ਆਪਣੇ ਹੱਥੀਂ ਬਣਾਏ ਆਕਰਸ਼ਿਤ ਤੇ ਖੂਬਸੂਰਤ ਮੁਕਟ ਭੇਟ ਕੀਤੇ ਗਏ ਅਤੇ ਸੀਨੀਅਰ ਵਿੰਗ ਦੇ ਵਿਦਿਆਰਥੀਆਂ ਨੇ ਵੀ ਇੱਕ ਭਾਸ਼ਣ ਪ੍ਰਤੀਯੋਗਤਾ ਗਤੀਵਿਧੀ ਰਾਹੀਂ ਆਪਣੀ ਮਾਂ ਨੂੰ ਖੁਸ਼ ਰੱਖਣ ਦੇ ਭਿੰਨ-ਭਿੰਨ ਤਰੀਕਿਆਂ ਨੂੰ ਬਿਆਨ ਕਰਕੇ ਬੜੀ ਰੌਚਕਤਾ ਭਰਪੂਰ ਜਾਣਕਾਰੀ ਸਾਂਝੀ ਕੀਤੀ।ਇਹ ਸਾਰੀਆਂ ਗਤੀਵਿਧੀਆਂ ਸਕੂਲ ਦੇ ਅਧਿਆਪਕਾਂ ਦੁਆਰਾ ਦਿੱਤੇ ਦਿਸ਼ਾ ਨਿਰਦੇਸ਼ਾਂ ਨੂੰ ਧਿਆਨ ਵਿੱਚ ਰੱਖਦਿਆਂ ਬੱਚਿਆਂ ਨੇ ਆਪੋ ਅਪਣੇ ਘਰ ਬੈਠ ਕੇ ਆਪਣੇ ਮਾਪਿਆਂ ਦੇ ਸਹਿਯੋਗ ਨਾਲ ਪੂਰੀਆਂ ਕੀਤੀਆਂ ਤੇ ਮਾਪਿਆਂ ਵੱਲੋਂ ਗਤੀਵਿਧੀ ਕਰਦੇ ਹੋਏ ਬੱਚਿਆਂ ਦੀਆਂ ਵੀਡੀਓ ਬਣਾ ਕੇ ਬੱਚਿਆਂ ਦੇ ਇੰਚਾਰਜ ਅਧਿਆਪਕਾਂ ਨੂੰ ਭੇਜੀਆਂ ਗਈਆਂ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਵੱਲੋਂ ਇਨ੍ਹਾਂ ਗਤੀਵਿਧੀਆਂ ਨੂੰ ਸਫਲਤਾਪੂਰਵਕ ਨੇਪਰੇ ਚੜ੍ਹਾਉਣ ਲਈ ਮਾਪਿਆਂ ਵੱਲੋਂ ਦਿੱਤੇ ਸਹਿਯੋਗ ਦਾ ਤਹਿ ਦਿਲੋਂ ਧੰਨਵਾਦ ਵੀ ਕੀਤਾ ਗਿਆ।ਮਾਂ ਦਿਵਸ ਦੇ ਸ਼ੁਭ ਅਵਸਰ 'ਤੇ ਸਕੂਲ ਦੀ ਚੇਅਰਪਰਸਨ ਕੁਲਵਿੰਦਰ ਕੌਰ ਬੈਨੀਪਾਲ, ਪ੍ਰੈਜ਼ੀਡੈਂਟ ਅਨਿਲ ਵਰਮਾ, ਪ੍ਰਿੰਸੀਪਲ ਡਾ. ਮੋਨਿਕਾ ਮਲਹੋਤਰਾ ਤੇ ਰਮਨਦੀਪ ਸਿੰਘ ਨੇ ਦੇਸ਼ ਭਰ ਦੀਆਂ ਸਾਰੀਆਂ ਮਾਵਾਂ ਨੂੰ ਸ਼ੁੱਭ-ਕਾਮਨਾਵਾਂ ਦਿੰਦਿਆਂ ਉਨ੍ਹਾਂ ਦੇ ਤੰਦਰੁਸਤੀ ਭਰੇ ਜੀਵਨ ਦੀ ਕਾਮਨਾ ਵੀ ਕੀਤੀ।

# ਕਬੱਡੀ ਸਾਡੀ ਵਿਰਾਸਤ ਹੈ, ਇਸ ਨੂੰ ਜਿਉਂਦਾ ਰੱਖਣਾ ਜ਼ਰੂਰੀ : ਕਾਕਾ ਬਰਾੜ

## ਪਿੰਡ ਵੱਟੂ ਵਿਖੇ ਕਰਵਾਇਆ ਦੂਜਾ ਗੋਲਡ ਕਬੱਡੀ ਕੱਪ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**
ਨਜ਼ਦੀਕੀ ਪਿੰਡ ਵੱਟੂ ਵਿਖੇ ਐੱਨ ਆਰ ਆਈ ਵੀਰਾਂ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਧੰਨ ਧੰਨ ਬਾਬਾ ਬੁੱਢਾ ਜੀ ਦੀ ਯਾਦ ਵਿੱਚ ਦੂਸਰਾ ਗੋਲਡ ਕਬੱਡੀ ਕੱਪ ਕਰਵਾਇਆ ਗਿਆ, ਜਿਸ ਵਿੱਚ ਆਮ ਆਦਮੀ ਪਾਰਟੀ ਦੇ ਸੂਬਾ ਮੀਤ ਪ੍ਰਧਾਨ ਤੇ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਮੁੱਖ ਮਹਿਮਾਨ ਵਜੋਂ ਪਹੁੰਚੇ।ਇਸ ਤੋਂ ਇਲਾਵਾ ਮਾਰਕਿਟ ਕਮੇਟੀ ਬਰੀਵਾਲਾ ਦੇ ਚੇਅਰਮੈਨ ਰਾਜਿੰਦਰ ਸਿੰਘ ਬਰਾੜ, ਸਰਪੰਚ ਜਸਕਰਨ ਸਿੰਘ, ਸੀਨੀਅਰ ਵਾਈਸ ਪ੍ਰਧਾਨ ਬਲਵਿੰਦਰ ਸਿੰਘ ਖਾਲਸਾ, ਬਲਾਕ ਪ੍ਰਧਾਨ ਜਸਵਿੰਦਰ ਸਿੰਘ ਸਰਾਏਨਾਗਾ, ਬਲਾਕ ਪ੍ਰਧਾਨ ਅਮਨਦੀਪ ਸਿੰਘ ਖੋਖਰ, ਸਰਪੰਚ ਜਗਸੀਰ ਸਿੰਘ ਜੰਮੂਆਣਾ, ਸੁਖਜਿੰਦਰ ਸਿੰਘ ਬੱਬਲੂ ਬਰਾੜ ਪ੍ਰਧਾਨ ਟਰੱਕ ਯੂਨੀਅਨ, ਬਲਾਕ ਪ੍ਰਧਾਨ ਪਰਮਜੀਤ ਸਿੰਘ ਪੰਮਾ ਨੰਬਰਦਾਰ, ਮਾਸਟਰ ਮੁਰਾਰੀ ਲਾਲ, ਧਰਮਜੀਤ ਸਿੰਘ ਵੜਿੰਗ, ਸ਼ਮਸ਼ੇਰ ਸਿੰਘ ਵੜਿੰਗ, ਭਿੰਦਰ ਬਾਜਾ ਮਰਾੜ, ਗੁਰਬਿੰਦਰ ਸਿੰਘ ਮਾਂਗਟ ਆਦਿ ਹਾਜ਼ਰ ਸਨ।

ਇਸ ਮੌਕੇ ਸੰਬੋਧਨ ਦੌਰਾਨ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਇਸ ਕਬੱਡੀ ਕੱਪ ਦਾ ਮੁੱਖ ਮੰਤਵ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਖੇਡਾਂ ਵੱਲ ਪ੍ਰੇਰਿਤ ਕਰਨਾ ਹੈ।ਉਨ੍ਹਾ ਕਿਹਾ ਕਿ ਬਾਬਾ ਬੁੱਢਾ ਸਾਹਿਬ ਜੀ ਦਾ ਆਸ਼ੀਰਵਾਦ ਹਮੇਸ਼ਾ ਇਸ ਪਿੰਡ 'ਤੇ ਬਣਿਆ ਰਹੇ ਤੇ ਉਨ੍ਹਾਂ ਦੀ ਯਾਦ ਵਿੱਚ ਕਰਵਾਏ ਜਾਂਦੇ ਇਹੋ ਜਿਹੇ ਸਮਾਗਮ ਪਿੰਡ ਵਿੱਚ ਏਕਤਾ ਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦੇ ਹਨ।ਕਬੱਡੀ ਕੱਪ ਦੇ ਅੰਤ ਵਿੱਚ ਸਾਰੀਆਂ ਟੀਮਾਂ ਤੇ ਦਰਸ਼ਕਾਂ ਦਾ ਧੰਨਵਾਦ ਕੀਤਾ ਅਤੇ ਆਉਣ ਵਾਲੇ ਸਾਲਾਂ ਵਿੱਚ ਇਸ ਨੂੰ ਹੋਰ ਵੀ ਵਧੀਆ ਤਰੀਕੇ ਨਾਲ ਕਰਵਾਉਣ ਦਾ ਵਾਅਦਾ ਕੀਤਾ।ਉਨ੍ਹਾਂ ਐੱਨ ਆਰ ਆਈ ਵੀਰਾਂ ਦਾ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ, ਜਿਨ੍ਹਾਂ ਦੇ ਸਹਿਯੋਗ ਨਾਲ ਇਹ ਕੱਪ ਸਫਲਤਾਪੂਰਵਕ ਨੇਪਰੇ ਚੜ੍ਹਿਆ।ਉਨ੍ਹਾਂ ਕਿਹਾ ਕਿ ਕਬੱਡੀ ਸਾਡੀ ਵਿਰਾਸਤ ਹੈ ਤੇ ਇਸ ਨੂੰ ਸਾਨੂੰ ਹਮੇਸ਼ਾ ਜੀਵਿਤ ਰੱਖਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਖੇਡਾਂ ਸਾਨੂੰ ਸਿਹਤਮੰਦ ਰੱਖਦੀਆਂ ਹਨ ਤੇ ਸਾਡੇ ਵਿੱਚ ਮਿਲਜੁਲ ਕੇ ਰਹਿਣ ਦੀ ਭਾਵਨਾ ਪੈਦਾ ਕਰਦੀਆਂ ਹਨ।ਇਸ ਕਬੱਡੀ ਕੱਪ ਨੇ ਇੱਕ ਵਾਰ ਫਿਰ ਸਾਬਿਤ ਕਰ ਦਿੱਤਾ ਕਿ ਪੰਜਾਬੀਆਂ ਦੇ ਦਿਲਾਂ ਵਿੱਚ ਕਬੱਡੀ ਲਈ ਅੱਜ ਵੀ ਓਨਾ ਹੀ ਪਿਆਰ ਹੈ, ਜਿੰਨਾ ਪਹਿਲਾਂ ਹੁੰਦਾ ਸੀ।ਹਲਕਾ ਵਿਧਾਇਕ ਨੇ ਆਪਣੀ ਜੇਬ ਵਿੱਚੋਂ 31 ਹਜ਼ਾਰ ਰੁਪਏ ਦੀ ਨਗਦ ਰਾਸ਼ੀ ਪ੍ਰਬੰਧਕਾਂ ਨੂੰ ਭੇਟ ਕੀਤੀ।ਅੰਤ ਵਿੱਚ ਮੁੱਖ ਮਹਿਮਾਨਾਂ ਤੇ ਵਿਸ਼ੇਸ਼ ਮਹਿਮਾਨਾਂ ਨੂੰ ਪ੍ਰਬੰਧਕੀ ਟੀਮ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਪਿੰਡ ਦੇ ਸਰਪੰਚ ਜਸਕਰਨ ਸਿੰਘ, ਗੁਰਪ੍ਰੀਤ ਸਿੰਘ, ਚਰਨਜੀਤ ਸਿੰਘ, ਜਸਵਿੰਦਰ ਸਿੰਘ, ਰਣਜੀਤ ਸਿੰਘ, ਰਵਿੰਦਰ ਸਿੰਘ, ਬਿਕਰਮਵੀਰ ਸਿੰਘ ਬਰਾੜ, ਗੁਰਮੀਤ ਸਿੰਘ, ਸੰਦੀਪ ਸਿੰਘ ਆਦਿ ਹਾਜ਼ਰ ਸਨ।

# ਭਾਰਤ ਵਿਕਾਸ ਪ੍ਰੀਸ਼ਦ ਨੇ ਲੋੜਵੰਦ ਬੱਚਿਆਂ ਨੂੰ ਵੰਡੀਆਂ ਵਰਦੀਆਂ

## ਲੋੜਵੰਦ ਬੱਚਿਆਂ ਦੀ ਮਦਦ ਕਰਨਾ ਸੰਸਥਾ ਦਾ ਮੁੱਖ ਮਕਸਦ : ਲਲਿਤ ਸ਼ਰਮਾ



**ਨਾਭਾ (ਵਰਿੰਦਰ ਵਰਮਾ)**-ਭਾਰਤ ਵਿਕਾਸ ਪ੍ਰੀਸ਼ਦ ਇਕਾਈ ਨਾਭਾ ਵੱਲੋਂ ਜਿੱਥੇ ਸਮਾਜ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ, ਉੱਥੇ ਹੀ ਸਕੂਲਾਂ ਵਿੱਚ ਲੋੜਵੰਦ ਬੱਚਿਆਂ ਦੀ ਮਦਦ ਕੀਤੀ ਜਾਂਦੀ ਹੈ।ਇਸ ਲੜੀ ਤਹਿਤ ਸੰਸਥਾ ਵੱਲੋਂ ਐੱਸ ਡੀ ਹਾਈ ਸਕੂਲ (ਲੜਕੇ) ਦੁੱਲਦੀ ਗੇਟ ਵਿਖੇ 55 ਲੋੜਵੰਦ ਬੱਚਿਆਂ ਨੂੰ ਵਰਦੀਆਂ ਵੰਡੀਆਂ ਗਈਆਂ। ਇਸ ਮੌਕੇ ਸੰਸਥਾ ਦੇ ਪ੍ਰਧਾਨ ਨਰਿੰਦਰ ਵਰਮਾ, ਜਨਰਲ ਸਕੱਤਰ ਵਿਕਾਸ ਮਿੱਤਲ ਤੇ ਕੈਸ਼ੀਅਰ ਅਸ਼ਵਨੀ ਮਦਾਨ ਨੇ ਕਿਹਾ ਕਿ ਸੰਸਥਾ ਦੇ ਸੀਨੀਅਰ ਮੈਂਬਰ ਤੇ ਸਟੇਟ ਆਡੀਟਰ ਲਲਿਤ ਸ਼ਰਮਾ ਨੇ 55 ਲੋੜਵੰਦ ਬੱਚਿਆਂ ਨੂੰ ਵਰਦੀਆਂ ਦੇਣ ਲਈ ਧੰਨਵਾਦ ਕੀਤਾ ਤੇ ਉਮੀਦ ਕੀਤੀ ਕਿ ਇਸ ਤਰ੍ਹਾਂ ਦਾ ਸਹਿਯੋਗ ਹਮੇਸ਼ਾ ਕਰਦੇ ਰਹਿਣਗੇ।ਉਨ੍ਹਾਂ ਕਿਹਾ ਕਿ ਇਹ ਸੰਸਥਾ ਜ਼ਰੂਰਤਮੰਦ ਲੋਕਾਂ ਦੀ ਸੇਵਾ ਕਰਦੀ ਰਹੇ ਅਤੇ ਇਸੇ ਤਰ੍ਹਾਂ ਸਮਾਜ ਸੇਵੀ ਲੋਕ ਮਦਦ ਲਈ ਅੱਗੇ ਆਉਂਦੇ ਰਹਿਣ।ਇਸ ਮੌਕੇ ਐੱਸ ਡੀ ਹਾਈ ਸਕੂਲ (ਲੜਕੇ) ਦੇ ਮੁੱਖ ਅਧਿਆਪਕ ਬਲਵਿੰਦਰ ਸਿੰਘ ਨੇ ਭਾਰਤ ਵਿਕਾਸ ਪ੍ਰੀਸ਼ਦ ਇਕਾਈ ਦੇ ਸਮੂਹ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਕਿਹਾ ਕਿ ਲੋੜਵੰਦ ਬੱਚਿਆਂ ਦੀ ਜ਼ਰੂਰਤ ਨੂੰ ਵੇਖਦੇ ਹੋਏ ਵਰਦੀਆਂ ਵੰਡੀਆਂ ਗਈਆਂ ਹਨ ਤਾਂ ਕਿ ਬੱਚਿਆਂ ਨੂੰ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਕਿਹਾ ਕਿ ਅਸੀਂ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਇਹ ਸੰਸਥਾ ਹਮੇਸ਼ਾ ਹੀ ਸਮਾਜ ਭਲਾਈ ਦੇ ਕਾਰਜ ਕਰਦੀ ਰਹੇ ਤੇ ਸਮੂਹ ਮੈਂਬਰ ਚੜ੍ਹਦੀ ਕਲਾ ਵਿੱਚ ਰਹਿਣ।ਇਸ ਮੌਕੇ ਸਟੇਟ ਆਡੀਟਰ ਲਲਿਤ ਸ਼ਰਮਾ ਨੇ ਦੱਸਿਆ ਕਿ ਸੰਸਥਾ ਦਾ ਮੁੱਖ ਮਕਸਦ ਲੋੜਵੰਦ ਬੱਚਿਆਂ ਦੀ ਮਦਦ ਕਰਨਾ ਹੈ।ਉਨ੍ਹਾਂ ਕਿਹਾ ਕਿ ਇਹ ਕਾਰਜ ਅੱਗੇ ਤੋਂ ਵੀ ਲਗਾਤਾਰ ਜਾਰੀ ਰਹਿਣਗੇ।ਉਨ੍ਹਾਂ ਕਿਹਾ ਕਿ ਪਿਛਲੇ ਕਈ ਦਿਨਾਂ ਤੋਂ ਲੋੜਵੰਦ ਬੱਚਿਆਂ ਨੂੰ ਸਕੂਲੀ ਬੈਗ ਦਿੱਤੇ ਜਾ ਰਹੇ ਹਨ ਤੇ ਲਗਭਗ 220 ਦੇ ਕਰੀਬ ਬੱਚਿਆਂ ਨੂੰ ਬੈਗ ਦਿੱਤੇ ਜਾ ਚੁੱਕੇ ਹਨ।ਇਸ ਮੌਕੇ ਡਾਕਟਰ ਗਗਨਦੀਪ ਸ਼ਰਮਾ, ਸੰਜੇ ਢੀਂਗਰਾ ਤੋਂ ਇਲਾਵਾ ਸਕੂਲ ਸਟਾਫ਼ ਪ੍ਰਵੀਨ ਕੁਮਾਰ, ਬਿੰਪਲ ਕੁਮਾਰ, ਸੰਜੇ ਕੁਮਾਰ ਤੇ ਜਗਤਾਰ ਸਿੰਘ ਆਦਿ ਹਾਜ਼ਰ ਸਨ।

## ਮੰਡੀਆਂ 'ਚ ਪੁੱਜੀ ਕਣਕ ਦੀ ਲੱਗਭੱਗ ਸੌ ਫੀਸਦੀ ਖਰੀਦ : ਡਿਪਟੀ ਕਮਿਸ਼ਨਰ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੀਆਂ ਅਨਾਜ ਮੰਡੀਆਂ ਵਿੱਚ ਕਣਕ ਦੀ ਖਰੀਦ ਪ੍ਰਕਿਰਿਆ ਦੇ ਕਾਰਜ ਤੇਜ਼ੀ ਨਾਲ ਨੇਪਰੇ ਚੜ੍ਹਾਏ ਜਾ ਰਹੇ ਹਨ।ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿੱਚ ਆਈ ਕਣਕ ਦੀ ਸਰਕਾਰੀ ਖਰੀਦ ਏਜੰਸੀਆਂ ਤੇ ਪ੍ਰਾਈਵੇਟ ਵਪਾਰੀਆਂ ਵੱਲੋਂ ਕੀਤੀ ਖਰੀਦ ਦੇ ਅੰਕੜੇ ਸਾਂਝੇ ਕਰਦੇ ਦੱਸਿਆ ਕਿ ਮੰਡੀਆਂ ਵਿੱਚ ਆਈ ਕੁੱਲ 2 ਲੱਖ 71 ਹਜ਼ਾਰ 336 ਮੀਟਰਕ ਟਨ ਕਣਕ ਵਿੱਚੋਂ 2 ਲੱਖ 70 ਹਜ਼ਾਰ 732 ਮੀਟਰਕ ਟਨ ਕਣਕ ਦੀ ਖਰੀਦ ਕਰ ਲਈ ਗਈ ਹੈ, ਜੋ ਕਿ ਲਗਭਗ ਸੌ ਫੀਸਦੀ ਬਣਦੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਖਰੀਦ ਵਿੱਚ ਬੀਤੀ ਸ਼ਾਮ ਤੱਕ ਮਾਰਕਫੈੱਡ ਸਭ ਤੋਂ ਮੋਹਰੀ ਰਿਹਾ ਤੇ ਉਸ ਏਜੰਸੀ ਵੱਲੋਂ 60 ਹਜ਼ਾਰ 470 ਮੀਟਰਕ ਟਨ ਕਣਕ ਖਰੀਦੀ ਗਈ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਨਸਪ ਨੇ 56 ਹਜ਼ਾਰ 703 ਮੀਟਰਕ ਟਨ, ਪਨਗ੍ਰੇਨ ਨੇ 45 ਹਜ਼ਾਰ 845 ਮੀਟਰਕ ਟਨ, ਵੇਅਰ ਹਾਊਸ ਕਾਰਪੋਰੇਸ਼ਨ ਨੇ 40 ਹਜ਼ਾਰ 750 ਮੀਟਰਕ ਟਨ, ਐੱਫ ਸੀ ਆਈ ਵੱਲੋਂ 29 ਹਜ਼ਾਰ 147 ਤੇ ਵਪਾਰੀਆਂ ਵੱਲੋਂ 37 ਹਜ਼ਾਰ 818 ਮੀਟਰਕ ਟਨ ਕਣਕ ਖਰੀਦੀ ਜਾ ਚੁੱਕੀ ਹੈ।ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਦੱਸਿਆ ਕਿ ਵੱਖ-ਵੱਖ ਸਰਕਾਰੀ ਖਰੀਦ ਏਜੰਸੀਆਂ ਵੱਲੋਂ ਮੰਡੀਆਂ ਵਿੱਚੋਂ ਖਰੀਦੀ ਗਈ ਕਣਕ ਦੀ ਅਦਾਇਗੀ ਵੀ ਨਿਰਧਾਰਤ ਸਮੇਂ ਅੰਦਰ ਕਿਸਾਨਾਂ ਨੂੰ ਕਰਦਿਆਂ ਬੀਤੀ ਸ਼ਾਮ ਤੱਕ 562.60 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ, ਜੋ ਕਿ ਸੌ ਫੀਸਦੀ ਬਣਦੀ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵੱਖ ਵੱਖ ਸਰਕਾਰੀ ਖਰੀਦ ਏਜੰਸੀਆਂ ਵੱਲੋਂ ਖਰੀਦੀ ਜਿਣਸ ਵਿੱਚੋਂ 2 ਲੱਖ 32 ਹਜ਼ਾਰ 246 ਮੀਟਰਕ ਟਨ ਦੀ ਲਿਫਟਿੰਗ ਹੋ ਚੁੱਕੀ ਹੈ, ਜੋ ਕਿ 84 ਫੀਸਦੀ ਬਣਦੀ ਹੈ ਤੇ ਬਕਾਇਆ ਜਿਣਸ ਦੀ ਲਿਫਟਿੰਗ ਵੀ ਤੇਜ਼ੀ ਨਾਲ ਕਰਵਾਉਣ ਦੇ ਆਦੇਸ਼ ਦਿੱਤੇ ਗਏ ਹਨ।

## ਘੱਗਾ ਵਿਖੇ ਜੰਗ ਵਿਰੋਧੀ ਪ੍ਰਦਰਸ਼ਨ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)** : ਭਾਰਤ-ਪਾਕਿਸਤਾਨ ਦਰਮਿਆਨ ਬਣੇ ਜੰਗੀ ਹਾਲਾਤਾਂ ਦੇ ਵਿਰੋਧ ਵਿੱਚ ਬੀਤੇ ਐਤਵਾਰ ਗੁਰਦੁਆਰਾ ਸਿੰਘ ਸਭਾ ਘੱਗਾ ਵਿਖੇ ਅਮਨ ਪਸੰਦ ਲੋਕਾਂ ਦੇ ਇਕੱਠ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ।ਜੁੜੇ ਇਕੱਠ ਨੂੰ ਸੰਬੋਧਨ ਕਰਦਿਆਂ ਨੌਜਵਾਨ ਆਗੂ ਰਵੀ ਘੱਗਾ, ਭਗਵੰਤ ਸਿੰਘ ਘੱਗਾ ਤੇ ਵਿਦਿਆਰਥੀ ਆਗੂ ਦਵਿੰਦਰ ਛਬੀਲਪੁਰ ਨੇ ਕਿਹਾ ਕਿ ਭਾਰਤ ਪਾਕਿਸਤਾਨ ਵਿੱਚ ਬਣੇ ਜੰਗੀ ਹਾਲਾਤ ਸਾਰੀ ਮਨੁੱਖਤਾ ਲਈ ਚਿੰਤਾ ਦਾ ਵਿਸ਼ਾ ਹਨ।ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਪੱਧਰ 'ਤੇ ਅਮਰੀਕਾ ਤੇ ਚੀਨ ਵਿਚਕਾਰ ਬਣੇ ਸਾਮਰਾਜੀ ਮਾਹੌਲ ਨੇ ਸਾਰੇ ਸੰਸਾਰ ਨੂੰ ਇੱਕ ਜੰਗ ਵੱਲ ਧੱਕਣ ਦਾ ਕੰਮ ਕੀਤਾ ਹੈ।ਇਸ ਸਬੰਧੀ ਸ਼ਹੀਦ ਭਗਤ ਸਿੰਘ ਮਿਸ਼ਨ ਦੇ ਆਗੂ ਭਗਵੰਤ ਸਿੰਘ ਘੱਗਾ ਨੇ ਕਿਹਾ ਕਿ ਜੇਕਰ ਭਾਰਤ ਤੇ ਪਾਕਿਸਤਾਨ ਵਿਚਕਾਰ ਜੰਗ ਛਿੜਦੀ ਹੈ ਤਾਂ ਇਸ ਦਾ ਵੱਡਾ ਨੁਕਸਾਨ ਸਰਹੱਦੀ ਸੂਬਿਆਂ ਨੂੰ ਉਠਾਉਣਾ ਪਵੇਗਾ।ਇਸ ਲਈ ਇਸ ਜੰਗ ਦਾ ਵਿਰੋਧ ਕਰਨਾ ਹਰ ਇੱਕ ਮਨੁੱਖ ਦਾ ਨੈਤਿਕ ਫਰਜ਼ ਬਣਦਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬਾ ਸੁਖਵਿੰਦਰ ਸਿੰਘ ਹੈੱਡ ਗ੍ਰੰਥੀ, ਕਰਮਜੀਤ ਸਿੰਘ, ਸੁਰਜੀਤ ਸਿੰਘ, ਗੁਰਦੀਪ ਕਲਵਾਣੂੰ, ਹੈਪੀ, ਗੁਰਵਿੰਦਰ ਤੇ ਹੋਰ ਸਾਥੀ ਹਾਜ਼ਰ ਸਨ।

## ਪੁਲਸ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਨੂੰ ਸਮਰਪਤ : ਐੱਸ ਐੱਚ ਓ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਨਿਹਾਲ ਸਿੰਘ ਵਾਲਾ ਥਾਣਾ ਪੁਲਸ ਵੱਲੋਂ ਪੰਚਾਇਤਾਂ ਤੇ ਪਤਵੰਤਿਆਂ ਨੂੰ ਮਿਲ ਕੇ ਸੁਰੱਖਿਆ ਨਿਯਮਾਂ ਪ੍ਰਤੀ ਜਾਗਰੂਕ ਕੀਤਾ ਜਾ ਰਿਹਾ ਹੈ, ਤਾਂ ਕਿ ਕੋਈ ਜਾਨੀ ਮਾਲੀ ਨੁਕਸਾਨ ਨਾ ਹੋ ਸਕੇ।ਨਿਹਾਲ ਸਿੰਘ ਵਾਲਾ ਦੇ ਐੱਸ ਐੱਚ ਓ ਪੂਰਨ ਸਿੰਘ ਧਾਲੀਵਾਲ ਨੇ ਇਥੇ ਕਿਹਾ ਕਿ ਲੋਕਾਂ ਦੀ ਸੁਰੱਖਿਆ ਸਾਡਾ ਫ਼ਰਜ਼ ਹੈ, ਪ੍ਰੰਤੂ ਲੋਕਾਂ ਦਾ ਸਹਿਯੋਗ ਬੇਹੱਦ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਐੱਸ ਐੱਸ ਪੀ ਸ੍ਰੀ ਅਜੇ ਗਾਂਧੀ ਤੇ ਡੀ ਐੱਸ ਪੀ ਅਨਵਰ ਅਲੀ ਦੀ ਰਹਿਨੁਮਾਈ ਹੇਠ ਨਿਹਾਲ ਸਿੰਘ ਪੁਲਸ ਪੂਰੀ ਤਰ੍ਹਾਂ ਮੁਸਤੈਦ ਹੈ।ਸਾਨੂੰ ਅਜਿਹੀਆਂ ਆਫਤਾਂ ਸਮੇਂ ਆਪਣੇ ਗਿਲੇ ਸ਼ਿਕਵੇ ਭੁਲਾ ਕੇ ਬਾਬੇ ਨਾਨਕ ਦੇ ਵਚਨਾਂ 'ਤੇ ਪਹਿਰਾ ਦਿੰਦਿਆਂ ਸਰਬੱਤ ਦੇ ਭਲੇ ਲਈ ਖੜਨਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਰਾਤ ਨੂੰ ਘਰ ਦੀਆਂ, ਕੈਮਰਿਆਂ, ਗਲੀ ਮੁਹੱਲੇ ਆਦਿ ਦੀਆਂ ਲਾਈਟਾਂ ਬੰਦ ਕਰ ਦਿੱਤੀਆਂ ਜਾਣ।ਪੁਲਸ ਵਿਭਾਗ ਜਾਂ ਗੁਰੂਘਰਾਂ ਤੋਂ ਜਨ ਹਿੱਤ ਅਵਾਜ਼ਾਂ, ਹੋਕਿਆਂ 'ਤੇ ਗ਼ੌਰ ਤੇ ਅਮਲ ਕੀਤਾ ਜਾਵੇ।ਉਨ੍ਹਾਂ ਕਿਹਾ ਕਿ ਅਫਵਾਹਾਂ ਤੋਂ ਬਚਿਆ ਜਾਵੇ।ਸੋਸ਼ਲ ਮੀਡੀਆ 'ਤੇ ਭੜਕਾਊ ਤੇ ਬਿਨ ਤਸਦੀਕ ਪੋਸਟ ਨਾ ਪਾਈ ਜਾਵੇ।ਥਾਣਾ ਮੁਖੀ ਪੂਰਨ ਸਿੰਘ ਧਾਲੀਵਾਲ ਨੇ ਕਿਹਾ ਕਿ ਚੋਰਾਂ, ਸਮਾਜ ਦੇ ਦੁਸ਼ਮਣਾਂ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ।ਪੁਲਸ ਦਿਨ-ਰਾਤ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਨੂੰ ਸਮਰਪਤ ਹੈ।ਉਨ੍ਹਾਂ ਕਿਹਾ ਕਿ ਪਿੰਡਾਂ ਦੇ ਸਮਾਜ ਸੇਵੀ ਲੋਕ ਆਪਣੇ ਪਿੰਡ, ਮੁਹੱਲੇ ਦੀ ਸੁਰੱਖਿਆ ਕਰਨ ਵਿੱਚ ਵੀ ਆਪਣਾ ਫਰਜ਼ ਨਿਭਾਉਣ।

## ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਗੌਰਮਿੰਟ ਪੈਨਸ਼ਰਨਜ਼ ਐਸੋਸੀਏਸ਼ਨ ਦੀ ਮਾਸਿਕ ਮੀਟਿੰਗ ਜ਼ਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਸੇਵਾ ਮੁਕਤ ਕਰਮਚਾਰੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ।ਮੀਟਿੰਗ ਦੌਰਾਨ ਬਲਦੇਵ ਸਿੰਘ ਬੇਦੀ, ਹਰਦੇਵ ਸਿੰਘ, ਜਸਵੰਤ ਸਿੰਘ ਬਰਾੜ ਤੇ ਜਸਪਾਲ ਸਿੰਘ ਸਮੇਤ ਸਮੂਹ ਬੁਲਾਰਿਆਂ ਨੇ ਪੰਜਾਬ ਸਰਕਾਰ ਵੱਲੋਂ ਸੇਵਾ ਮੁਕਤ ਕਰਮਚਾਰੀਆਂ ਦੀਆਂ ਹੱਕੀ ਮੰਗਾਂ ਨਾ ਮੰਨਣ ਬਾਰੇ ਜ਼ੋਰਦਾਰ ਨਿੰਦਾ ਕੀਤੀ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਜ਼ਿਲ੍ਹਾ ਪ੍ਰਧਾਨ ਕਰਮਜੀਤ ਸ਼ਰਮਾ ਨੇ ਕਿਹਾ ਕਿ ਸਾਡਾ ਏਕਾ ਤੇ ਸੰਘਰਸ਼ ਹੀ ਸਾਡੀਆਂ ਹੱਕੀ ਮੰਗਾਂ ਮਨਵਾਉਣ ਲਈ ਸਹਾਈ ਸਾਬਿਤ ਹੋ ਸਕਦਾ ਹੈ।ਮੀਟਿੰਗ ਦੇ ਸ਼ੁਰੂ ਵਿੱਚ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਬਖਸ਼ੀਸ਼ ਸਿੰਘ ਲਾਹੌਰੀਆ, ਭਾਰਤ ਭੂਸ਼ਣ ਦੇ ਮਾਤਾ ਜੀ, ਬਲਦੇਵ ਸਿੰਘ ਮਾਨ ਤੇ ਹੋਰਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਦੋ ਮਿੰਟ ਦਾ ਮੌਨ ਧਾਰਨ ਕੀਤਾ ਗਿਆ। ਉਕਤ ਜਾਣਕਾਰੀ ਦਿੰਦੇ ਹੋਏ ਐਸੋਸੀਏਸ਼ਨ ਦੇ ਜ਼ਿਲ੍ਹਾ ਜਨਰਲ ਸਕੱਤਰ ਬਲਵੰਤ ਸਿੰਘ ਅਟਵਾਲ ਨੇ ਦੱਸਿਆ ਕਿ ਮੀਟਿੰਗ ਦੌਰਾਨ ਇਸ ਮਹੀਨੇ ਆਪਣਾ ਜਨਮ ਦਿਨ ਮਨਾਉਣ ਵਾਲੇ ਜਸਵੰਤ ਸਿੰਘ ਬਰਾੜ ਤੇ ਠਾਣਾ ਸਿੰਘ ਨੂੰ ਹਾਰ ਪਾ ਕੇ ਵਧਾਈ ਦਿੱਤੀ ਗਈ।ਮੀਟਿੰਗ ਦੌਰਾਨ ਮਦਨ ਲਾਲ, ਕੁਲਦੀਪ ਸਿੰਘ ਬਰਾੜ, ਕਰਨੈਲ ਸਿੰਘ ਬੇਦੀ, ਬਰਨੇਕ ਸਿੰਘ, ਇਕਬਾਲ ਸਿੰਘ, ਸੁਖਮੰਦਰ ਸਿੰਘ ਬੇਦੀ, ਹਰਬੰਸ ਲਾਲ, ਨਛੱਤਰ ਸਿੰਘ, ਦਿਆਲ ਚੰਦ, ਗੁਰਜੰਟ ਸਿੰਘ, ਜੋਗਾ ਸਿੰਘ, ਸ਼ਾਮ ਲਾਲ, ਮਲਕੀਅਤ ਸਿੰਘ, ਸੁਰਿੰਦਰ ਜੀਤ ਤੇ ਮੰਗਲ ਸਿੰਘ ਆਦਿ ਸਮੇਤ ਵੱਡੀ ਗਿਣਤੀ ਵਿੱਚ ਹੋਰ ਪੈਨਸ਼ਨਰ ਮੌਜੂਦ ਸਨ।

13-May--25-page-11-Majha-25-Final-25.qxd 5/12/2025 9:04 PM Page 1



# ਭਲਕ ਦੇ 'ਅਮਨ ਮਾਰਚ' 'ਚ ਡੀ ਟੀ ਐੱਫ ਕਰੇਗੀ ਸ਼ਮੂਲੀਅਤ



**ਚੰਡੀਗੜ੍ਹ (ਗੁਰਜੀਤ ਬਿੱਲਾ)** ਭਾਰਤ ਅਤੇ ਪਾਕਿਸਤਾਨ ਦਰਮਿਆਨ 7 ਮਈ ਤੋਂ ਸ਼ੁਰੂ ਹੋਏ ਜੰਗੀ ਟਕਰਾਅ ਸੰਬੰਧੀ 10 ਮਈ ਦੀ ਸ਼ਾਮ 5 ਵਜੇ ਤੋਂ ਬਾਅਦ ਯੁੱਧਬੰਦੀ ਦੀ ਘੋਸ਼ਣਾ ਦੇ ਬਾਵਜੂਦ ਯੁੱਧਬੰਦੀ ਦੀ ਉਲੰਘਣਾ ਦੀਆਂ ਖ਼ਬਰਾਂ ਸੁਣਨ ਨੂੰ ਮਿਲ ਰਹੀਆਂ ਹਨ।ਫਿਰ ਵੀ ਇਹ ਯੁੱਧਬੰਦੀ ਉਹਨਾਂ ਲੋਕਾਂ ਲਈ ਰਾਹਤ ਦੀ ਖ਼ਬਰ ਹੈ ਜੋ ਲਗਾਤਾਰ ਜੰਗ ਦਾ ਵਿਰੋਧ ਕਰ ਰਹੇ ਸਨ ਅਤੇ 'ਜੰਗ ਨਹੀਂ ਅਮਨ' ਦਾ ਨਾਅਰਾ ਬੁਲੰਦ ਕਰ ਰਹੇ ਸਨ।ਇਹ ਜੰਗ ਦੋਨੋ ਦੇਸ਼ਾਂ ਦੇ ਆਮ ਲੋਕਾਂ ਦੇ ਹਿੱਤ ਵਿੱਚ ਨਹੀਂ ਸੀ ਖਾਸ ਕਰਕੇ ਸਰਹੱਦੀ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਲਈ ਤਬਾਹੀ ਦਾ ਕਾਰਨ ਬਣਨ ਵਾਲੀ ਸੀ।ਅਧਿਆਪਕ ਜੱਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਨੇ ਸੰਯੁਕਤ ਕਿਸਾਨ ਮੋਰਚਾ ਵੱਲੋਂ ਇਸ ਸੰਦਰਭ ਵਿੱਚ 14 ਮਈ ਨੂੰ ਜੰਗਬਾਜ਼ ਤਾਕਤਾਂ ਵਿਰੁੱਧ ਐਲਾਨੇ ਜ਼ਿਲ੍ਹਾ ਪੱਧਰੀ 'ਅਮਨ ਮਾਰਚ' ਦੀ ਹਮਾਇਤ ਕਰਦੇ ਹੋਏ ਸ਼ਮੂਲੀਅਤ ਕਰਨ ਦਾ ਐਲਾਨ ਕੀਤਾ ਹੈ।ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ ਅਤੇ ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਪੰਜਾਬ ਵੱਲੋਂ 14 ਮਈ ਨੂੰ ਸਾਮਰਾਜੀ ਤਾਕਤਾਂ ਦੀ ਸ਼ਹਿ 'ਤੇ ਭਾਰਤ ਅਤੇ ਪਾਕਿਸਤਾਨ ਦੇ ਹੁਕਮਰਾਨਾਂ ਵੱਲੋਂ ਆਮ ਲੋਕਾਂ 'ਤੇ ਥੋਪੀ ਨਿਹੱਕੀ ਜੰਗ ਨੂੰ ਪੂਰਨ ਰੂਪ ਵਿੱਚ ਬੰਦ ਕਰਨ ਅਤੇ ਤਣਾਅ ਦਾ ਮਾਹੌਲ ਖ਼ਤਮ ਕਰਕੇ ਪੂਰਨ ਸ਼ਾਂਤੀ ਦੀ ਬਹਾਲੀ ਲਈ ਕੀਤੇ ਜਾ ਰਹੇ 'ਅਮਨ ਮਾਰਚ' ਵਿੱਚ ਹਿੱਸਾ ਲੈਣ ਦਾ ਫ਼ੈਸਲਾ ਕੀਤਾ ਗਿਆ ਹੈ।

ਇਸ ਦੌਰਾਨ ਭਾਰਤ-ਪਾਕਿਸਤਾਨ ਜੰਗਬੰਦੀ ਦੇ ਐਲਾਨ ਅਨੁਸਾਰ ਸਰਹੱਦਾਂ 'ਤੇ ਵਧੇ ਤਣਾਅ ਨੂੰ ਘਟਾਉਣ ਲਈ ਠੋਸ ਕਦਮ ਚੁੱਕਣ, ਸਾਰੀਆਂ ਵਿੱਦਿਅਕ ਸੰਸਥਾਵਾਂ ਖੋਲ੍ਹਣ ਅਤੇ ਸਾਰੇ ਮਸਲੇ ਗੱਲਬਾਤ ਰਾਹੀਂ ਸੁਲਝਾਉਣ, ਪਹਿਲਗਾਮ ਵਿਖੇ ਨਿਰਦੋਸ਼ ਲੋਕਾਂ ਦੇ ਕਤਲੋਗਾਰਤ ਬਾਰੇ ਡੂੰਘਾਈ ਨਾਲ ਜਾਂਚ ਕਰਕੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਜਾਵੇਗੀ। ਜੰਗੀ ਮਾਹੌਲ ਦੀ ਆੜ ਵਿੱਚ ਫਿਰਕਾਪ੍ਰਸਤ ਤਾਕਤਾਂ ਵੱਲੋਂ ਦੇਸ਼ ਦੀ ਫਿਰਕੂ ਸਦਭਾਵਨਾ ਵਿੱਚ ਜ਼ਹਿਰ ਘੋਲਣ ਦੇ ਯਤਨਾਂ ਦਾ ਵੀ ਵਿਰੋਧ ਕੀਤਾ ਜਾਵੇਗਾ।

## ਸਾਹਿਤਕ ਤੇ ਨੈਤਿਕ ਮੁੱਲਾਂ ਦੇ ਵਿਕਾਸ ਨੂੰ ਵਿਕਸਿਤ ਕਰਨ ਬਾਰੇ ਵਿਚਾਰ-ਚਰਚਾ

ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਂਕਾਰ ਸਿੰਘ)-ਗੁਰਬਾਣੀ ਦੇ ਸੰਦੇਸ਼ ਅਨੁਸਾਰ ਮਨੁੱਖਤਾ ਦੇ ਭਲੇ ਨੂੰ ਸਮਰਪਿਤ, ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਵਿਰਸੇ ਦੇ ਵਿਕਾਸ ਅਤੇ ਪ੍ਰਸਾਰ ਦਾ ਉਦੇਸ਼ ਰੱਖਦੀ ਗੁਰੂ ਹਰਿਕ੍ਰਿਸ਼ਨ ਜੀਵਨ ਜੋਤ ਵੈੱਲਫੇਅਰ ਸੁਸਾਇਟੀ, ਟਾਂਡਾ ਦੀ ਇਕੱਤਰਤਾ ਸੁਸਾਇਟੀ ਦੇ ਪ੍ਰਧਾਨ ਭਗਵਾਨ ਸਿੰਘ ਸੈਣੀ ਦੀ ਅਗਵਾਈ ਵਿਖੇ ਹੋਈ। ਦੁੱਗਲ ਜੇ. ਸੀ. ਬੀ. ਟਰੇਨਿੰਗ ਸੈਂਟਰ ਟਾਂਡਾ ਵਿਖੇ ਹੋਈ ਇਸ ਮੀਟਿੰਗ ਵਿੱਚ ਸੁਸਾਇਟੀ ਵੱਲੋਂ ਸਕੂਲੀ ਬੱਚਿਆਂ ਦੇ ਸਾਹਿਤਕ ਅਤੇ ਨੈਤਿਕ ਮੁੱਲਾਂ ਦੇ ਵਿਕਾਸ ਨੂੰ ਵਿਕਸਿਤ ਕਰਨ ਬਾਰੇ ਚਰਚਾ ਕੀਤੀ ਗਈ।ਮੀਟਿੰਗ ਦੌਰਾਨ ਇਲਾਕੇ ਦੇ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਮਾਂ ਬੋਲੀ ਪੰਜਾਬੀ ਦੇ ਵਿੱਦਿਅਕ ਮੁਕਾਬਲੇ ਕਰਵਾਉਣ, ਇਲਾਕੇ ਵਿੱਚ ਲੋੜਵੰਦਾਂ ਲਈ ਮੁਫ਼ਤ ਮੈਡੀਕਲ ਕੈਂਪ ਲਗਾਉਣ, ਪੜ੍ਹਾਈ ਵਿੱਚ ਪ੍ਰਬੁੱਧ ਬੱਚਿਆਂ ਦੀ ਅਗਵਾਈ ਕਰਨ ਅਤੇ ਸਮਾਜ ਵਿੱਚ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਅਤੇ ਵਿਅਕਤੀਆਂ ਦੇ ਭਲੇ ਲਈ ਹਰ ਸੰਭਵ ਸਹਾਇਤਾ ਕਰਨ ਲਈ ਵਿਚਾਰ ਚਰਚਾ ਕੀਤੀ ਗਈ।ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਭਗਵਾਨ ਸਿੰਘ ਸੈਣੀ, ਮੈਂਬਰਾਨ ਜਸਪ੍ਰੀਤ ਸਿੰਘ ਸੈਣੀ, ਦੁੱਗਲ ਜੇ. ਸੀ. ਬੀ. ਟਰੇਨਿੰਗ ਸੈਂਟਰ ਦੇ ਐੱਮ. ਡੀ. ਜਸਵਿੰਦਰ ਦੁੱਗਲ, ਪ੍ਰਿੰਸੀਪਲ ਡਾ. ਅਰਮਨਪ੍ਰੀਤ ਸਿੰਘ, ਰਮੇਸ਼ ਪਟਵਾਰੀ ਜਾਜਾ, ਗੁਰਮੀਤ ਸਿੰਘ ਮੂਨਕ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

# ਜਨਤਕ ਜਥੇਬੰਦੀਆਂ ਵੱਲੋਂ ਪੰਜਾਬ ਨੈਸ਼ਨਲ ਬੈਂਕ ਤਲਵੰਡੀ ਖਿਲਾਫ ਨਾਅਰੇਬਾਜ਼ੀ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਪੰਜਾਬ ਨੈਸ਼ਨਲ ਬੈਂਕ ਤਲਵੰਡੀ ਹਾਲ ਅਜਨਾਲਾ ਵੱਲੋਂ ਗਾਹਕਾਂ ਨਾਲ ਕੀਤੀਆਂ ਜਾ ਰਹੀਆਂ ਠੱਗੀਆਂ ਤੇ ਹੇਰਾਫੇਰੀਆਂ ਵਿਰੁੱਧ ਜਨਤਕ ਜਥੇਬੰਦੀਆਂ ਵੱਲੋਂ ਅਜਨਾਲੇ ਦੇ ਮੇਨ ਬਾਜ਼ਾਰਾਂ 'ਚ ਪ੍ਰਦਰਸ਼ਨ ਕਰਦਿਆਂ ਨਾਅਰੇ ਲੱਗਦੇ ਰਹੇ। ਪੀ. ਐੱਨ. ਬੀ. ਦਾ ਮੈਨੇਜਰ ਮੁਰਦਾਬਾਦ, ਗਾਹਕਾਂ ਨੂੰ ਖਰਾਬ ਕਰਨ ਅਤੇ ਹੇਰਾਫੇਰੀ ਕਰਨ ਵਾਲਾ ਬੈਂਕ ਪ੍ਰਸ਼ਾਸਨ ਮੁਰਦਾਬਾਦ ਦੇ ਨਾਅਰੇ ਮਾਰਦਿਆਂ ਬਾਜ਼ਾਰ ਵਿੱਚ ਦੁਕਾਨਦਾਰਾਂ ਤੇ ਇਲਾਕਾ ਨਿਵਾਸੀਆਂ ਨੂੰ ਸੁਚੇਤ ਕੀਤਾ ਕਿ ਉਹ ਇਸ ਬੈਂਕ ਵਿਚ ਲੈਣ-ਦੇਣ ਕਰਨ ਤੋਂ ਸੰਕੋਚ ਕਰਨ! ਪ੍ਰਦਰਸ਼ਨ ਉਪਰੰਤ ਪੰਜਾਬ ਨੈਸ਼ਨਲ ਬੈਂਕ ਤਲਵੰਡੀ ਦੇ ਸਾਹਮਣੇ ਵਿਸ਼ਾਲ ਧਰਨਾ ਦਿੱਤਾ ਅਤੇ ਜ਼ੋਰਦਾਰ ਮੁਜ਼ਾਹਰਾ ਕੀਤਾ ਜਿਸ ਵਿੱਚ ਜਨਤਕ ਜਥੇਬੰਦੀਆਂ ਦੇ ਸੈਂਕੜੇ ਆਗੂ, ਕਾਰਕੁੰਨ ਜਥੇਬੰਦੀਆਂ ਦੇ ਝੰਡੇ ਲੈ ਕੇ ਨਾਅਰੇ ਮਾਰਦੇ ਸ਼ਾਮਿਲ ਹੋਏ। ਧਰਨੇ ਨੂੰ ਸੰਬੋਧਨ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਤੇ ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਦੱਸਿਆ ਕਿ ਪੀ. ਐੱਨ. ਬੀ. ਤਲਵੰਡੀ ਬੈਂਕ ਭਾਰੀ ਵਿਆਜ ਦਰਾਂ ਵਸੂਲਦਾ ਹੈ ਅਤੇ ਕਰਜ਼ਾ ਧਾਰਕਾਂ 'ਤੇ ਅਦਾਲਤੀ ਕੇਸ ਵੀ ਬਣਾਉਂਦਾ ਹੈ ਜਿਹੜਾ ਕਿ ਅੱਤ ਨਿੰਦਣਯੋਗ ਹੈ। ਬੈਂਕ ਮੈਨੇਜਰ ਅਤੇ ਇਸ ਬੈਂਕ ਦੇ ਹੋਰ ਸਟਾਫ ਵੱਲੋਂ ਗਾਹਕਾਂ ਨਾਲ ਵੱਡੇ ਪੱਧਰ 'ਤੇ ਧੋਖਾਧੜੀ ਕੀਤੀ ਜਾ ਰਹੀ ਹੈ। ਭੋਲੇ-ਭਾਲੇ ਲੋਕ ਜਦੋਂ ਆਪਣੇ ਪੈਸੇ ਬੈਂਕ 'ਚੋਂ ਕਢਵਾਉਣ ਆਉਂਦੇ ਹਨ ਤਾਂ ਉਨ੍ਹਾਂ ਨਾਲ ਠੱਗੀ ਹੁੰਦੀ ਹੈ। ਡਾ. ਅਜਨਾਲਾ ਕਿ ਜਿਹੜੀ ਯਕਮੁਸ਼ਤ ਕਰਜ਼ਾ ਨਬੇੜਾ ਸਕੀਮ ਆਈ ਹੈ ਉਸ ਵਿੱਚ ਕਰਜ਼ਾ ਧਾਰਕਾਂ ਨਾਲ ਵੱਡੀ ਬੇਇਨਸਾਫ਼ੀ ਕੀਤੀ ਜਾ ਰਹੀ ਹੈ। ਇਕ ਕੇਸ ਮੁਤਾਬਕ ਜਥੇਦਾਰ ਤਸਬੀਰ ਸਿੰਘ ਹਾਸ਼ਮਪੁਰਾ ਤੇ ਉਸ ਦੇ ਪਰਿਵਾਰ ਦਾ ਯੱਕਮੁਸ਼ਤ ਨਬੇੜਾ ਕਰਦਿਆਂ 2 ਲੱਖ ਰੁਪਏ ਦੀ ਹੇਰਾਫੇਰੀ ਕੀਤੀ ਹੈ।

ਧਰਨਾਕਾਰੀਆਂ ਨੇ ਬੈਂਕ ਅਧਿਕਾਰੀ ਨੂੰ ਜ਼ੋਰ ਦੇ ਕੇ ਕਿਹਾ ਕਿ ਇਸ ਦਾ ਤੁਰੰਤ ਇਨਸਾਫ ਕੀਤਾ ਜਾਵੇ ਨਹੀਂ ਤਾਂ ਸਾਡਾ ਦਿਨ-ਰਾਤ ਦਾ ਧਰਨਾ ਜਾਰੀ ਰਹੇਗਾ! ਸਥਿਤੀ ਨੂੰ ਦੇਖਦਿਆਂ ਜ਼ਿਲ੍ਹਾ ਬੈਂਕ ਅਧਿਕਾਰੀ ਨੇ ਧਰਨੇ ਵਿੱਚ ਐਲਾਨ ਕੀਤਾ ਕਿ 15 ਮਈ ਤੱਕ ਇਸ ਕੇਸ ਦਾ ਹਾਂ-ਪੱਖੀ ਨਬੇੜਾ ਕਰ ਦਿੱਤਾ ਜਾਵੇਗਾ। ਇਸ ਮੌਕੇ ਐੱਸਐੱਚਓ ਅਜਨਾਲਾ ਮੁਖਤਿਆਰ ਸਿੰਘ ਤੇ ਹੋਰ ਵੀ ਥਾਣੇਦਾਰ ਮਜੂਦ ਸਨ। ਉਨ੍ਹਾਂ ਨੇ ਵੀ ਜ਼ੋਰ ਦਿੱਤਾ ਕਿ ਜੇਕਰ ਇਨ੍ਹਾਂ ਨੂੰ ਇਨਸਾਫ ਨਾ ਦਿੱਤਾ ਤਾਂ ਇਹ ਧਰਨਾ ਲਾਉਣ ਲਈ ਮਜਬੂਰ ਹੋਣਗੇ! ਇਸ ਮੌਕੇ ਹੋਰਨਾਂ ਤੋਂ ਇਲਾਵਾ ਜਮਹੂਰੀ ਕਿਸਾਨ ਸਭਾ ਦੇ ਪ੍ਰਮੁੱਖ ਆਗੂਆਂ ਪ੍ਰ: ਮਾਲਕ ਸਿੰਘ ਗੁਰਾਲਾ, ਦੇਸਾ ਸਿੰਘ ਭਿੰਡੀ ਔਲਖ, ਬਲਕਾਰ ਸਿੰਘ ਗੁੱਲਗੜ੍ਹ, ਸਤਨਾਮ ਸਿੰਘ ਚੱਕ ਔਲ ਤੇ ਕਰਨੈਲ ਸਿੰਘ ਭਿੰਡੀ ਸੈਦਾਂ ਨੇ ਵੀ ਬੋਲਦਿਆਂ ਕਿਹਾ ਕਿ ਸਾਰੇ ਬੈਂਕਾਂ ਵਾਲੇ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਬਹੁਤ ਖਰਾਬ ਕਰਦੇ ਹਨ ! ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਦੇ ਪ੍ਰਧਾਨ ਜੱਗਾ ਸਿੰਘ ਡੱਲਾ, ਸਤਵਿੰਦਰ ਸਿੰਘ ਓਠੀਆਂ ਤੇ ਗਾਇਕ ਗੁਰਪਾਲ ਗਿੱਲ ਸੈਦਪੁਰ ਨੇ ਵੀ ਧਰਨੇ ਨੂੰ ਸੰਬੋਧਨ ਕੀਤਾ। ਔਰਤ ਮੁਕਤੀ ਮੋਰਚਾ ਦੀ ਪ੍ਰਧਾਨ ਬੀਬੀ ਅਜੀਤ ਕੌਰ ਕੋਟ ਰਜ਼ਾਦਾ ਨੇ ਕਿਹਾ ਕਿ ਬੈਂਕ ਵਾਲੇ ਔਰਤਾਂ ਨਾਲ ਮਾੜਾ ਵਿਹਾਰ ਕਰਦੇ ਹਨ।

ਇਸ ਮੌਕੇ ਧਰਨੇ 'ਚ ਭਾਊ ਚਰਨ ਸਿੰਘ, ਜਸਪਾਲ ਸਿੰਘ ਚੱਕ ਡੋਗਰਾਂ, ਕਾਲਾ ਸਿੰਘ ਡੱਲਾ ਰਾਜਪੂਤਾਂ, ਜੰਗ ਬਹਾਦਰ ਸਿੰਘ ਮੱਟੀਆਂ, ਬਲਕਾਰ ਸਿੰਘ ਜੋਸ਼, ਪਲਵਿੰਦਰ ਸਿੰਘ ਰਿਆੜ, ਬਲਵਿੰਦਰ ਸਿੰਘ ਡਿਆਲ ਭੱਟੀ, ਪ੍ਰੀਤਮ ਸਿੰਘ ਟਨਾਣਾ, ਗੁਰਭੇਜ ਸਿੰਘ ਮਾਕੋਵਾਲ, ਕੁਲਵੰਤ ਸਿੰਘ ਭਿੰਡੀ ਸੈਦਾਂ, ਅਮਰਜੀਤ ਸਿੰਘ ਭਿੰਡੀ ਸੈਦਾਂ, ਹਰਨੇਕ ਸਿੰਘ ਨੇਪਾਲ, ਥਾਣੇਦਾਰ ਲਖਬੀਰ ਸਿੰਘ ਤੇੜਾਂ ਅਤੇ ਗੁਰਪ੍ਰੀਤ ਸਿੰਘ ਗੁੱਲਗੜ੍ਹ ਸ਼ਾਮਲ ਸਨ।

# ਪ੍ਰਬੰਧਕੀ ਸਕੱਤਰ ਕਮਲ ਕਿਸ਼ੋਰ ਯਾਦਵ ਵੱਲੋਂ ਜ਼ਿਲ੍ਹਾ ਅਧਿਕਾਰੀਆਂ ਨਾਲ ਜਾਇਜ਼ਾ ਬੈਠਕ

*** ਕਿਹਾ: ਜੰਗ ਬਾਰੇ ਅਫ਼ਵਾਹਾਂ, ਗਲਤ ਖ਼ਬਰਾਂ ਅਤੇ ਸਮਾਜ ਤੇ ਦੇਸ਼ ਵਿਰੋਧੀ ਅਨਸਰਾਂ 'ਤੇ ਪੈਨੀ ਨਜ਼ਰ ਰੱਖੀ ਜਾਵੇ**



ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ/ਨਰਿੰਦਰਜੀਤ ਸਿੰਘ)-ਪੰਜਾਬ ਸਰਕਾਰ ਵੱਲੋਂ ਭਾਰਤ-ਪਾਕਿ ਤਣਾਅ ਦੇ ਮੱਦੇਨਜ਼ਰ ਜ਼ਿਲ੍ਹਿਆਂ ਵਿੱਚ ਨਜ਼ਰ ਰੱਖਣ ਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਤਾਲਮੇਲ ਕਰਨ ਲਈ ਤਾਇਨਾਤ ਕੀਤੇ ਗਏ ਸੀਨੀਅਰ ਆਈਏਐੱਸ ਅਧਿਕਾਰੀ ਤੇ ਪ੍ਰਬੰਧਕੀ ਸਕੱਤਰ ਕਮਲ ਕਿਸ਼ੋਰ ਯਾਦਵ ਨੇ ਜ਼ਿਲ੍ਹਾ ਅਧਿਕਾਰੀਆਂ ਨਾਲ ਬੈਠਕ ਕਰਕੇ ਜ਼ਿਲ੍ਹੇ ਵਿੱਚ ਜੰਗ ਵਰਗੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਤਿਆਰੀਆਂ ਦਾ ਮੁਲਾਂਕਣ ਕੀਤਾ।ਸ੍ਰੀ ਯਾਦਵ ਨੇ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਥਿਤੀ ਉਪਰ ਪੂਰੀ ਤਰ੍ਹਾਂ ਨਜ਼ਰ ਰੱਖ ਰਹੀ ਹੈ ਅਤੇ ਕਿਸੇ ਵੀ ਸੰਭਾਵੀ ਹਵਾਈ ਜਾਂ ਡਰੋਨ ਹਮਲੇ ਜਾਂ ਜੰਗ ਦੀ ਸੂਰਤ 'ਚ ਲੋਕਾਂ ਦੀ ਜਾਨ-ਮਾਲ ਦੀ ਰਾਖੀ ਕਰਨ ਲਈ ਹਰ ਤਰ੍ਹਾਂ ਤਿਆਰ ਹੈ।ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਹਵਾਈ ਜਾਂ ਡਰੋਨ ਹਮਲੇ ਤੇ ਜੰਗ ਸਮੇਤ ਸੋਸ਼ਲ ਮੀਡੀਆ 'ਤੇ ਜਾਂ ਕਿਸੇ ਹੋਰ ਤਰ੍ਹਾਂ ਨਾਲ ਫੈਲੀ ਅਫਵਾਹ ਤੇ ਗਲਤ ਖ਼ਬਰਾਂ 'ਤੇ ਕੋਈ ਯਕੀਨ ਨਾ ਕਰਨ ਸਗੋਂ ਸ਼ਾਂਤ ਰਹਿ ਕੇ ਪ੍ਰਸ਼ਾਸਨ ਨੂੰ ਸਹਿਯੋਗ ਕਰਦੇ ਹੋਏ ਆਪਣੀ ਤੇ ਦੂਜਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ।ਪ੍ਰਬੰਧਕੀ ਸਕੱਤਰ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਕਿਹਾ ਕਿ ਜ਼ਿਲ੍ਹੇ ਵਿੱਚ ਸਿਹਤ ਤੇ ਮੈਡੀਕਲ, ਖੁਰਾਕ ਤੇ ਸਿਵਲ ਸਪਲਾਈਜ਼, ਬਿਜਲੀ, ਜਲ ਸਪਲਾਈ, ਸੜਕਾਂ, ਆਵਾਜਾਈ, ਸਿੱਖਿਆ ਤੇ ਲੋੜੀਂਦੀਆਂ ਵਸਤਾਂ ਦੀ ਪੂਰਤੀ ਬਾਰੇ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਦੇ ਮੱਦੇਨਜ਼ਰ ਪੂਰੀ ਤਰ੍ਹਾਂ ਮੁਸਤੈਦ ਰਿਹਾ ਜਾਵੇ।ਇਸ ਤੋਂ ਬਿਨਾਂ ਸਿਵਲ, ਫ਼ੌਜ ਸਮੇਤ ਖੁਫ਼ੀਆ ਤੇ ਸਰਕਾਰੀ ਏਜੰਸੀਆਂ ਦਰਮਿਆਨ ਪੂਰਾ ਤਾਲਮੇਲ ਕਰਦੇ ਹੋਏ ਕਿਸੇ ਵੀ ਹੋਰ ਬਾਰੇ ਨਿਰੰਤਰ ਨਿਗਰਾਨੀ ਰੱਖੀ ਜਾਵੇ ਤਾਂ ਕਿ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਲ ਨਾ ਆਵੇ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਅੰਦਰ ਲੋਕਾਂ ਨੂੰ ਸਰਕਾਰ ਵੱਲੋਂ ਉਨ੍ਹਾਂ ਦੀ ਸੁਰੱਖਿਆ ਲਈ ਕੀਤੇ ਜਾਂਦੇ ਉਪਰਾਲਿਆਂ ਦੀ ਸਟੀਕ ਜਾਣਕਾਰੀ ਮੁਹੱਈਆ ਕਰਵਾਈ ਜਾਵੇ ਅਤੇ ਕਿਸੇ ਵੀ ਤਰ੍ਹਾਂ ਦੀਆਂ ਅਫਵਾਹਾਂ ਅਤੇ ਗਲਤ ਖ਼ਬਰਾਂ ਅਤੇ ਸਮਾਜ ਤੇ ਦੇਸ਼ ਵਿਰੋਧੀ ਤੱਤਾਂ ਉਪਰ ਵੀ ਪੈਨੀ ਨਜ਼ਰ ਰੱਖੀ ਜਾਵੇ ਤਾਂ ਕਿ ਲੋਕਾਂ ਵਿੱਚ ਜੰਗ ਜਾਂ ਕਿਸੇ ਹੋਰ ਸਥਿਤੀ ਬਾਰੇ ਕੋਈ ਅਫਵਾਹ ਜਾਂ ਭਰਮ ਭੁਲੇਖਾ ਨਾ ਪੈਦਾ ਹੋਵੇ।ਸ੍ਰੀ ਯਾਦਵ ਨੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਤੇ ਹੋਰ ਜ਼ਿਲ੍ਹਾ ਅਧਿਕਾਰੀਆਂ ਪਾਸੋਂ, ਸਿਵਲ ਡਿਫੈਂਸ, ਮੌਕ ਡਰਿੱਲ, ਉੱਚੀਆਂ ਇਮਾਰਤਾਂ, ਸੁਰੱਖਿਅਤ ਥਾਵਾਂ, ਹਵਾਈ ਹਮਲੇ ਸਮੇਂ ਕੀਤੇ ਬਲੈਕਆਊਟ ਤੇ ਵਜਾਏ ਜਾਣ ਵਾਲੇ ਸਾਇਰਨਾਂ 'ਤੇ ਲੋਕਾਂ ਨੂੰ ਸੂਚਿਤ ਕਰਨ ਲਈ ਕੀਤੇ ਪ੍ਰਬੰਧਾਂ ਸਮੇਤ ਹੋਰ ਕੀਤੇ ਜਾਣ ਵਾਲੇ ਬਚਾਅ ਕਾਰਜਾਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ।ਉਨ੍ਹਾਂ ਨੇ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ, ਜ਼ਿਲ੍ਹਾ ਪੁਲਸ ਮੁਖੀ ਮਨਿੰਦਰ ਸਿੰਘ ਤੋਂ ਫ਼ੌਜ ਦੀ ਸੁਰੱਖਿਅਤ ਆਵਾਜਾਈ, ਕੌਮੀ ਵਿਕਾਸ ਏਜੰਸੀਆਂ 'ਤੇ ਨਜ਼ਰ ਰੱਖਣ, ਧਰਮਸ਼ਾਲਾਵਾਂ, ਹੋਟਲਾਂ ਤੇ ਹੋਰ ਰੈਣ ਬਸੇਰਿਆਂ ਦੀ ਚੈਕਿੰਗ ਕਰਨ ਤੇ ਹੋਰ ਸੁਰੱਖਿਆ ਪ੍ਰਬੰਧਾਂ ਦੀ ਜਾਣਕਾਰੀ ਹਾਸਲ ਕੀਤੀ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਅੰਦਰ ਹੁਣ ਤੱਕ ਕੀਤੇ ਗਏ ਪ੍ਰਬੰਧਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਤੇ ਭਰੋਸਾ ਦਿੱਤਾ ਕਿ ਪ੍ਰਸ਼ਾਸਨ ਪੂਰੀ ਸੰਜੀਦਗੀ ਨਾਲ ਆਪਣੇ ਨਾਗਰਿਕਾਂ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਮੁਸਤੈਦ ਹੈ।ਇਸ ਮੌਕੇ ਨਗਰ ਨਿਗਮ ਦੇ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ, ਵਧੀਕ ਡਿਪਟੀ ਕਮਿਸ਼ਨਰ, ਸਮੂਹ ਐੱਸਡੀਐੱਮ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

## ਤਲਬੀਰ ਸਿੰਘ ਗਿੱਲ ਵੱਲੋਂ ਕੰਵਰਦੀਪ ਸਿੰਘ ਮਾਨ ਜਲਾਲ ਨਾਲ ਦੁੱਖ ਦਾ ਇਜ਼ਹਾਰ



ਤਰਸਿੱਕਾ, ਤਰਸੇਮ ਸਿੰਘ ਸਾਧਪੁਰ)-ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਜੰਡਿਆਲਾ ਗੁਰੂ ਤੋਂ ਸਾਬਕਾ ਚੇਅਰਮੈਨ ਕੰਵਰਦੀਪ ਸਿੰਘ ਮਾਨ ਜਲਾਲ ਦੇ ਭਰਾ ਅਮਰਦੀਪ ਸਿੰਘ ਮਾਨ ਜਲਾਲ ਜਿਨ੍ਹਾਂ ਦਾ ਬੀਤੇ ਦਿਨੀਂ ਦਿਹਾਂਤ ਹੋ ਗਿਆ ਸੀ, 'ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਲੀਡਰ ਤਲਬੀਰ ਸਿੰਘ ਗਿੱਲ ਅਤੇ ਉਨ੍ਹਾਂ ਦੇ ਸਾਥੀਆਂ ਨੇ ਕੰਵਰਦੀਪ ਸਿੰਘ ਮਾਨ ਨਾਲ ਦੁੱਖ ਸਾਂਝਾ ਕੀਤਾ।ਇਸ ਮੌਕੇ ਤਲਬੀਰ ਸਿੰਘ ਗਿੱਲ ਨੇ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਬੇਨਤੀ ਕੀਤੀ ਕਿ ਅਮਰਦੀਪ ਸਿੰਘ ਮਾਨ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਿਸ਼ ਕਰਨ। ਇਸ ਮੌਕੇ ਗਿੱਲ ਨਾਲ ਸਰਪੰਚ ਕੁਲਵਿੰਦਰ ਸਿੰਘ ਮਿੱਠਾ ਚੱਠਨਕੇ, ਗੁਰਮੀਤ ਸਿੰਘ ਮਾਨ, ਸਿਕੰਦਰ ਸਿੰਘ ਖਿੰਦੇਵਾਲੀ ਅਤੇ ਹੋਰ ਵੀ ਆਗੂ ਹਾਜ਼ਰ ਸਨ।

# ਲੋੜਵੰਦ ਮਰੀਜ਼ਾਂ ਦੀਆਂ ਅੱਖਾਂ ਦੇ ਆਪ੍ਰੇਸ਼ਨ ਕਰਵਾਏ



**ਲੋਹੀਆਂ ਖਾਸ (ਰੀਨਾ ਸ਼ਰਮਾ, ਯੋਗੇਸ਼ਵਰ) :** ਗੁਰੂ ਨਾਨਕ ਮੋਦੀਖਾਨਾ ਚੈਰੀਟੇਬਲ ਟਰੱਸਟ ਲੋਹੀਆਂ ਖਾਸ, ਨਦਰਿ ਕਰਮਿ ਸੇਵਾ ਦਲ ਲੋਹੀਆਂ ਖ਼ਾਸ, ਗੁ: ਸਿੱਖ ਸੈਂਟਰ ਆਫ਼ ਸਿਆਟਲ ਅਮਰੀਕਾ, ਸੇਚ ਸੈਂਟਰ ਸਿਆਟਲ ਅਮਰੀਕਾ ਵੱਲੋਂ 'ਮਿਸ਼ਨ ਅੱਖਾਂ ਦੀ ਜੋਤ' ਤਹਿਤ ਲਾਇਨਜ਼ ਕਲੱਬ ਦੇ ਸਹਿਯੋਗ ਨਾਲ ਲਗਾਏ ਗਏ ਕੈਂਪ ਤੋਂ ਇਲਾਵਾ ਹਰ ਮਹੀਨੇ ਕਰਵਾਏ ਜਾਂਦੇ ਚਿੱਟੇ ਮੋਤੀਏ ਦੇ ਅਪ੍ਰੇਸ਼ਨਾਂ ਲਈ ਆਏ ਲੋੜਵੰਦ ਪਰਿਵਾਰਾਂ ਦੀਆਂ ਅੱਖਾਂ ਦੇ ਅਪ੍ਰੇਸ਼ਨ ਕਰਵਾਏ ਗਏ। ਸੰਸਥਾ ਦੇ ਮੁੱਖ ਸੇਵਾਦਾਰ ਭਾਈ ਸਤਿੰਦਰ ਸਿੰਘ ਖਾਲਸਾ ਨੇ ਦੱਸਿਆ ਕਿ ਲੋੜਵੰਦ ਪਰਿਵਾਰਾਂ ਦੀਆਂ ਅੱਖਾਂ ਦੇ ਅਪ੍ਰੇਸ਼ਨ ਸੰਬੰਧੀ ਇਸ ਚੱਲ ਰਹੇ ਮਈ ਮਹੀਨੇ ਦੌਰਾਨ ਲਾਭ ਉਠਾਉਣ ਵਾਲਿਆਂ ਵਿੱਚ ਅਜੈਬ ਸਿੰਘ (ਮਾਣਕਪੁਰ), ਸੁਖਵਿੰਦਰ ਕੌਰ (ਭਾਗੋਰਾਈਆਂ), ਪਰਮਜੀਤ ਸਿੰਘ (ਬੁਲਪੁਰ), ਗੁਰਜੀਤ ਕੌਰ (ਲੁਧਿਆਣਾ), ਰਾਮ ਆਸਰਾ (ਫੁੱਲ ਘੁੱਦੂਵਾਲ) ਦੇ ਨਾਮ ਸ਼ਾਮਲ ਹਨ ਜਦਕਿ ਹਸਪਤਾਲ ਭੇਜੇ ਗਏ ਛੇ ਮਰੀਜ਼ਾਂ ਵਿੱਚੋਂ ਛੇਵੇਂ ਮਰੀਜ਼ ਮਨਜੀਤ ਕੌਰ (ਕੰਗ ਖੁਰਦ) ਦਾ ਮੋਤੀਆ ਕੱਚਾ ਹੋਣ ਕਾਰਨ ਅਜੇ ਅਪ੍ਰੇਸ਼ਨ ਨਹੀਂ ਕੀਤਾ ਜਾ ਸਕਿਆ, ਜੋ ਆਉਣ ਵਾਲੇ ਸਮੇਂ 'ਚ ਇਹ ਅਪ੍ਰੇਸ਼ਨ ਵੀ ਕਰਵਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਮਰੀਜ਼ਾਂ ਨੂੰ ਅਪ੍ਰੇਸ਼ਨ ਕਰਵਾਏ ਹਸਪਤਾਲ ਲਿਜਾਣ ਅਤੇ ਵਾਪਸ ਲਿਆਉਣ ਦੀ ਸੇਵਾ ਵੀ ਹਮੇਸ਼ਾਂ ਦੀ ਤਰ੍ਹਾਂ ਸੰਸਥਾ ਦੀ ਐਂਬੂਲੈਂਸ ਗੱਡੀ ਨਿਭਾਈ ਗਈ ਹੈ।ਉਧਰ ਇਨ੍ਹਾਂ ਸੰਸਥਾਵਾਂ ਦੇ ਵੱਡੇ ਆਰਥਿਕ ਸਹਿਯੋਗੀ ਅਮਰੀਕਾ ਤੋਂ ਸਮਾਜ ਸੇਵੀ ਰਸ਼ਪਾਲ ਸਿੰਘ ਬਿੰਦ ਅਤੇ ਜਰਮਨ ਤੋਂ ਸੁਖਦੇਵ ਸਿੰਘ ਭਾਈ ਜੋਸਨ ਨੇ ਕਿਹਾ ਕਿ ਅਸੀਂ ਕਿਸੇ ਵੀ ਲੋੜਵੰਦ ਮਰੀਜ਼ ਦੀ ਅੱਖਾਂ ਦੀ ਰੌਸ਼ਨੀ ਬਚਾਉਣ ਲਈ ਅਜੀ ਹਰ ਕੋਸ਼ਿਸ਼ ਕਰਾਂਗੇ।ਲੋਹੀਆਂ ਸ਼ਹਿਰ ਵਿੱਚ ਸਥਿਤ ਟਰੱਸਟ ਦੇ ਦਫ਼ਤਰ 'ਚ ਨਾਮ ਦਰਜ ਕਰਵਾ ਕੇ ਕੋਈ ਵੀ ਲੋੜਵੰਦ ਮਰੀਜ਼ 'ਗੁਰੂ ਕੀ ਗੋਲਕ' 'ਚੋਂ ਚੱਲ ਰਹੀਆਂ ਇਨ੍ਹਾਂ ਸੇਵਾਵਾਂ ਦਾ ਫਾਇਦਾ ਲੈ ਸਕਦਾ ਹੈ ਤੇ ਮਿਸ਼ਨ ਅੱਖਾਂ ਦੀ ਜੋਤ ਲਈ ਫੰਡਾਂ ਦੀ ਘਾਟ ਨਹੀਂ ਆਉਣ ਦਿੱਤੀ ਜਾਵੇਗੀ।

# ਸ਼ਹੀਦਾਂ ਸਿੰਘਾਂ ਦੀ ਯਾਦ 'ਚ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਵਿਖੇ ਸ਼ਹੀਦੀ ਦੀਵਾਨ ਸਜਾਏ

ਤਰਸਿੱਕਾ, ਤਰਸੇਮ ਸਿੰਘ ਸਾਧਪੁਰ)-ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪਵਿੱਤਰ ਪਾਵਨ ਅਸਥਾਨ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਮੱਤੇਵਾਲ ਦੇ ਮੁੱਖੀ ਸੰਤ ਬਾਬਾ ਸੱਜਣ ਸਿੰਘ ਦੀ ਅਗਵਾਈ ਹੇਠ ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਰਹਿਨੁਮਾਈ ਹੇਠ ਜੂਨ '84 ਦੇ ਤੀਸਰਾ ਘੱਲੂਘਾਰਾ ਦੌਰਾਨ ਸ਼ਹੀਦ ਹੋਏ ਸਿੰਘਾਂ-ਸਿੰਘਣੀਆਂ ਤੇ ਭੁਜੰਗੀਆਂ ਦੀ ਯਾਦ ਨੂੰ ਸਮਰਪਿਤ ਵੱਖ-ਵੱਖ ਨਗਰਾਂ ਵਿਚ ਕਥਾ-ਕੀਰਤਨ ਸਮਾਗਮ ਕੀਤੇ ਜਾ ਰਹੇ ਹਨ ਜਿਸ ਦੇ ਚਲਦਿਆਂ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਮੱਤੇਵਾਲ ਵਿਖੇ ਸ਼ਾਮ ਵੱਲੋਂ ਦਾ ਧਾਰਮਿਕ ਦੀਵਾਨ ਸਜਾਇਆ ਗਿਆ ਜਿਸ ਵਿਚ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਭਾਈ ਗੁਰਲਾਲ ਸਿੰਘ ਦੇ ਜਥੇ ਨੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕਰਵਾਇਆ।ਉਪਰੰਤ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਨੇ ਵੱਡੀ ਗਿਣਤੀ ਵਿਚ ਜੁੜ ਬੈਠੀਆ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਅਵਤਾਰ ਦਿਹਾੜੇ ਬਾਰੇ ਚਾਨਣਾ ਪਾਇਆ ਗਿਆ।ਉਪਰੰਤ ਸੂਰਜ ਪ੍ਰਕਾਸ਼ ਗਰੰਥ ਸਾਹਿਬ ਵਿੱਚੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦਾ ਇਤਿਹਾਸ ਸਰਵਣ ਕਰਾਇਆ ਗਿਆ।ਉਨ੍ਹਾਂ ਆਖਿਆ ਕਿ ਸੰਗਤ ਨੂੰ ਸ਼ਬਦ ਗੁਰੂ ਨਾਲ ਜੋੜਨਾ ਕੀਤਾ।ਦੀਵਾਨ ਦੀ ਸਮਾਪਤੀ ਮੌਕੇ ਪ੍ਰਬੰਧਕਾਂ ਦੇ ਵੱਲੋਂ ਵਿਸ਼ੇਸ਼ ਰੂਪ ਵਿਚ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦਾ ਸਨਮਾਨ ਕੀਤਾ ਗਿਆ।ਇਸ ਸਮੇਂ ਗਿਆਨੀ ਖਾਲਸਾ ਨੇ ਸੰਗਤ ਨੂੰ ਖਾਸ ਕਰਕੇ ਨੌਜਵਾਨਾਂ ਨੂੰ ਦਾੜ੍ਹੀ ਕੇਸ ਰੱਖਣ, ਅੰਮ੍ਰਿਤ ਛਕਣ ਤੇ ਸਿੰਘ ਸੱਜਣ ਲਈ ਪ੍ਰੇਰਿਤ ਕੀਤਾ।ਜ਼ਿਕਰਯੋਗ ਹੈ ਕਿ ਹਰ ਸਾਲ ਦੀ ਤਰ੍ਹਾਂ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਯੋਗ ਅਗਵਾਈ ਵਿਚ ਜੂਨ 1984 ਦਾ ਤੀਸਰੇ ਘੱਲੂਘਾਰੇ ਦੇ ਸ਼ਹੀਦਾਂ ਦੀ ਮਿੱਠੀ ਯਾਦ ਨੂੰ ਸਮਰਪਿਤ 41ਵਾਂ ਮਹਾਨ ਸ਼ਹੀਦੀ ਸਮਾਗਮ ਦਮਦਮੀ ਟਕਸਾਲ ਦੇ ਹੈੱਡਕੁਆਰਟਰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਅੰਤਰਰਾਸ਼ਟਰੀ ਪੱਧਰ ਤੇ ਮਨਾਇਆ ਜਾ ਰਿਹਾ ਹੈ ਜਿਸ ਤਹਿਤ 1 ਮਈ ਤੋਂ 31 ਮਈ ਤਕ ਰੋਜ਼ਾਨਾ ਵੱਖ-ਵੱਖ ਨਗਰਾਂ ਵਿਚ ਸ਼ਹੀਦੀ



ਦੀਵਾਨ ਸਜਾਏ ਜਾ ਰਹੇ ਹਨ।ਇਸ ਸਮੇਂ ਮੰਚ ਸੰਚਾਲਨ ਦੀ ਸੇਵਾ ਪ੍ਰਿੰਸੀਪਲ ਗੁਰਦੀਪ ਸਿੰਘ ਰੰਧਾਵਾ ਵੱਲੋਂ ਨਿਭਾਈ ਗਈ।ਇਸ ਦੌਰਾਨ ਬਹੁਤ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀਆਂ ਭਰੀਆਂ। ਇਸ ਮੌਕੇ ਭਾਈ ਹਰਸ਼ਦੀਪ ਸਿੰਘ ਰੰਧਾਵਾ, ਡਾ. ਅਵਤਾਰ ਸਿੰਘ ਬੁੱਟਰ (ਦੋਵੇਂ ਮੈਂਬਰ ਚੀਫ ਖਾਲਸਾ ਦੀਵਾਨ), ਜਥੇਦਾਰ ਬਾਬਾ ਬੋਹੜ ਸਿੰਘ, ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਜਥੇਦਾਰ ਗਿਆਨੀ ਸੁਖਦੇਵ ਸਿੰਘ, ਸੰਤ ਬਾਬਾ ਗੁਰਭੇਜ ਸਿੰਘ ਖੁਜਾਲਾ ਮੁੱਖ ਬੁਲਾਰਾ, ਸੰਤ ਬਾਬਾ ਕਵਲਜੀਤ ਸਿੰਘ ਨਾਗੀਆਨਾ ਸਾਹਿਬ, ਸੰਤ ਬਾਬਾ ਮਲਕੀਅਤ ਸਿੰਘ ਜੱਬੋਵਾਲ, ਸੰਤ ਬਾਬਾ ਸਵਿੰਦਰ ਸਿੰਘ ਟਾਹਲੀ ਸਾਹਿਬ, ਸੰਤ ਬਾਬਾ ਗੁਰਦੀਪ ਸਿੰਘ ਖੁਜਾਲਾ, ਸੰਤ ਬਾਬਾ ਗੁਰਦੇਵ ਸਿੰਘ ਤਰਸਿੱਕਾ, ਸਰਪੰਚ ਕਸ਼ਮੀਰ ਸਿੰਘ ਕਾਲ੍ਹਾ, ਸਰਪੰਚ ਹਰਜਿੰਦਰ ਸਿੰਘ ਜੱਜ ਗੁਰਦੇਵ ਸਿੰਘ ਯੂਐੱਸਏ, ਰਣਜੀਤ ਸਿੰਘ ਬਾਠ ਬਾਬੋਵਾਲ, ਬਾਬਾ ਰਾਜਾ, ਇਕਬਾਲ ਸਿੰਘ ਸ਼ਾਹ, ਅਮਰਜੀਤ ਸਿੰਘ ਤਾਹਰਪੁਰ, ਮਨਜੀਤ ਸਿੰਘ ਮੰਡ, ਅਵਤਾਰ ਸਿੰਘ ਤਾਹਰਪੁਰ, ਸਰਬਜੀਤ ਸਿੰਘ ਸਾਬਕਾ ਸਰਪੰਚ, ਮੁਖਤਾਰ ਸਿੰਘ ਤਾਹਰਪੁਰ ਹੈੱਡ ਗਰੰਥੀ ਗੁਰਦੀਪ ਸਿੰਘ, ਭਾਈ ਜੋਬਨਜੀਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਸਿਪਰੀਆਂ 'ਚ ਨਵੇਂ ਖੁੱਲ੍ਹੇ ਸ਼ਰਾਬ ਦੇ ਠੇਕੇ ਖ਼ਿਲਾਫ਼ ਪਿੰਡ ਵਾਸੀਆਂ ਵੱਲੋਂ ਰੋਸ ਪ੍ਰਦਰਸ਼ਨ

ਤਲਵਾੜਾ, ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਥਾਣਾ ਹਾਜੀਪੁਰ ਅਧੀਨ ਆਉਂਦੇ ਪਿੰਡ ਸਿਪਰੀਆਂ 'ਚ ਵੱਡੀ ਗਿਣਤੀ 'ਚ ਲੋਕਾਂ ਨੇ ਖੁੱਲ੍ਹ ਰਹੇ ਨਵੇਂ ਸ਼ਰਾਬ ਦੇ ਠੇਕੇ ਦਾ ਵਿਰੋਧ ਕੀਤਾ।ਸਰਪੰਚ ਰਜਨੀਸ਼ ਕੁਮਾਰ ਦੀ ਅਗਵਾਈ ਹੇਠ ਪਿੰਡ ਵਾਸੀਆਂ ਨੇ ਸ਼ਰਾਬ ਦੇ ਠੇਕੇ ਦੇ ਬਾਹਰ ਇਹ ਰੋਸ ਪ੍ਰਦਰਸ਼ਨ ਕੀਤਾ।ਲੰਬੜਦਾਰ ਓਮ ਦੱਤ, ਰਣ ਸਿੰਘ, ਰਾਣੀ ਦੇਵੀ, ਜੋਗਿੰਦਰ ਸਿੰਘ, ਕੈਲਾਸ਼ ਕੁਮਾਰ, ਅਵਤਾਰ ਸਿੰਘ, ਸਤਪਾਲ, ਓਮ ਪ੍ਰਕਾਸ਼, ਪਵਨ ਕੁਮਾਰ, ਸੁਭਾਸ਼ ਚੰਦ, ਸ਼ੁਭਮ ਕੁਮਾਰ ਆਦਿ ਨੇ ਪਿੰਡ 'ਚ ਖੁੱਲ੍ਹ ਜਾ ਰਹੇ ਨਵੇਂ ਸ਼ਰਾਬ ਦੇ ਠੇਕੇ ਦਾ ਸਖ਼ਤ ਸ਼ਬਦਾਂ 'ਚ ਵਿਰੋਧ ਕੀਤਾ।ਪਿੰਡ ਵਾਸੀਆਂ ਨੇ ਭਗਵੰਤ ਮਾਨ ਸਰਕਾਰ 'ਤੇ ਨਿਸ਼ਾਨਾ ਸਾਧਿਆ।ਲੋਕਾਂ ਨੇ ਕਿਹਾ ਕਿ ਜਿੱਥੇ 'ਆਪ' ਸਰਕਾਰ ਨੇ ਪੰਜਾਬ ਵਿੱਚੋਂ ਨਸ਼ਿਆਂ ਨੂੰ ਖ਼ਤਮ ਕਰਨ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸ਼ੁਰੂ ਕੀਤੀ ਹੋਈ ਹੈ ਉਥੇ ਹੀ ਸ਼ਰਾਬ ਕਾਰੋਬਾਰੀ ਪਿੰਡਾਂ ਮੁਹੱਲਿਆਂ 'ਚ ਠੇਕੇ ਖੋਲ੍ਹ ਕੇ ਸਰਕਾਰ ਦੀ ਮੁਹਿੰਮ ਨੂੰ ਟਿੱਚ ਜਾਣ ਰਹੇ ਹਨ।ਨੇੜਲੇ ਪਿੰਡਾਂ 'ਚ ਨਸ਼ੇੜੀਆਂ ਦੀ ਵਧਦੀ ਗਿਣਤੀ ਤੋਂ ਮਾਪੇ ਤਾਂ ਪਹਿਲਾਂ ਹੀ ਪ੍ਰੇਸ਼ਾਨ ਹਨ।ਉਕਤ ਸ਼ਰਾਬ ਦਾ ਠੇਕਾ ਇੱਕ ਨਿੱਜੀ ਸਕੂਲ ਅਤੇ ਪਿੰਡ ਦੇ ਪ੍ਰਸਿੱਧ ਧਾਰਮਿਕ ਸਥਾਨ ਦੇ ਐਨ ਨੇੜੇ ਖੋਲ੍ਹਿਆ ਜਾ ਰਿਹਾ ਹੈ।ਨਿੱਜੀ ਸਕੂਲ ਦੀ ਪ੍ਰਬੰਧਕ ਕਮੇਟੀ ਨੇ ਵੀ ਠੇਕੇ ਖ਼ਿਲਾਫ ਆਪਣਾ ਇਤਰਾਜ਼ ਪ੍ਰਗਟ ਕੀਤਾ ਹੈ।ਸਰਪੰਚ ਰਜਨੀਸ਼ ਕੁਮਾਰ ਦੀ ਅਗਵਾਈ ਹੇਠ ਪਿੰਡ ਵਾਸੀਆਂ ਨੇ ਸਰਕਾਰ ਖ਼ਿਲਾਫ ਨਾਅਰੇਬਾਜ਼ੀ



ਕੀਤੀ।ਉਹ ਸ਼ਰਾਬ ਦੇ ਠੇਕੇ ਨੂੰ ਤੁਰੰਤ ਬੰਦ ਕਰਨ ਦੀ ਮੰਗ ਕਰ ਰਹੇ ਸਨ।ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਡੀਐੱਸਪੀ ਮੁਕੇਰੀਆਂ ਕੁਲਵਿੰਦਰ ਸਿੰਘ ਵਿਰਕ, ਥਾਣਾ ਹਾਜੀਪੁਰ ਮੁਖੀ ਹਰਪ੍ਰੇਮ ਸਿੰਘ ਅਤੇ ਆਬਕਾਰੀ ਵਿਭਾਗ ਦੇ ਅਧਿਕਾਰੀ ਮੌਕੇ 'ਤੇ ਪਹੁੰਚੇ।ਅਧਿਕਾਰੀਆਂ ਨੇ ਪਿੰਡ ਵਾਸੀਆਂ ਨੂੰ ਸ਼ਾਮ ਤੱਕ ਅੱਡਾ ਸੀਪਰੀਆਂ ਵਿਖੇ ਚੱਲਦਾ ਠੇਕਾ ਬੰਦ ਕਰਵਾਉਣ ਦਾ ਭਰੋਸਾ ਦਿੱਤਾ।ਉਪਰੰਤ ਪਿੰਡ ਵਾਸੀਆਂ ਨੇ ਆਪਣਾ ਰੋਸ ਪ੍ਰਦਰਸ਼ਨ ਸਮਾਪਤ ਕੀਤਾ। ਇਸ ਮੌਕੇ ਪਿੰਡ ਵਾਸੀਆਂ ਨੇ ਠੇਕਾ ਬੰਦ ਨਾ ਹੋਣ ਦੀ ਸੂਰਤ 'ਚ ਹਾਜੀਪੁਰ-ਦਸੂਹਾ ਸੜਕ ਜਾਮ ਕਰਨ ਦੀ ਚੇਤਾਵਨੀ ਦਿੱਤੀ ਹੈ।

# ਮਮੂਨ ਵਿਖੇ ਮਿਲਿਆ ਪਾਕਿਸਤਾਨੀ ਗੁਬਾਰਾ




ਪਠਾਨਕੋਟ (ਦਵਿੰਦਰ ਸਿੰਘ)-ਪਠਾਨਕੋਟ ਦੇ ਮਮੂਨ ਖੇਤਰ ਵਿੱਚ ਮਾਹੌਲ ਉਸ ਸਮੇਂ ਤਣਾਅਪੂਰਨ ਹੋ ਗਿਆ ਜਦੋਂ ਲੋਕਾਂ ਨੇ ਇੱਕ ਪਾਕਿਸਤਾਨੀ ਗੁਬਾਰਾ ਮਮੂਨ ਦੀ ਗਰਾਊਂਡ ਵਿੱਚ ਵੇਖਿਆ।ਸਥਾਨਕ ਲੋਕਾਂ ਨੇ ਇਸਦੀ ਖਬਰ ਪੁਲਸ ਨੂੰ ਦਿੱਤੀ। ਮੌਕੇ 'ਤੇ ਪਹੁੰਚੀ ਪੁਲਸ ਨੇ ਇਲਾਕੇ ਨੂੰ ਕਵਰ ਕਰਕੇ ਜਾਂਚ ਕੀਤੀ ਪਰ ਗੁਬਾਰੇ ਦੇ ਨਾਲ ਕੋਈ ਵੀ ਇਤਰਾਜ਼ਯੋਗ ਵਸਤੂ ਨਹੀਂ ਮਿਲੀ।ਫਿਲਹਾਲ ਪੁਲਸ ਨੇ ਗੁਬਾਰੇ ਨੂੰ ਕਬਜ਼ੇ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡੀਐੱਸਪੀ ਸੁਮੀਰ ਸਿੰਘ ਮਾਨ ਨੇ ਦੱਸਿਆ ਕਿ ਜਿਹੜਾ ਗੁਬਾਰਾ ਮਿਲਿਆ ਹੈ ਉਸ ਨਾਲ ਕੋਈ ਵੀ ਇਤਰਾਜ਼ਯੋਗ ਵਸਤੂ ਨਹੀਂ ਮਿਲੀ।ਫਿਲਹਾਲ ਇਸ ਗੁਬਾਰੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਚੇਅਰਮੈਨ ਰਮਨ ਬਹਿਲ ਨੂੰ ਸਦਮਾ, ਚਾਚੇ ਦਾ ਦਿਹਾਂਤ



**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੂੰ ਉਸ ਵੇਲੇ ਗਹਿਰਾ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਪੂਜਨੀਕ ਚਾਚਾ ਕੇਸ਼ਵ ਬਹਿਲ ਦਾ ਦਿਹਾਂਤ ਹੋ ਗਿਆ।ਉਹ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ।ਕੇਸ਼ਵ ਬਹਿਲ ਦੇ ਅਕਾਲ ਚਲਾਣੇ ਨਾਲ ਗੁਰਦਾਸਪੁਰ ਨੂੰ ਇੱਕ ਵੱਡਾ ਘਾਟਾ ਪਿਆ ਹੈ ਅਤੇ ਗੁਰਦਾਸਪੁਰ ਨੇ ਇੱਕ ਵੱਡਾ ਲੋਕ ਆਗੂ ਤੇ ਸਮਾਜ ਸੇਵੀ ਖੋਹ ਲਿਆ ਹੈ।ਸਵਰਗੀ ਕੇਸ਼ਵ ਬਹਿਲ ਸਵ. ਖ਼ੁਸ਼ਹਾਲ ਬਹਿਲ ਦੇ ਛੋਟੇ ਭਰਾ ਸਨ ਅਤੇ ਉਹ 25 ਸਾਲ ਪਿੰਡ ਹਯਾਤ ਨਗਰ ਦੇ ਸਰਪੰਚ ਰਹੇ।ਉਨ੍ਹਾਂ ਦੋ ਵਾਰ ਬਲਾਕ ਸੰਮਤੀ ਗੁਰਦਾਸਪੁਰ ਦੇ ਚੇਅਰਮੈਨ, ਲੈਂਡ ਮਾਰਗੇਜ ਤੇ ਕੋਆਪਰੇਟਿਵ ਬੈਂਕ ਦੇ ਡਾਇਰੈਕਟਰ ਵਜੋਂ ਵੀ ਸੇਵਾਵਾਂ ਨਿਭਾਈਆਂ।ਉਹ ਜੀਵਨ ਭਰ ਸਮਾਜ ਸੇਵਾ ਨਾਲ ਜੁੜੇ ਰਹੇ ਅਤੇ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ ਨਾਲ ਜੁੜ ਕੇ ਸਮਾਜ ਦੇ ਕਮਜ਼ੋਰ ਤੇ ਗ਼ਰੀਬਾਂ ਵਰਗਾਂ ਦੇ ਜੀਵਨ ਪੱਧਰ ਨੂੰ ਉਚਾ ਚੁੱਕਣ ਲਈ ਆਪਣੀਆਂ ਸੇਵਾਵਾਂ ਦਿੰਦੇ ਰਹੇ।ਸ਼੍ਰੀ ਕੇਸ਼ਵ ਬਹਿਲ ਦੀ ਸਮਾਜ ਸੇਵਾ ਨੂੰ ਮੁੱਖ ਰੱਖਦੇ ਹੋਏ ਪੰਜਾਬ ਦੇ ਰਾਜਪਾਲ ਸਿਧਾਰਥ ਸ਼ੰਕਰ ਰੇਅ ਵੱਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ ਸੀ।ਕੇਸ਼ਵ ਬਹਿਲ ਦੇ ਅਕਾਲ ਚਲਾਣੇ ਨਾਲ ਪੂਰੇ ਗੁਰਦਾਸਪੁਰ ਸ਼ਹਿਰ ਵਿੱਚ ਸ਼ੋਕ ਦੀ ਲਹਿਰ ਹੈ।

# 17 ਨੂੰ ਮੁੱਖ ਮੰਤਰੀ ਮਾਨ ਸਬ-ਡਵੀਜ਼ਨਲ ਕੰਪਲੈਕਸ ਬਟਾਲਾ ਦਾ ਕਰਨਗੇ ਉਦਘਾਟਨ:ਸ਼ੈਰੀ ਕਲਸੀ

ਬਟਾਲਾ, ਮਈ (ਡਾ. ਮਲਵਿੰਦਰ ਸਿੰਘ)-ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ 17 ਮਈ ਨੂੰ ਸਬ-ਡਵੀਜ਼ਨਲ ਕੰਪਲੈਕਸ ਬਟਾਲਾ ਦਾ ਉਦਘਾਟਨ ਕੀਤਾ ਜਾਵੇਗਾ।ਇਹ ਜਾਣਕਾਰੀ ਬਟਾਲਾ ਦੇ ਵਿਧਾਇਕ ਅਤੇ ਕਾਰਜਕਾਰੀ ਪ੍ਰਧਾਨ ਪੰਜਾਬ, ਅਮਨਸ਼ੇਰ ਸਿੰਘ ਸ਼ੈਰੀ ਕਲਸੀ ਅਤੇ ਡਿਪਟੀ ਕਮਿਸ਼ਨਰ ਗੁਰਦਾਸਪੁਰ, ਦਲਵਿੰਦਰਜੀਤ ਸਿੰਘ ਵੱਲੋਂ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਦਿੱਤੀ ਗਈ।ਇਸ ਮੌਕੇ ਡਾ. ਹਰਜਿੰਦਰ ਸਿੰਘ ਬੇਦੀ, ਵਧੀਕ ਡਿਪਟੀ ਕਮਿਸ਼ਨਰ (ਜ), ਵਿਕਰਮਜੀਤ ਸਿੰਘ ਪਾਂਥੇ, ਐੱਸਡੀਐੱਮ-ਕਮ-ਕਮਿਸ਼ਨਰ ਕਾਰਪੋਰੇਸ਼ਨ, ਜਸਵੰਤ ਕੌਰ ਐੱਸਪੀ (ਐੱਚ) ਅਤੇ ਚੇਅਰਮੈਨ ਮਾਨਿਕ ਮਹਿਤਾ ਵੀ ਮੌਜੂਦ ਸਨ।ਪੁਲਸ ਲਾਈਨ ਬਟਾਲਾ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਅਤੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਪੀਡਬਲਯੂਡੀ ਸੀਵਰੇਜ ਬੋਰਡ, ਵਾਟਰ ਸਪਲਾਈ ਤੇ ਸੈਨੀਟੇਸ਼ਨ, ਕਾਰਪੋਰੇਸ਼ਨ, ਪਾਵਰਕਾਮ ਤੇ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਉਹ ਸਬ ਡਵੀਜ਼ਨਲ ਕੰਪਲੈਕਸ ਬਟਾਲਾ ਦੇ ਉਦਘਾਟਨ ਨੂੰ ਮੁੱਖ ਰੱਖਦਿਆਂ ਤਿਆਰੀਆਂ ਨੂੰ ਅੰਤਿਮ ਛੋਹਾਂ ਦੇ ਕੇ ਮੁਕੰਮਲ ਕਰ ਲੈਣ।ਉਨ੍ਹਾਂ ਅਧਿਕਾਰੀਆਂ ਨੂੰ ਕੰਪਲੈਕਸ ਦੀ ਸਾਫ-ਸਫਾਈ ਤੇ ਫਰਨੀਚਰ ਆਦਿ ਸਬੰਧੀ ਵਿਸ਼ੇਸ ਤਵੱਜੋ ਦੇ ਕੇ ਤਿਆਰੀਆਂ ਕਰਨ ਲਈ ਕਿਹਾ।ਇਸ ਤੋਂ ਪਹਿਲਾ ਉਨ੍ਹਾਂ ਵੱਲੋਂ ਸਬ ਡਵੀਜ਼ਨਲ ਕੰਪਲੈਕਸ ਬਟਾਲਾ ਦਾ ਦੌਰਾ ਕੀਤਾ ਗਿਆ ਅਤੇ ਹਰੇਕ ਰੂਮ ਨੂੰ ਵੇਖਣ ਉਪਰੰਤ ਸਬੰਧਤ ਅਧਿਕਾਰੀਆਂ ਨੂੰ ਇੱਕ-ਦੋ ਦਿਨਾਂ ਦੇ ਅੰਦਰ



ਜੋ ਕੰਮ ਰਿਹਾ ਗਿਆ ਹੈ, ਉਸ ਨੂੰ ਪੂਰਾ ਕਰਨ ਲਈ ਕਿਹਾ।ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਨਵੇਂ ਬਣੇ ਸਬ-ਡਵੀਜ਼ਨਲ ਕੰਪਲੈਕਸ ਬਟਾਲਾ ਬਣਨ ਨਾਲ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ ਅਤੇ ਇੱਕ ਛੱਤ ਹੇਠਾਂ ਵੱਖ-ਵੱਖ ਸੇਵਾਵਾਂ ਦਾ ਲਾਭ ਮਿਲੇਗਾ।ਉਨਾਂ ਦੱਸਿਆ ਕਿ ਲੋਕਾਂ ਦੀ ਸਹੂਲਤ ਲਈ ਤਹਿਸੀਲ ਕੰਪਲੈਕਸ ਦੀ ਅਪਰੋਚ ਰੋਡ ਨੂੰ ਵੀ ਚੌੜਾ ਕੀਤਾ ਗਿਆ ਹੈ ਅਤੇ ਵਿਕਾਸ ਕੰਮ ਮੁਕੰਮਲ ਕੀਤੇ ਗਏ ਹਨ।ਇਸ ਮੌਕੇ ਅਰਜਨ ਸਿੰਘ ਗਰੇਵਾਲ ਤਹਿਸਲੀਦਾਰ ਬਟਾਲਾ, ਜਸਪ੍ਰੀਤ ਸਿੰਘ ਐਕਸੀਅਨ ਪੀਡਬਲਯੂਡੀ, ਨਿਰਮਲ ਸਿੰਘ ਐੱਸਡੀਓ ਨੀਰਜ ਸ਼ਰਮਾ ਫਾਇਰ ਬ੍ਰਿਗੇਡ ਅਫਸਰ, ਇੰਜ. ਰੋਹਿਤ ਉੱਪਲ ਐੱਸਡੀਓ ਕਾਰਪੋਰੇਸ਼ਨ ਅਤੇ ਪਰਮਪਾਲ ਸਿੰਘ ਡੀਐੱਸਐੱਮ ਫਰਦ ਕੇਂਦਰ ਆਦਿ ਮੌਜੂਦ ਸਨ।


**RELIANCE ASSET RECONSTRUCTION**

**Reliance Assets Reconstruction Company Limited**

**Registered Office:** 11th Floor North Side, R-Tech Park, Nirlon Knowledge Park, Off. Western Express Highway, Goregaon (East), Mumbai - 400063.

**ਸਕਿਉਰਡ ਐਸੇਟਸ ਦੀ ਈ-ਨਿਲਾਮੀ ਵਿਕਰੀ ਵਾਸਤੇ ਜਨਤਕ ਨੋਟਿਸ**

ਰਿਲਾਇੰਸ ਐਸੇਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ (ਆਰ ਏ ਆਰ ਸੀ) "ਆਰ ਏ ਆਰ ਸੀ 052 (ਆਈ ਬੀ ਰਿਟੇਲ)" ਦੀ ਇੱਕ ਟਰੱਸਟੀ ਅਤੇ ਹੇਠਾਂ ਦਰਸਾਏ ਕਰਜ਼ਦਾਰ ਦੇ ਇੰਡੀਅਨ ਬੈਂਕ ਨਾਲ ਮਿਤੀ 28 ਸਤੰਬਰ 2018 ਨਾਲ ਹੋਏ ਹਿੱਸੇਦਾਰੀ ਦੇ ਇਕਰਾਰਨਾਮੇ ਅਨੁਸਾਰ ਜਾਇਦਾਦ ਦੀ ਹਿੱਸੇਦਾਰ ਅਤੇ ਸਕਿਉਰਡ ਕ੍ਰੈਡਿਟਰ ਹੈ।

ਨਿਮਨਹਸਤਾਖਰੀ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਅਤੇ ਸਕਿਉਰਟੀ ਇੰਟਰੈਸਟ ਇਨਫੋਰਸਮੈਂਟ ਰੂਲਜ਼, 2002 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਆਮ ਜਨਤਾ ਨੂੰ ਨੋਟਿਸ ਦਿੱਤਾ ਹੈ ਕਿ ਬਕਾਏ ਦੀ ਵਸੂਲੀ ਲਈ ਹੇਠਾਂ ਦਰਸਾਈ ਜਾਇਦਾਦ ਦੀ "ਆਨ ਲਾਈਨ ਈ-ਨਿਲਾਮੀ" ਰਾਹੀਂ ਵਿਕਰੀ ਕੀਤੀ ਜਾਵੇਗੀ। ਜਾਇਦਾਦਾਂ ਦੀ ਵਿਕਰੀ ਸਖਤੀ ਨਾਲ ਹੇਠਾਂ ਦਰਸਾਈਆਂ ਸ਼ਰਤਾਂ ਤੋਂ ਇਲਾਵਾ "ਜਿਵੇਂ ਹੈ ਜਿੱਥੇ ਹੈ" "ਜੋ ਹੈ ਜਿਵੇਂ ਹੈ" ਅਤੇ "ਬਿਨਾਂ ਸਹਾਰੇ" ਦੇ ਅਧਾਰ 'ਤੇ ਕੀਤੀ ਜਾਵੇਗੀ।

| ਕਰਜ਼ਦਾਰ/ਗਰੰਟਰ ਦਾ ਨਾਂਅ | 05.05.2025 ਨੂੰ ਬਕਾਇਆ ਰਕਮ | ਕਬਜ਼ਾ |
|---|---|---|
| 1. ਮੈਸ : ਪਲਕ ਟੈਲੀਕਾਮ (ਕਰਜ਼ਦਾਰ) ਮਕਾਨ ਨੰ. 184, ਵਾਰਡ ਨੰ. 7, ਨੇੜੇ ਸਰਕਾਰੀ ਪ੍ਰਾਇਮਰੀ ਸਕੂਲ ਭਦਰੋਇਆ ਰੋਡ, ਪਠਾਨਕੋਟ-145001<br>2. ਸ੍ਰੀ ਸੁਸ਼ੀਲ ਕੁਮਾਰ (ਮਾਲਕ ਅਤੇ ਰਹਿਣਕਾਰ) ਮਕਾਨ ਨੰ. 266-ਬੀ, ਅੰਬੇਡਕਰ ਨਗਰ, ਭਦਰੋਇਆ ਰੋਡ, ਪਠਾਨਕੋਟ, ਪੰਜਾਬ-145001<br>3. ਸ੍ਰੀਮਤੀ ਕੋਮਲ ਕੁਮਾਰ (ਗਰੰਟਰ) ਮਕਾਨ ਨੰ. 266-ਬੀ. ਅੰਬੇਡਕਰ ਨਗਰ, ਭਦਰੋਇਆ ਰੋਡ, ਪਠਾਨਕੋਟ, ਪੰਜਾਬ-145001 | ਰੁਪਏ 32,10,559.47/- (ਬੱਤੀ ਲੱਖ ਦਸ ਹਜ਼ਾਰ ਪੰਜ ਸੌ ਉਨਾਹਠ ਰੁਪਏ ਅਤੇ ਸੰਤਾਲੀ ਪੈਸੇ ਕੇਵਲ) | ਇਹ ਜਾਇਦਾਦ ਰਿਲਾਇੰਸ ਏ ਆਰ ਸੀ ਲਿਮਟਿਡ ਦੇ ਭੌਤਿਕ ਕਬਜ਼ੇ ਹੇਠ ਹੈ। |
| **ਅਚੱਲ ਜਾਇਦਾਦ ਦਾ ਵੇਰਵਾ** | **ਰਾਖਵੀਂ ਕੀਮਤ** | **ਈ ਐੱਮ ਡੀ ਰਕਮ** |
| ਸ੍ਰੀ ਸੁਸ਼ੀਲ ਕੁਮਾਰ ਦੀ ਮਲਕੀਅਤ ਵਪਾਰਕ ਜਾਇਦਾਦ ਰਕਬਾ 1.60 ਮਰਲਾ (ਅੰਦਾਜ਼ਨ 435 ਵਰਗ ਫੁੱਟ), ਰਾਮ ਸ਼ਰਨਮ ਕਾਲੋਨੀ, ਡਲਹੌਜ਼ੀ ਰੋਡ, ਪਿੰਡ ਭਦਰੋਇਆ, ਹਦਬਸਤ ਨੰ. 333, ਤਹਿਸੀਲ ਪਠਾਨਕੋਟ, ਖੇਵਟ ਨੰ. 55, ਖਤੌਨੀ ਨੰ. 130, ਖਸਰਾ ਨੰ. 9 ਆਰ/28/2/8 (3-3), 28/2/9 (38-12), 28/2/10 (8-5) ਨਾਲ ਸੰਬੰਧਤ ਸਭ ਕੁਝ | ਰੁਪਏ 20,00,000/- (ਵੀਹ ਲੱਖ ਰੁਪਏ ਕੇਵਲ) | ਰੁਪਏ 2,00,000/- (ਦੋ ਲੱਖ ਰੁਪਏ ਕੇਵਲ) |

**ਨਿਲਾਮੀ ਪ੍ਰੋਗਰਾਮ ਦਾ ਵੇਰਵਾ**

ਜਾਇਦਾਦ ਦਾ ਨਿਰੀਖਣ : 14.05.2025 , ਸਵੇਰੇ 11.00 ਵਜੇ ਤੋਂ ਦੁਪਹਿਰ 12.00 ਵਜੇ ਤੱਕ, ਬੋਲੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ : 28.05.2025

ਈ-ਨਿਲਾਮੀ ਦੀ ਮਿਤੀ : 29.05.2025 ਦੁਪਹਿਰ 12.00 ਵਜੇ ਤੋਂ 1.00 ਵਜੇ ਤੱਕ (ਹਰੇਕ 5 ਮਿੰਟ ਦੇ ਵਾਧੇ ਨਾਲ)

**ਈ-ਨਿਲਾਮੀ ਵਿਕਰੀ ਦੇ ਨਿਯਮ ਅਤੇ ਸ਼ਰਤਾਂ**

1. ਜਾਇਦਾਦ ਰਾਖਵੀਂ ਕੀਮਤ ਤੋਂ ਹੇਠਾਂ ਨਹੀਂ ਵੇਚੀ ਜਾਵੇਗੀ ਅਤੇ ਵਿਕਰੀ ਰਿਲਾਇੰਸ ਐਸੇਟਸ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ (ਆਰ ਏ ਆਰ ਸੀ) ਦੇ ਸਕਿਉਰਡ ਕ੍ਰੈਡਿਟਰ ਦੀ ਪੁਸ਼ਟੀ ਅਧੀਨ ਹੈ। ਜਾਇਦਾਦ ਦੀ ਵਿਕਰੀ "ਜਿਵੇਂ ਹੈ ਜਿੱਥੇ ਹੈ", "ਜੋ ਹੈ ਜਿਵੇਂ ਹੈ" ਬਿਨਾਂ ਸਹਾਰੇ ਦੇ ਅਧਾਰ 'ਤੇ ਹੋਵੇਗੀ।
2. ਈ-ਨਿਲਾਮੀ ਆਰ ਏ ਆਰ ਸੀ ਦੀ ਪ੍ਰਵਾਨਿਤ ਸਰਵਿਸ ਪ੍ਰੋਵਾਈਡਰ ਮੈਸ : ਅਰਕਾ ਈਮਾਰਟ ਪ੍ਰਾਈਵੇਟ ਲਿਮਟਿਡ ਦੀ ਵੈੱਬਸਾਈਟ https://www.Auctionbazaar.com (ਅਰਕਾ ਈਮਾਰਟ ਪ੍ਰਾਈਵੇਟ ਲਿਮਟਿਡ ਦਾ ਵੈੱਬ ਪੋਰਟਲ) ਰਾਹੀਂ ਕਰਵਾਈ ਜਾਵੇਗੀ। ਈ-ਨਿਲਾਮੀ ਦਸਤਾਵੇਜ਼, ਜਿਸ 'ਚ ਆਨਲਾਈਨ ਬੋਲੀ ਫਾਰਮ ਤੇ ਆਮ ਨਿਯਮ ਅਤੇ ਸ਼ਰਤਾਂ ਸ਼ਾਮਲ ਹਨ, ਵੈੱਬਸਾਈਟ www.rarcl.com and https://www.Auctionbazaar.com 'ਤੇ ਉਪਲੱਬਧ ਹਨ, ਚਾਹਵਾਨ ਬੋਲੀਕਾਰ ਢੁਕਵੇਂ ਦਸਤਾਵੇਜ਼ ਡਾਊਨਲੋਡ ਕਰ ਸਕਦੇ ਹਨ।
3. ਚਾਹਵਾਨ ਬੋਲੀਕਾਰ ਦੀ ਆਈ ਡੀ 'ਚ ਹਿੱਸਾ ਲੈਣ ਲਈ ਜਾਇਜ਼ ਈਮੇਲ ਹੋਣੀ ਚਾਹੀਦੀ ਹੈ ਅਤੇ ਈ-ਨਿਲਾਮੀ ਏਜੰਸੀ ਵੱਲੋਂ ਹਿੱਸੇਦਾਰੀ ਲਈ ਦਿੱਤੀ ਆਈ ਡੀ ਅਤੇ ਪਾਸਵਰਡ ਸਿਰਫ ਉਨ੍ਹਾਂ ਦੀ ਈ-ਮੇਲ ਆਈ ਡੀ 'ਤੇ ਭੇਜੀ ਜਾਵੇਗੀ।
4. ਸਾਰੇ ਬੋਲੀਕਾਰਾਂ ਨੂੰ ਸੈਕਸ਼ਨ 29 (ਏ) ਆਈ ਬੀ ਸੀ 2016 ਤਹਿਤ ਵਚਨ ਦੀ ਪਾਲਣਾ ਕਰਨੀ ਪਵੇਗੀ।
5. ਚਾਹਵਾਨ ਬੋਲੀਕਾਰਾਂ ਨੂੰ ਆਪਣੀ ਬੋਲੀ ਨਿਰਧਾਰਤ ਫਾਰਮ 'ਚ ਈ ਐੱਮ ਡੀ ਜਮ੍ਹਾਂ ਕਰਵਾਉਣ ਦੇ ਵੇਰਵੇ ਅਤੇ ਖੁਦ ਤਸਦੀਕਸ਼ੁਦਾ ਦਸਤਾਵੇਜ਼ (ਪੈਨ, ਆਧਾਰ ਕਾਰਡ ਆਦਿ), ਪੇਸ਼ ਕਰਨਾ ਹੋਵੇਗਾ ਅਤੇ ਇਹ ਸਭ ਕੁਝ ਰਿਲਾਇੰਸ ਐਸੇਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ (ਆਰ ਏ ਆਰ ਸੀ) ਦੇ ਅਧਿਕਾਰਤ ਅਫਸਰ ਕੋਲ 11ਵੀਂ ਮੰਜ਼ਲ, ਨਾਰਥ ਸਾਈਡ, ਆਰ ਟੈੱਕ ਪਾਰਕ,ਵੈਸਟਰਨ ਐਕਸਪ੍ਰੈੱਸ ਹਾਈਵੇ, ਗੋਰੇਗਾਉਂ (ਈਸਟ) ਮੁੰਬਈ-400063 ਕੋਲ ਜਮ੍ਹਾਂ ਕਰਵਾਉਣਾ ਪਵੇਗਾ ਅਤੇ Narendra.r.shukla@relianceada.com ਅਤੇ himanshu.yadav@relianceada.com'ਤੇ ਈਮੇਲ ਕਰਨਾ ਹੋਵੇਗਾ ਅਤੇ ਇਸ ਤੋਂ ਬਾਅਦ ਸ਼ਾਮਲ ਹੋਣ ਲਈ ਆਈ ਡੀ ਅਤੇ ਪਾਸਵਰਡ ਸਿਰਫ ਉਨ੍ਹਾਂ ਦੀ ਈਮੇਲ 'ਤੇ ਭੇਜ ਦਿੱਤਾ ਜਾਵੇਗਾ। ਬੋਲੀ ਫਾਰਮ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ 28.05.2025 ਹੈ। ਕਿਸੇ ਵੀ ਤਰ੍ਹਾਂ ਕਿਸੇ ਕਾਰਨ ਬੋਲੀ ਫਾਰਮ ਅਤੇ ਈ ਐੱਮ ਡੀ ਦੇਰੀ ਨਾਲ ਪ੍ਰਾਪਤ ਹੋਣ 'ਤੇ ਵਿਚਾਰ ਨਹੀਂ ਕੀਤੀ ਜਾਵੇਗੀ। ਈ ਐੱਮ ਡੀ ਤੋਂ ਬਿਨਾਂ ਅਤੇ ਰਾਖਵੀਂ ਕੀਮਤ ਤੋਂ ਹੇਠਾਂ ਬੋਲੀ ਸਰਸਰੀ ਤੌਰ 'ਤੇ ਰੱਦ ਕਰ ਦਿੱਤੀ ਜਾਵੇਗੀ।
6. ਬੋਲੀਕਾਰ ਦੇ ਨੈੱਟਵਰਕ 'ਚ ਖਰਾਬੀ ਕਾਰਨ ਕਿਸੇ ਦੇਰੀ/ਨਾਕਾਮੀ ਲਈ ਨਾ ਤਾਂ ਆਰ ਏ ਆਰ ਸੀ ਅਤੇ ਨਾ ਹੀ ਸਰਵਿਸ ਪ੍ਰੋਵਾਈਡਰ ਜ਼ਿੰਮੇਵਾਰ ਹੋਵੇਗਾ। ਅਜਿਹੀਆਂ ਘਟਨਾਵਾਂ ਵਾਸਤੇ ਬੋਲੀਕਾਰਾਂ ਨੂੰ ਬਦਲਵੇਂ ਪਾਵਰ ਬੈਕਅਪਸ ਆਦਿ ਦੀ ਲੋੜੀਂਦੇ ਪ੍ਰਬੰਧ ਕਰਨ ਲਈ ਸਲਾਹ ਦਿੱਤੀ ਜਾਂਦੀ ਹੈ।
7. ਰਕਮ ਬਿਆਨਾ ਜਮ੍ਹਾਂ (ਈ ਐੱਮ ਡੀ) ਆਰ ਟੀ ਜੀ ਐੱਸ/ਐੱਨ ਈ ਐੱਫ ਟੀ ਫੰਡ ਟਰਾਂਸਫਰ ਰਾਹੀਂ ਚਾਲੂ ਖਾਤਾ ਨੰ. 040211010000004, ਬੈਂਕ ਦਾ ਨਾਂਅ ਯੂਨੀਅਨ ਬੈਂਕ ਆਫ ਇੰਡੀਆ, ਬ੍ਰਾਂਚ ਮੁੰਬਈ ਲਾਭਕਾਰੀ ਦਾ ਨਾਂਅ : "ਰਿਲਾਇੰਸ ਐਸੇਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ" ਆਈ ਐੱਫ ਐੱਸ ਸੀ ਕੋਡ ਯੂ ਬੀ ਆਈ ਐੱਨ 0590070 ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਈ ਐੱਮ ਡੀ ਵਾਸਤੇ ਚੈੱਕ/ਡਿਮਾਂਡ ਡਰਾਫਟ ਸਵੀਕਾਰ ਨਹੀਂ ਕੀਤੇ ਜਾਣਗੇ।
8. ਰਾਖਵੀਂ ਕੀਮਤ ਤੋਂ ਹੇਠਾਂ ਅਤੇ/ਜਾਂ ਈ ਐੱਮ ਡੀ ਤੋਂ ਬਿਨਾਂ ਬੋਲੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ। ਬੋਲੀਕਾਰ ਰੁਪਏ 50,000/- (ਪੰਜਾਹ ਹਜ਼ਾਰ ਰੁਪਏ ਕੇਵਲ) ਦੇ ਗੁਣਾਂਕ 'ਚ ਬੋਲੀ ਰਕਮ 'ਚ ਸੋਧ ਕਰ ਸਕਦੇ ਹਨ। ਇਕੱਲੇ ਹੀ ਬੋਲੀਕਾਰ ਹੋਣ ਦੇ ਮਾਮਲੇ 'ਚ ਬੋਲੀਕਾਰ ਨੂੰ ਘੱਟੋ-ਘੱਟ ਇੱਕ ਵਾਰ ਬੋਲੀ 'ਚ ਸੋਧ ਕਰਵਾਉਣੀ ਜ਼ਰੂਰੀ ਹੋਵੇਗੀ।
9. ਸਫਲ ਬੋਲੀਕਾਰ ਨੂੰ ਬੋਲੀ ਰਕਮ /ਵਿਕਰੀ ਕੀਮਤ (ਪਹਿਲਾਂ ਅਦਾ ਕੀਤੀ ਬਿਆਨਾ ਰਕਮ ਸ਼ਾਮਲ) ਦਾ 25 ਫੀਸਦੀ ਸਫਲ ਬੋਲੀਕਾਰ ਦੇ ਐਲਾਨ ਤੋਂ ਤੁਰੰਤ ਬਾਅਦ ਜਮ੍ਹਾਂ ਕਰਵਾਉਣਾ ਪਵੇਗਾ। ਸਫਲ ਬੋਲੀਕਾਰ ਨੂੰ ਬੋਲੀ ਰਕਮ/ਵਿਕਰੀ ਕੀਮਤ ਦਾ ਬਾਕੀ 75 ਫੀਸਦੀ ਸਫਲ ਬੋਲੀਕਾਰ ਦੇ ਐਲਾਨ ਤੋਂ 15 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣਾ ਪਵੇਗਾ।
10. ਜੇਕਰ ਸਫਲ ਬੋਲੀਕਾਰ ਉਪਰੋਕਤ ਅਨੁਸਾਰ ਵਿਕਰੀ ਕੀਮਤ ਜਮ੍ਹਾਂ ਕਰਵਾਉਣ 'ਚ ਅਸਫਲ ਰਹੇਗਾ ਤਾਂ ਬਿਨਾਂ ਕਿਸੇ ਨੋਟਿਸ ਸਾਰੇ ਡਿਪਾਜ਼ਟਸ ਈ ਐੱਮ ਡੀ ਸਮੇਤ ਜ਼ਬਤ ਕਰ ਲਏ ਜਾਣਗੇ। ਬੇਸ਼ੱਕ ਬਕਾਇਆ 75 ਫੀਸਦੀ ਦੀ ਅਦਾਇਗੀ ਲਈ ਸਿਰਫ ਅਧਿਕਾਰਤ ਅਫਸਰ ਦੀ ਮਰਜ਼ੀ ਨਾਲ ਹੋਰ ਸਮਾਂ ਦਿੱਤਾ ਜਾ ਸਕਦਾ ਹੈ।
11 ਅਸਫਲ ਬੋਲੀਕਾਰਾਂ ਦੀ ਈ ਐੱਮ ਡੀ ਰਕਮ ਬਿਨਾਂ ਵਿਆਜ ਦੇ, ਈ ਨਿਲਾਮੀ ਵਿਕਰੀ ਅਮਲ ਬੰਦ ਹੋਣ ਤੋਂ ਬਾਅਦ ਵਾਪਸ ਕਰ ਦਿੱਤੀ ਜਾਵੇਗੀ।
12. ਅਧਿਕਾਰਤ ਅਫਸਰ ਵੱਲੋਂ ਦਿੱਤੇ ਗਏ ਵੇਰਵੇ ਉਸ ਦੀ ਜਾਣਕਾਰੀ, ਵਿਸ਼ਵਾਸ ਅਤੇ ਰਿਕਾਰਡਜ਼ ਦੇ ਅਨੁਸਾਰ ਹਨ। ਅਧਿਕਾਰਤ ਅਫਸਰ ਕਿਸੇ ਭੁੱਲ, ਗਲਤ ਬਿਆਨ ਜਾਂ ਗਲਤੀ ਲਈ ਜ਼ਿੰਮੇਵਾਰੀ ਨਹੀਂ ਹੋਵੇਗਾ।
13 ਨਿਮਨਹਸਤਾਖਰੀ ਅਧਿਕਾਰਤ ਅਫਸਰ ਨੂੰ ਕਿਸੇ ਬੋਲੀ ਨੂੰ ਬਿਨਾਂ ਅਗਾਊਂ ਨੋਟਿਸ ਜਾਂ ਬਿਨਾਂ ਕੋਈ ਕਾਰਨ ਦੱਸੇ ਸਵੀਕਾਰ ਜਾਂ ਰੱਦ ਕਰਨ ਜਾਂ ਰੋਕਣ/ਮੁਲਤਵੀ ਕਰਨ/ਵਿਕਰੀ ਰੱਦ ਕਰਨ ਜਾਂ ਵਿਕਰੀ ਦੀਆਂ ਸ਼ਰਤਾਂ ਅਤੇ ਨਿਯਮਾਂ 'ਚ ਸੋਧ ਕਰਨ ਲਈ ਮੁਕੰਮਲ ਅਧਿਕਾਰ ਅਤੇ ਹੱਕ ਪ੍ਰਾਪਤ ਹੈ।
14. ਬੋਲੀਕਾਰਾਂ ਨੂੰ ਬੋਲੀ ਜਮ੍ਹਾਂ ਕਰਵਾਏ ਜਾਣ ਤੋਂ ਪਹਿਲਾਂ ਜਾਇਦਾਦ 'ਤੇ ਚਾਰਜਿਜ਼/ਭਾਰ ਸੰਬੰਧੀ ਚੰਗੀ ਤਰ੍ਹਾਂ ਪੜਤਾਲ ਕਰ ਲੈਣੀ ਚਾਹੀਦੀ ਹੈ ਅਤੇ ਜਾਇਦਾਦ ਦੇ ਟਾਈਟਲ ਅਤੇ ਕੁਆਲਿਟੀ ਸੰਬੰਧੀ ਸੰਤੁਸ਼ਟ ਕਰ ਲੈਣਾ ਚਾਹੀਦਾ ਹੈ। ਆਨ ਲਾਈਨ ਬੋਲੀ ਜਮ੍ਹਾਂ ਕਰਵਾਏ ਜਾਣ ਤੋਂ ਬਾਅਦ ਜਾਇਦਾਦ 'ਤੇ ਚਾਰਜਿਜ/ਭਾਰ ਆਦਿ ਅਤੇ ਹੋਰ ਕੋਈ ਮਸਲਾ, ਦਾਅਵਾ ਆਦਿ ਵਿਚਾਰਿਆ ਨਹੀਂ ਜਾਵੇਗਾ।
15. ਜਾਇਦਾਦ ਦੀ ਵਿਕਰੀ 'ਤੇ ਸਟੈਂਪ ਡਿਊਟੀ/ਰਜਿਸਟਰੇਸ਼ਨ ਫੀਸ ਸਮੇਤ ਕੋਈ ਬਕਾਇਆ, ਟੈਕਸ, ਚਾਰਜਿਜ਼ ਵਿਧਾਨਕ ਜਾਂ ਹੋਰ ਸਿਰਫ ਖਰੀਦਦਾਰ ਨੂੰ ਹੀ ਸਹਿਣ ਕਰਨੇ ਪੈਣਗੇ।
16. ਹੋਰ ਵੇਰਵਿਆਂ ਲਈ ਕਿਰਪਾ ਕਰਕੇ ਰਿਲਾਇੰਸ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ ਦੇ ਉਪਰੋਕਤ ਦਰਸਾਏ ਪਤੇ 'ਤੇ ਸ੍ਰੀ ਅਕਸ਼ੈ ਰਾਓ, ਵਾਈਸ ਪ੍ਰੈਜ਼ੀਡੈਂਟ ਲੀਗਲ, ਮੋਬਾਇਲ ਨੰ. 9136763354, ਸ੍ਰੀ ਨਰਿੰਦਰ ਸ਼ੁਕਲਾ ਅਸਿਸਟੈਂਟ ਵਾਈਸ ਪ੍ਰੈਜ਼ੀਡੈਂਟ ਅਤੇ ਅਧਿਕਾਰਤ ਅਫਸਰ-ਰੈਜ਼ੋਲੂਸ਼ਨ, ਮੋਬਾਇਲ ਨੰ. 9321339065 ਅਤੇ ਸ੍ਰੀ ਹਿਮਾਂਸ਼ੂ ਯਾਦਵ ਲੀਗਲ ਮੋਬਾਇਲ ਨੰ. 9892049543 ਨਾਲ ਸੰਪਰਕ ਕੀਤਾ ਜਾਵੇ।
17 ਵਿਕਰੀ ਸਰਟੀਫਿਕੇਟ, ਵਿਕਰੀ ਅਮਲ ਦੀ ਪ੍ਰਾਪਤੀ ਅਤੇ ਸਕਿਉਰਡ ਕ੍ਰੈਡਿਟਰ ਵੱਲੋਂ ਵਿਕਰੀ ਦੀ ਪੁਸ਼ਟੀ ਤੋਂ ਬਾਅਦ ਜਾਰੀ ਕੀਤਾ ਜਾਵੇਗਾ। ਵਿਕਰੀ ਸਰਟੀਫਿਕੇਟ ਸਫਲ ਬੋਲੀਕਾਰ ਦੇ ਨਾਂਅ 'ਤੇ ਜਾਰੀ ਕੀਤਾ ਜਾਵੇਗਾ। ਵਿਕਰੀ ਸਰਟੀਫਿਕੇਟ 'ਚ ਉਸ ਵਿਅਕਤੀ, ਜਿਸ ਨੇ ਈ-ਨਿਲਾਮੀ ਦੌਰਾਨ ਬੋਲੀ ਪੇਸ਼ ਕੀਤੀ/ਹਿੱਸਾ ਲਿਆ ਤੋਂ ਇਲਾਵਾ ਕਿਸੇ ਹੋਰ ਵਿਅਕਤੀ ਦਾ ਨਾਂਅ ਤਬਦੀਲ ਕਰਨ ਲਈ ਕੋਈ ਬੇਨਤੀ ਪ੍ਰਵਾਨ ਨਹੀਂ ਕੀਤੀ ਜਾਵੇਗੀ।

ਇਹ ਨੋਟਿਸ ਕਰਜ਼ਦਾਰ/ਗਰੰਟਰ/ਰਹਿਣਕਾਰ ਲਈ ਸਰਫੇਸੀ ਐਕਟ ਅਤੇ ਇਸ ਅਧੀਨ ਬਣੇ ਨਿਯਮਾਂ ਤਹਿਤ 15 ਦਿਨਾਂ ਦਾ ਵਿਧਾਨਕ ਨੋਟਿਸ ਵੀ ਹੈ।

ਸਥਾਨ : ਗੁਰਦਾਸਪੁਰ — ਅਧਿਕਾਰਤ ਅਫਸਰ

ਮਿਤੀ : 13.05.2025 — ਵਾਸਤੇ ਰਿਲਾਇੰਸ ਐਸੇਟ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ



**AXIS BANK**

**Retail Asset Center**:- "2nd and 3rd Floor, Property No. 7-E, Malhar Road, Saraabha Nagar, Ludhiana -141001.
**Corporate Office**: "Axis House", C-2, Wadia International Centre, Pandurang Budhkar Marg, Worli, Mumbai- 400025
**Registered Office**: "Trishul", 3rd Floor Opp. Samartheshwar Temple Law Garden, Ellisbridge Ahmedabad- 380006

**ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਈ-ਨਿਲਾਮੀ ਨੋਟਿਸ**

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਸੇਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐਸੇਟਸ ਦੀ ਵਿੱਕਰੀ ਵਾਸਤੇ ਈ-ਨਿਲਾਮੀ ਨੋਟਿਸ।

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜ਼ਡ ਹੈ, ਜਿਸ ਦਾ ਭੌਤਿਕ ਕਬਜ਼ਾ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਸਕਿਉਰਡ ਕ੍ਰੈਡਿਟਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ। (1) ਸ੍ਰੀ ਰਵੀ ਵਰਮਾ ਪੁੱਤਰ ਸਹਿਦੇਵ ਵਰਮਾ (2) ਸ੍ਰੀਮਤੀ ਮੀਨੂ ਵਰਮਾ ਪਤਨੀ ਸਹਿਦੇਵ ਵਰਮਾ ਨੂੰ 10 ਅਪ੍ਰੈਲ 2023 'ਤੇ ਬਕਾਇਆ ਰਕਮ ਰੁਪਏ 11,83,793/-(ਗਿਆਰਾਂ ਲੱਖ ਤਰਿਆਸੀ ਹਜ਼ਾਰ ਸੱਤ ਸੌ ਤਰਿਆਨਵੇਂ ਰੁਪਏ ਕੇਵਲ) ਸਮੇਤ ਨੀਯਤ ਮਿਤੀ ਤੱਕ ਭਵਿੱਖੀ ਵਿਆਜ ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ 29 ਮਈ 2025 ਨੂੰ ਵਿਕਰੀ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| | |
|---|---|
| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
| ਰਾਖਵੀਂ ਕੀਮਤ (ਰੁਪਏ 'ਚ) | ਰੁ. 8,16,480/-(ਅੱਠ ਲੱਖ ਸੋਲਾਂ ਹਜ਼ਾਰ ਚਾਰ ਸੌ ਅੱਸੀ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁ. 81,648/-(ਇਕਿਆਸੀ ਹਜ਼ਾਰ ਛੇ ਸੌ ਅਠਤਾਲੀ ਰੁਪਏ ਕੇਵਲ) ਡੀ ਡੀ/ਪੀ ਓ ਰਾਹੀਂ 'ਐਕਸਿਸ ਬੈਂਕ ਲਿਮਟਿਡ' ਦੇ ਹੱਕ 'ਚ ਲੁਧਿਆਣਾ ਵਿਖੇ ਅਦਾਇਗੀਯੋਗ |
| ਬੋਲੀ ਵਾਧਾ ਰਕਮ | ਰੁ. 10,000/-(ਦਸ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ ਰਿਟੇਲ ਐਸੇਟ ਸੈਂਟਰ, "ਦੂਜੀ ਤੇ ਤੀਜੀ ਮੰਜ਼ਿਲ, ਜਾਇਦਾਦ ਨੰ. 7-ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001 ਵਿਖੇ 28 ਮਈ 2025 ਨੂੰ ਸ਼ਾਮ ਦੇ 5.00 ਵਜੇ ਤੱਕ ਸੰਦੀਪ ਬਵੇਜਾ ਦੇ ਨਾਂਅ 'ਤੇ |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 29 ਮਈ 2025 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 12.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

ਸਾਰਣੀ-ਜਾਇਦਾਦ ਦਾ ਵੇਰਵਾ :

ਬੈਨਾਮਾ ਦਸਤਾਵੇਜ਼ ਵਸੀਕਾ ਨੰ. 2021-22/187/1/1174 ਮਿਤੀ 30 ਅਪ੍ਰੈਲ 2021 ਅਨੁਸਾਰ ਸ੍ਰੀਮਤੀ ਮੀਨੂ ਵਰਮਾ ਪਤਨੀ ਸਹਿਦੇਵ ਵਰਮਾ ਦੇ ਨਾਂਅ 'ਤੇ ਰਜਿਸਟਰ ਰਿਹਾਇਸ਼ੀ ਜਾਇਦਾਦ/ਪਲਾਟ ਨੰ. 10-11 ਦੇ ਹਿੱਸੇ 'ਤੇ ਨਿਰਮਤ ਮਕਾਨ, ਰਕਬਾ 02 ਮਰਲੇ-36 ਵਰਗ ਫੁੱਟ, ਖੱਤਾ ਨੰ. 1148/1225, 1149/1226,1150/1227, ਖਸਰਾ ਨੰ. 598, 599, 600, 602, 601, 597/1, ਜਮ੍ਹਾਂਬੰਦੀ ਸਾਲ 2015-16, ਹਦਬਸਤ ਨੰ. 308, ਅਬਾਦੀ ਗ੍ਰੀਨ ਐਵੇਨਿਊ, ਬਸਤੀ ਸ਼ੇਖ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁੱਝ। ਹੱਦਾਂ (ਦਸਤਾਵੇਜ਼ਾਂ ਅਨੁਸਾਰ) : ਪੂਰਬ : ਹੋਰ, ਪੱਛਮ : ਸੜਕ-12', ਉੱਤਰ : ਪਲਾਟ ਨੰ. 9, ਦੱਖਣ : ਪਲਾਟ ਨੰ. 10-11 ਦਾ ਬਾਕੀ ਹਿੱਸਾ।

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਈ-ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸੰਦੀਪ ਬਵੇਜਾ ਮੋਬਾਇਲ ਨੰ. 8920705598 ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 10 ਵਜੇ ਤੋਂ ਸ਼ਾਮ ਦੇ 4.00 ਵਜੇ ਤੱਕ ਸੰਪਰਕ ਕਰ ਸਕਦੇ ਹਨ।

ਮਿਤੀ : 13-05-2025 — ਤੁਹਾਡਾ ਸ਼ੁੱਭਚਿੰਤਕ ਵਾਸਤੇ ਐਕਸਿਸ ਬੈਂਕ ਲਿਮਟਿਡ

ਸਥਾਨ : ਜਲੰਧਰ — (ਅਧਿਕਾਰਤ ਅਫਸਰ)



**Walk in Interview**

ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਹੁਸ਼ਿਆਰਪੁਰ ਵਿਖੇ ਵਿਭਾਗ ਵੱਲੋਂ ਚਲਾਈ ਜਾ ਰਹੀ ਸੀ.ਟੀ.ਐੱਸ. ਸਕੀਮ ਅਧੀਨ ਸੈਸ਼ਨ 2025-26 ਲਈ ਨਿਰੋਲ ਠੇਕਾ ਅਧਾਰ/ਆਰਜ਼ੀ ਤੌਰ 'ਤੇ ਸੈਸ਼ਨ ਦੀ ਸਮਾਪਤੀ ਤੱਕ ਵੈਲਡਰ-1, ਮਸ਼ੀਨਿਸਟ-2, ਟਰਨਰ-3, ਮੋਟਰ ਮਕੈਨਿਕ ਵਹੀਕਲ-1, ਮਕੈਨਿਕ ਆਟੋ ਬਾਡੀ ਰਿਪੇਅਰ-1, ਕੰਪਿਊਟਰ ਹਾਰਡਵੇਅਰ ਐਂਡ ਨੈੱਟਵਰਕਿੰਗ ਮੈਨਟੀਨੈਂਸ-1, ਪਲੰਬਰ-1, **Stenography and Secretarial Assistant (English)-1**, ਫਿਟਰ-2, ਮਕੈਨਿਕ ਟਰੈਕਟਰ-2 ਅਤੇ ਇੰਸਟਰੂਮੈਂਟ ਮਕੈਨਿਕ-1 ਟਰੇਡਾਂ ਲਈ 15000/-ਰੁਪਏ (ਪੰਦਰਾਂ ਹਜ਼ਾਰ ਰੁਪਏ), ਉੱਕਾ-ਪੁੱਕਾ ਪ੍ਰਤੀ ਮਹੀਨਾ ਤਨਖਾਹ 'ਤੇ ਗੈਸਟ ਫੈਕਲਟੀ ਦੀ ਜ਼ਰੂਰਤ ਹੈ।ਜਿਹੜੇ ਉਮੀਦਵਾਰ ਐੱਨ.ਟੀ.ਸੀ./ਐੱਨ.ਏ.ਸੀ+ਸੀ.ਟੀ.ਆਈ+ਟਰੇਡ ਨਾਲ ਸੰਬੰਧਤ 03 ਸਾਲ ਦਾ ਤਜਰਬਾ ਜਾਂ ਡਿਪਲੋਮਾ (ਤਿੰਨ ਸਾਲ)+ਸੀ.ਟੀ.ਆਈ+ਟਰੇਡ ਨਾਲ ਸੰਬੰਧਤ 02 ਸਾਲ ਦਾ ਤਜਰਬਾ ਜਾਂ ਡਿਗਰੀ+ਸੀ.ਟੀ.ਆਈ.+ਸੰਬੰਧਤ ਟਰੇਡ ਨਾਲ 01 ਸਾਲ ਦਾ ਤਜਰਬਾ, ਇਹ ਯੋਗਤਾਵਾਂ ਰੱਖਦੇ ਹਨ, ਉਹ ਯੋਗ ਉਮੀਦਵਾਰ ਮਿਤੀ 29-05-2025 ਨੂੰ ਸ਼ਾਮ 5:00 ਵਜੇ ਤੱਕ ਸੰਸਥਾ ਦੀ ਈ.ਮੇਲ iD-iti_hsp2006@yahoo.com/ ਰਜਿਸਟਰਡ ਡਾਕ ਰਾਹੀ ਆਪਣੇ ਦਸਤਾਵੇਜ਼ ਪਹੁੰਚਾ ਸਕਦੇ ਹਨ। ਉਮੀਦਵਾਰ ਆਪਣੇ ਅਸਲ ਵਿੱਦਿਅਕ/ਤਕਨੀਕੀ ਯੋਗਤਾ/ਤਜ਼ਰਬਾ ਸਰਟੀਫਿਕੇਟ ਸਮੇਤ ਪਾਸਪੋਰਟ ਸਾਈਜ਼ ਦੋ ਫੋਟੋ ਲੈ ਕੇ ਇੰਟਰਵਿਊ ਲਈ ਨਿਮਨਹਸਤਾਖਰ ਦੇ ਦਫਤਰ ਵਿਖੇ ਮਿਤੀ 06-06-2025 ਨੂੰ ਸਮਾਂ ਸਵੇਰੇ 11:00 ਵਜੇ ਹਾਜ਼ਰ ਹੋ ਸਕਦੇ ਹਨ। ਵਧੇਰੇ ਜਾਣਕਾਰੀ ਬਾਰੇ ਵੈਬਸਾਈਟ https://dgt.gov.in/cits-courses link 'ਤੇ ਸਿਲੇਬਸ ਤੇ ਯੋਗਤਾ ਦੇਖੀ ਜਾ ਸਕਦੀ ਹੈ।

ਨੋਟ : (1) ਤਜ਼ਰਬਾ ਸਰਟੀਫਿਕੇਟ ਜ਼ਿਲ੍ਹਾ ਲੋਕਲ ਇੰਸਪੈਕਟਰ ਤੋਂ ਵੈਰੀਫਾਈ ਹੋਣਾ ਚਾਹੀਦਾ ਹੈ।

(2) ਇੰਟਰਵਿਊ ਲਈ ਕੋਈ ਵੀ ਸਫਰੀ ਭੱਤਾ ਆਦਿ ਨਹੀਂ ਦਿੱਤਾ ਜਾਵੇਗਾ।

(3) ਚੁਣੇ ਗਏ ਉਮੀਦਵਾਰਾਂ ਦੀਆਂ ਸੇਵਾਵਾਂ ਸੈਸ਼ਨ ਦੇ ਖਤਮ ਹੋਣ 'ਤੇ ਆਪਣੇ-ਆਪ ਹੀ ਖਤਮ ਹੋ ਜਾਣਗੀਆਂ।

(4) ਇੰਟਰਵਿਊ ਨੂੰ ਰੱਦ ਕਰਨ ਦਾ ਅਧਿਕਾਰ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਹੁਸ਼ਿਆਰਪੁਰ ਦੀ ਇੰਸਟੀਚਿਊਟ ਮੈਨੇਜਮੈਂਟ ਕਮੇਟੀ ਪਾਸ ਰਾਖਵਾਂ ਹੋਵੇਗਾ।

(5) ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਹੁਸ਼ਿਆਰਪੁਰ ਦੀ ਇੰਸਟੀਚਿਊਟ ਮੈਨੇਜਮੈਂਟ ਕਮੇਟੀ ਕਿਸੇ ਵੀ ਸਮੇਂ ਤੋਂ ਬਿਨਾਂ ਨੋਟਿਸ ਦੇ ਗੈਸਟ ਫੈਕਲਟੀ ਦੀਆਂ ਸੇਵਾਵਾਂ ਖਤਮ ਕਰਨ ਦਾ ਹੱਕ ਰੱਖਦੀ ਹੈ।

(6) ਉਮੀਦਵਾਰ ਵੱਲੋਂ ਚਾਲ-ਚੱਲਣ, ਕਿਸੇ ਵੀ ਕ੍ਰਿਮੀਨਲ ਕੇਸ/ਵੱਖ-ਵੱਖ ਅਦਾਲਤਾਂ ਵਿੱਚ ਕੋਰਟ ਕੇਸਾਂ ਸੰਬੰਧੀ ਭਾਗੀਦਾਰ ਨਾ ਹੋਣ ਸੰਬੰਧੀ ਸਵੈ-ਘੋਸ਼ਣ ਪੱਤਰ ਪੇਸ਼ ਕੀਤਾ ਜਾਵੇਗਾ। ਜੇਕਰ ਨਿਯੁਕਤੀ ਉਪਰੰਤ ਅਜਿਹਾ ਸੰਸਥਾ ਦੇ ਧਿਆਨ ਵਿੱਚ ਆਉਂਦਾ ਹੈ, ਤਾਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਹੁਸ਼ਿਆਰਪੁਰ ਦੀ ਇੰਸਟੀਚਿਊਟ ਮੈਨੇਜਮੈਂਟ ਕਮੇਟੀ ਉਸ ਦੀਆਂ ਸੇਵਾਵਾਂ ਬਿਨਾਂ ਨੋਟਿਸ ਖਤਮ ਕਰਨ ਦਾ ਹੱਕ ਰਾਖਵਾਂ ਰੱਖਦੀ ਹੈ।

(7) ਅਸਾਮੀਆਂ ਦੀ ਗਿਣਤੀ ਲੋੜ ਅਨੁਸਾਰ ਘਟਾਈ ਜਾਂ ਵਧਾਈ ਜਾ ਸਕਦੀ ਹੈ।

(8) ਅਸਾਮੀਆਂ ਸੰਬੰਧੀ ਇਸ਼ਤਿਹਾਰ ਦਾ ਕਿਸੇ ਕਿਸਮ ਦੀ ਪੱਕੀ ਨੌਕਰੀ ਦਾ ਸੰਬੰਧ ਨਹੀਂ ਹੈ।

(9) ਇੰਟਰਵਿਊ ਸੰਬੰਧੀ ਕਿਸੇ ਵੀ ਤਰ੍ਹਾਂ ਦਾ ਕੋਈ ਵੀ ਵੱਖਰੇ ਤੌਰ 'ਤੇ ਪੱਤਰ ਵਿਹਾਰ ਨਹੀਂ ਕੀਤਾ ਜਾਵੇਗਾ।

(10) ਜੇਕਰ ਕੋਈ ਉਮੀਦਵਾਰ ਸੀ. ਟੀ.ਆਈ. ਦੀ ਯੋਗਤਾ ਨਹੀਂ ਰੱਖਦਾ, ਤਾਂ ਉਸ ਪਾਸ ਸੀ ਆਈ ਟੀ ਐੱਸ ਸਕੀਮ ਅਧੀਨ RPL (Recognition of Prior Learning) ਦੀ ਯੋਗਤਾ ਹੋਣੀ ਚਾਹੀਦੀ ਹੈ।

ਮੈਂਬਰ ਸੈਕਟਰੀ, ਇੰਸਟੀਚਿਊਟ ਮੈਨੇਜਮੈਂਟ ਕਮੇਟੀ,
ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ,
ਹੁਸ਼ਿਆਰਪੁਰ।

13 May Page-12.qxd 5/12/2025 8:50 PM Page 1



# ਸਾਡੀਆਂ ਸੁਰੱਖਿਆਂ ਫੋਰਸਾਂ ਦੀ ਬਿਹਤਰੀਨ ਕਾਰਗੁਜ਼ਾਰੀ 'ਤੇ ਦੇਸ਼ ਵਾਸੀਆਂ ਨੂੰ ਮਾਣ : ਹਰਜੋਤ ਸਿੰਘ ਬੈਂਸ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸਿਵਲ ਡਿਫੈਂਸ ਵਲੰਟੀਅਰ ਦਾਖਲਾ ਮੁਹਿੰਮ ਤਹਿਤ ਵਿਰਾਸਤ ਏ ਖਾਲਸਾ ਦੇ ਆਡੋਟੋਰੀਅਮ ਵਿੱਚ ਜਿਲ੍ਹਾ ਪ੍ਰਸ਼ਾਸਨ ਵੱਲੋਂ ਰੱਖੇ ਪਲੇਠੇ ਪ੍ਰੋਗਰਾਮ ਵਿੱਚ ਪਹੁੰਚੇ ਸਾਬਕਾ ਸੈਨਿਕਾਂ, ਐਨ.ਸੀ.ਸੀ ਕੈਡਿਟ, ਐਨ.ਐਸ.ਐਸ ਵਲੰਟੀਅਰ, ਨੌਜਵਾਨ, ਰਿਟ. ਕਰਮਚਾਰੀ, ਪੰਚ, ਸਰਪੰਚ ਤੇ ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਤੋ ਇਹ ਪ੍ਰਤੀਤ ਹੋ ਰਿਹਾ ਹੈ ਕਿ ਸਾਡੀਆਂ ਸੁਰੱਖਿਆਂ ਫੋਰਸਾਂ ਦੀ ਸਹਾਇਤਾ ਲਈ ਦੂਜੀ ਕਤਾਰ ਵੀ ਤਿਆਰ ਬਰ ਤਿਆਰ ਹੈ। ਪੰਜਾਬ ਦੀ ਅਵਾਮ ਨੂੰ ਅਪੀਲ ਹੈ ਕਿ ਜੋ ਸੁਰੱਖਿਆ ਫੋਰਸਾਂ ਵੱਲੋ ਸੂਚਨਾ ਜਿਲ੍ਹਾਂ ਪ੍ਰਸਾਸ਼ਨ ਨੂੰ ਪਹੁੰਚਾਈ ਜਾਂਦੀ ਹੈ, ਉਸ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ , ਸਾਨੂੰ ਸਾਡੀਆਂ ਸੁਰੱਖਿਆ ਫੋਰਸਾਂ ਤੇ ਬਹੁਤ ਮਾਣ ਤੇ ਯਕੀਨ ਹੈ ਅਤੇ ਰਾਜ ਸਰਕਾਰ ਤੇ ਜ਼ਿਲ੍ਹਾ ਪ੍ਰਸਾਸ਼ਨ ਆਮ ਲੋਕਾਂ ਦੇ ਹਿੱਤ ਲਈ ਹੀ ਕੰਮ ਕਰ ਰਿਹਾ ਹੈ।ਇਹ ਪ੍ਰਗਟਾਵਾ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਕੂਲ ਸਿੱਖਿਆ, ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਭਾਸ਼ਾ ਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਵਿਰਾਸਤ ਏ ਖਾਲਸਾ ਸ੍ਰੀ ਅਨੰਦਪੁਰ ਸਾਹਿਬ ਦੇ ਆਡੋਟੋਰੀਅਮ ਵਿਚ ਜ਼ਿਲ੍ਹਾ ਪ੍ਰਸਾਸ਼ਨ ਵੱਲੋਂ ਕਰਵਾਏ ਸਿਵਲ ਡਿਫੈਂਸ ਵਲੰਟੀਅਰ ਰਜਿਸਟ੍ਰੇਸ਼ਨ ਪ੍ਰੋਗਰਾਮ ਅਭਿਆਸ ਤਹਿਤ ਪਹੁੰਚੇ ਪੰਚਾ, ਸਰਪੰਚਾਂ, ਸਾਬਕਾ ਸੈਨਿਕਾਂ, ਹੋਮਗਾਰਡ, ਐਨ.ਸੀ.ਸੀ.ਕੈਡਿਟ, ਐਨ.ਐਸ.ਐਸ ਵਲੰਟੀਅਰ, ਨੌਜਵਾਨਾਂ, ਸਾਬਕਾ ਕਰਮਚਾਰੀਆਂ/ ਅਧਿਕਾਰੀਆਂ ਦੇ ਇੱਕ ਭਰਵੇਂ ਤੇ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਕੀਤਾ। ਉਨ੍ਹਾਂ ਨੇ ਕਿਹਾ ਕਿ ਜਿਸ ਤਰਾਂ ਵੱਖ ਵੱਖ ਵਿਭਾਗਾ ਵੱਲੋਂ ਕਿਸੇ ਵੀ ਆਪਾਤ ਸਥਿਤੀ ਨਾਲ ਨਜਿੱਠਣ ਦੀ ਸਿਖਲਾਈ ਦਿੱਤੀ ਹੈ, ਉਸ ਤਰਾਂ ਦੇ ਪ੍ਰੋਗਰਾਮ ਭਲਕੇ ਨੰਗਲ ਵਿੱਚ ਅਤੇ ਇਸ ਉਪਰੰਤ ਰੂਪਨਗਰ, ਮੋਰਿੰਡਾ, ਚਮਕੌਰ ਸਾਹਿਬ ਵਿੱਚ ਵੀ ਰੱਖੇ ਗਏ ਹਨ, ਜ਼ਿਨ੍ਹਾਂ ਵਿੱਚ ਉਨ੍ਹਾਂ ਇਲਾਕਿਆਂ ਦੇ ਨਾਗਰਿਕ ਵੱਧ ਚੜ੍ਹ ਕੇ ਭਾਗ ਲੈਣ। ਉਨ੍ਹਾਂ ਨੇ ਕਿਹਾ ਕਿ ਜੰਗ ਵਰਗੇ ਹਾਲਾਤਾਂ ਵਿਚ ਕਿਸ ਤਰ੍ਹਾਂ ਸਵੈ ਰੱਖਿਆਂ ਅਤੇ ਹੋਰ ਲੋਕਾਂ ਦੇ ਜਾਨ ਮਾਲ ਦੀ ਰੱਖਿਆ ਕਰਨੀ ਹੈ ਅਤੇ ਲੋੜ ਪੈਣ ਤੇ ਸੁਰੱਖਿਆਂ ਫੋਰਸਾਂ ਦੀ ਦੂਜੀ ਕਤਾਰ ਬਣ ਕੇ ਉਨ੍ਹਾਂ ਨੂੰ ਸਹਿਯੋਗ ਕਰਨਾ ਹੈ, ਇਸ ਦੀ ਸਿਖਲਾਈ ਦਿੱਤੀ ਜਾ ਰਹੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਦਫਤਰ ਸੁਰੱਖਿਆ ਫੋਰਸਾਂ ਦੇ ਨਾਲ ਸਿੱਧੇ ਜੁੜੇ ਹੁੰਦੇ ਹਨ, ਜਦੋਂ ਵੀ ਕੋਈ ਸੂਚਨਾ ਜਿਲ੍ਹਾ ਪ੍ਰਸ਼ਾਸਨ ਕੋਲ ਪਹੁੰਚਦੀ ਹੈ ਤਾਂ ਉਹ ਲੋਕਾਂ ਤੱਕ ਪਹੁੰਚਾਈ ਜਾਂਦੀ ਹੈ, ਉਸ ਤੇ ਆਮ ਲੋਕ ਨੁਕਤਾਚੀਨੀ ਨਾ ਕਰਨ ਸਗੋਂ ਪ੍ਰਸ਼ਾਸਨ ਦੇ ਆਦੇਸ਼ਾ ਦੀ ਪਾਲਣਾ ਕਰਨ।ਕੈਬਨਿਟ ਮੰਤਰੀ ਨੇ ਕਿਹਾ ਕਿ ਨੰਗਲ ਡੈਮ, ਐਨ.ਐਫ.ਐਲ ਅਤੇ ਹੋਰ ਬਹੁਤ ਸਾਰੇ ਧਾਰਮਿਕ, ਇਤਿਹਾਸਕ ਤੇ ਮਹੱਤਵਪੂਰਨ ਸਥਾਨ ਸਾਡੇ ਇਲਾਕੇ ਵਿਚ ਹੋਣ ਕਾਰਨ ਅਸੀ ਆਮ ਨਾਲੋ ਵਧੇਰੇ ਸੁਰੱਖਿਅਤ ਰਹਿਣਾ ਹੈ। ਪਿਛਲੇ ਤਿੰਨ ਚਾਰ ਦਿਨਾਂ ਵਿੱਚ ਜਿਹੜੇ ਹਾਲਾਤਾ ਵਿਚੋ ਪੰਜਾਬ ਦੇ ਲੋਕ ਲੰਘੇ ਹਨ, ਉਸ ਨੇ ਸੂਬੇ ਵਿਚ ਭਾਈਚਾਰਕ, ਇੱਕਜੁਟਤਾ ਦੀ ਮਿਸਾਲ ਕਾਇਮ ਕੀਤੀ ਹੈ, ਜਿਸ ਨੂੰ ਅਸੀਂ ਅੱਗੇ ਤੋਂ ਵੀ ਕਾਇਮ ਰੱਖਣਾ ਹੈ। ਉਨ੍ਹਾਂ ਨੇ ਕਿਹਾ ਕਿ ਬਹੁਤ ਜਲਦੀ ਇਸ ਇਲਾਕੇ ਵਿਚ ਮੈਗਾ ਖੂਨਦਾਨ ਕੈਂਪ ਲਗਾਇਆ ਜਾਵੇਗਾ ਅਤੇ ਵੱਡੀ ਮਾਤਰਾ ਵਿੱਚ ਖੂਨ ਇਕੱਠਾ ਕੀਤਾ ਜਾਵੇਗਾ ਤਾ ਜੋ ਕਿਸੇ ਵੀ ਸਥਿਤੀ ਵਿਚ ਲੋੜ ਪੈਣ ਤੇ ਹਸਪਤਾਲਾਂ ਵਿਚ ਖੂਨ ਦੀ ਕਮੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਨੇ ਕਿਹਾ ਕਿ ਭਾਰਤ ਪਾਕਿਸਤਾਨ ਜੰਗ ਦਰਮਿਆਨ ਜਦੋਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਵੱਖ-ਵੱਖ ਸੇਵਾਵਾਂ ਲਈ ਨਾਗਰਿਕਾਂ ਨੂੰ ਸਿਵਲ ਡਿਫੈਂਸ ਵਿੱਚ ਸਾਥ ਦੇਣ ਲਈ ਸਹਿਯੋਗ ਮੰਗਿਆ ਗਿਆ ਤਾਂ ਪਹਿਲੇ ਹੀ ਦਿਨ ਭਾਰੀ ਗਿਣਤੀ ਵਿਚ ਨੌਜਵਾਨ ਅਤੇ ਹੋਰ ਨਾਗਰਿਕ ਆਪਣਾ ਯੋਗਦਾਨ ਦੇਣ ਲਈ ਅੱਗੇ ਆਏ। ਇਸ ਮੌਕੇ ਜਸਪ੍ਰੀਤ ਸਿੰਘ ਐਸਡੀਐਮ ਸ੍ਰੀ ਅਨੰਦਪੁਰ ਸਾਹਿਬ,ਅਰਵਿੰਦਰ ਸਿੰਘ ਸੋਮਲ ਜੀ.ਏ ਟੂ ਡਿਪਟੀ ਕਮਿਸ਼ਨਰ, ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ,ਜਸਪਾਲ ਸਿੰਘ ਢਾਹੇ ਸਰਪੰਚ, ਰਾਜਪਾਲ ਸਿੰਘ ਸਰਪੰਚ ਮੋਹੀਵਾਲ, ਪੱਪੂ ਢਿੱਲੋਂ, ਦਲਜੀਤ ਸਿੰਘ ਕੈਂਥ ਕੌਂਸਲਰ, ਦਵਿੰਦਰ ਕੋਸ਼ਲ ਕੌਂਸਲਰ, ਨਿਤਿਨ ਬਾਸੋਵਾਲ, ਸੱਮੀ ਬਰਾਰੀ ਯੂਥ ਪ੍ਰਧਾਨ, ਜੀਤ ਰਾਮ ਰਿੰਕੂ ਸਰਪੰਚ, ਗੁਰਸੋਹਣ ਸਿੰਘ ਸਕੱਤਰ ਰੈਡਕਰਾਸ, ਸੁਦਰਸ਼ਨ ਅਟਵਾਲ ਡਿਫੈਂਸ ਸਰਵਿਸ ਟ੍ਰੇਨਿੰਗ ਇੰਸਪੈਕਟਰ, ਸਰਬਜੀਤ ਸਿੰਘ ਸੈਨਿਕ ਭਲਾਈ ਬੋਰਡ, ਮੇਜਰ ਬਲਵੰਤ ਸਿੰਘ ਤੋ ਇਲਾਵਾ ਦਇਆ ਸਿੰਘ ਸਿੱਖਿਆ ਕੋਆਰਡੀਨੇਟਰ, ਪ੍ਰਿੰ.ਨੀਰਜ ਵਰਮਾ, ਓਕਾਰ ਸਿੰਘ, ਸਮਸ਼ੇਰ, ਦਿਲਬਾਗ ਸਿੰਘ ਯੂਥ ਸੈਕਟਰੀ, ਜਰਮਨ ਸਿੰਘ, ਦਲਜੀਤ ਸਿੰਘ ਕਾਕਾ, ਗੁਰਪ੍ਰੀਤ ਅਰੋੜਾ, ਕੁਲਵਿੰਦਰ ਸਿੰਘ, ਪਰਮਿੰਦਰ ਸਿੰਘ ਜਿੰਮੀ, ਅਭਿਜੀਤ ਅਲੈਕਸੀ, ਹੈਪੀ ਸਮਲਾਹ, ਚਮਨ ਬਲੋਲੀ, ਰਾਹੁਲ ਸੋਨੀ, ਸੁਮਿਤ ਭਾਰਤਵਾਜ ਸਰਪੰਚ ਜਿੰਦਵੜੀ, ਨਿਖਿਲ ਭਾਰਤਵਾਜ, ਸੁਖਵਿੰਦਰ ਸਿੰਘ ਸੇਖੋਂ, ਅੰਕੁਸ਼ ਪਾਠਕ, ਐਡਵੋਕੇਟ ਰਜਿਤ ਬੇਦੀ, ਦਿਲਬਾਗ ਰਾਏਪੁਰ, ਹਰਪਾਲ ਕੌਰ, ਰਣਜੀਤ ਕੌਰ, ਹਰਜੀਤ ਕੌਰ, ਇੰਦਰਜੀਤ ਕੌਰ, ਦਵਿੰਦਰ ਸਿੱਧੂ ਅਤੇ ਪੰਚ, ਸਰਪੰਚ, ਸਕੂਲ ਵਿਦਿਆਰਥੀ ਹਾਜ਼ਰ ਸਨ।




# ਆਯੂਸ਼ਮਾਨ ਕਾਰਡ ਦੀ ਸਹਾਇਤਾ ਨਾਲ ਹੋ ਰਹੇ ਹਨ ਮੁਫ਼ਤ ਅਪਰੇਸ਼ਨ

**ਮਾਹਿਲਪੁਰ (ਸ.ਫਰੀ)**- ਸਿਵਲ ਹਸਪਤਾਲ ਮਾਹਿਲਪੁਰ 'ਚ ਤਕਰੀਬਨ ਇਕ ਸਾਲ ਤੋਂ ਡਾਕਟਰ ਬਲਜਿੰਦਰ ਕੁਮਾਰ ਐਮ .ਐਸ (ਜਨਰਲ ਸਰਜਨ) ਇਲਾਕਾ ਮਾਹਿਲਪੁਰ ਦੇ ਅੱਤ ਦੇ ਗ਼ਰੀਬ ਮਰੀਜ਼ਾਂ ਲਈ ਦਰਵੇਸ਼ ਸਿੱਧ ਹੋ ਰਹੇ ਹਨ। ਲੰਬੀਆਂ ਲੰਬੀਆਂ ਲਾਈਨਾਂ ਵਿਚ ਖੜ੍ਹੇ ਹਰ ਮਰੀਜ਼ ਨੂੰ ਆਪਣੀ ਡਿਊਟੀ ਖਤਮ ਹੋਣ ਤੋਂ ਬਾਅਦ ਵੀ ਡਾਕਟਰ ਚੈੱਕ ਕਰਦੇ ਹਨ । ਕਾਫੀ ਲੰਮੇ ਸਮੇਂ ਤੋਂ ਸਿਵਲ ਹਸਪਤਾਲ ਮਾਹਿਲਪੁਰ ਵਿੱਚ ਡਾਕਟਰਾਂ ਦੀ ਘਾਟ ਚੱਲ ਰਹੀ ਹੈ ਪਰ ਫਿਰ ਵੀ ਡਾਕਟਰ ਬਲਜਿੰਦਰ ਕੁਮਾਰ ਮਰੀਜ਼ ਨਿਰਾਸ਼ ਨਹੀਂ ਹੋਣ ਦਿੱਤੇ । ਇਕ ਮਰੀਜ਼ ਰਾਜਵੀਰ ਕੌਰ ਪਿੰਡ ਟੂਟੋਮਜਾਰਾ ਨੇ ਦੱਸਿਆ ਕਿ ਮੈਨੂੰ ਕਾਫੀ ਸਮੇਂ ਤੋਂ ਸ਼ੂਗਰ ਹੋਣ ਕਰਕੇ ਡਾਕਟਰਾਂ ਨੇ ਮੇਰੀ ਸੱਜੀ ਲੱਤ ਕੱਟਣ ਵਾਸਤੇ ਕਹਿ ਦਿੱਤਾ , ਅੰਤ ਮੈਂ ਇਸ ਡਾਕਟਰ ਸਾਹਿਬ ਨੂੰ ਮਿਲੀ ਤਾਂ ਇਹਨਾਂ ਨੇ ਮੇਰੀ ਲੱਤ ਵੀ ਬਚਾ ਲਈ ਤੇ ਪੰਦਰਾਂ ਦਿਨਾਂ ਵਿੱਚ ਤੰਦਰੁਸਤ ਕਰਕੇ ਮੈਨੂੰ ਤੁਰਨੇ ਵੀ ਲਾ ਦਿੱਤਾ । ਸਿਵਲ ਹਸਪਤਾਲ ਮਾਹਿਲਪੁਰ ਦੇ ਐਸ ਐਮ ਓ ਡਾਕਟਰ ਜਸਵੰਤ ਸਿੰਘ ਥਿੰਦ ਨੇ ਦੱਸਿਆ ਕਿ ਸਰਜਨ ਡਾਕਟਰ ਬਲਜਿੰਦਰ ਕੁਮਾਰ ਨੇ ਇਕ ਸਾਲ ਵਿਚ ਕੋਈ ਛੇ ਸੌ ਤੋਂ ਵੱਧ ਅਪਰੇਸ਼ਨ ਕੀਤੇ ਹਨ ਜੋ ਸਾਰੇ ਸਫਲ ਰਹੇ ਹਨ।ਥਿੰਦ ਨੇ ਦੱਸਿਆ ਕਿ ਕਾਫੀ ਗਰੀਬ ਪਰਵਾਰਾਂ ਨੇ ਇਸ ਹਸਪਤਾਲ ਵਿਚ ਆਯੂਸ਼ਮਾਨ ਕਾਰਡ ਦਾ ਸਹਾਰਾ ਲੈ ਕੇ ਬਿਲਕੁਲ ਮੁਫ਼ਤ ਅਪਰੇਸ਼ਨ ਕਰਵਾ ਕਿ ਨਵੀਂ ਜ਼ਿੰਦਗੀ ਪ੍ਰਾਪਤ ਕੀਤੀ ਹੈ।



# ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ ਦੇ ਵਿਦਿਆਰਥੀਆਂ ਦਾ ਬੀ ਐੱਡ ਦੇ ਨਤੀਜੇ 'ਚ ਸ਼ਾਨਦਾਰ ਪ੍ਰਦਰਸ਼ਨ

**ਫਗਵਾੜਾ (ਡਾ. ਰਮਨ)**— ਰਾਮਗੜ੍ਹੀਆ ਕਾਲਜ ਆਫ ਐਜੂਕੇਸ਼ਨ, ਫਗਵਾੜਾ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਐਲਾਨੇ ਬੀ.ਐੱਡ. ਸਮੈਸਟਰ ਪਹਿਲੇ ਦੇ ਨਤੀਜੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।ਕਾਲਜ ਦੇ ਹੋਣਹਾਰ ਵਿਦਿਆਰਥੀ ਅਰੁਣ ਕੁਮਾਰ ਨੇ 8.20 ਐੱਸ.ਜੀ.ਪੀ.ਏ. ਪ੍ਰਾਪਤ ਕਰਕੇ ਕਾਲਜ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ ।ਕਾਲਜ ਦੀਆਂ ਵਿਦਿਆਰਥਣਾਂ ਸਾਵਿੱਤਰੀ, ਮਨੀਸ਼ਾ, ਸ਼ਿਵਾਨੀ ਮਲਹੋਤਰਾ ਅਤੇ ਰੁਪਿੰਦਰ ਕੌਰ ਨੇ 7.80 ਐੱਸ.ਜੀ.ਪੀ.ਏ. ਨਾਲ ਕਾਲਜ ਵਿੱਚ ਦੂਜਾ ਸਥਾਨ ਹਾਸਿਲ ਕੀਤਾ।ਇੱਥੇ ਜਿਕਰਯੋਗ ਹੈ ਕਿ ਇਸ ਸਾਲ ਬੀ.ਐੱਡ. ਸਮੈਸਟਰ ਤੀਜੇ ਦੇ ਵਿਦਿਆਰਥੀਆਂ ਦਾ ਨਤੀਜਾ ਵੀ ਬਹੁਤ ਸ਼ਾਨਦਾਰ ਰਿਹਾ। ਲਗਭਗ ਪੰਜਾਹ ਫੀਸਦੀ ਵਿਦਿਆਰਥੀਆਂ ਨੇ 9.00 ਐੱਸ.ਜੀ.ਪੀ.ਏ. ਪ੍ਰਾਪਤ ਕਰਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ। ਕਾਲਜ ਦੀ ਸਮੁੱਚੀ ਕਾਰਗੁਜ਼ਾਰੀ ਸ਼ਲਾਘਾਯੋਗ ਰਹੀ ਜੋ ਕਿ ਵਿਦਿਆਰਥੀਆਂ ਅਤੇ ਫੈਕਲਟੀ ਦੇ ਨਿਰੰਤਰ ਯਤਨਾਂ ਅਤੇ ਵਚਨਬੱਧਤਾ ਨੂੰ ਦਰਸਾਉਂਦੀ ਹੈ ਵਿਦਿਆਰਥੀਆਂ ਨੇ ਇਸ ਕਾਮਯਾਬੀ ਦਾ ਸਿਹਰਾ ਕਾਲਜ ਦੇ ਅਧਿਆਪਕਾਂ ਤੇ ਆਪਣੇ ਮਾਤਾ ਪਿਤਾ ਦੇ ਸਿਰ ਬੰਨ੍ਹਿਆ। ਸ਼੍ਰੀਮਤੀ ਮਨਪ੍ਰੀਤ ਕੌਰ ਭੋਗਲ, ਚੇਅਰਪਰਸਨ, ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਅਤੇ ਡਾ. ਵਿਓਮਾ ਭੋਗਲ ਢੱਟ, ਡਾਇਰੈਕਟਰ, ਰਾਮਗੜ੍ਹੀਆ ਐਜੂਕੇਸ਼ਨਲ ਇੰਸਟੀਟਿਊਸ਼ਨਜ਼; ਨੇ ਪ੍ਰਿੰਸੀਪਲ ਡਾ. ਸੁਰਿੰਦਰ ਜੀਤ ਕੌਰ, ਸਮਰਪਿਤ ਅਧਿਆਪਕਾਂ, ਵਿਦਿਆਰਥੀਆਂ ਅਤੇ ਉਹਨਾਂ ਦੇ ਮਾਤਾ ਪਿਤਾ ਨੂੰ ਇਸ ਸ਼ਲਾਘਾਯੋਗ ਪ੍ਰਾਪਤੀ 'ਤੇ ਵਧਾਈ ਦਿੱਤੀ।ਉਹਨਾਂ ਨੇ ਕਿਹਾ ਕਿ ਕਾਲਜ ਆਪਣੇ ਸਥਾਪਤੀ ਦੇ ਸਮੇਂ 1956 ਤੋਂ ਹੀ ਵਧੀਆ ਪ੍ਰਦਰਸ਼ਨ ਕਰਦਾ ਆ ਰਿਹਾ ਹੈ। ਇਹ ਸਭ ਦੀ ਸਖਤ ਮਿਹਨਤ ਦਾ ਹੀ ਨਤੀਜਾ ਹੈ ਕਿ ਕਾਲਜ ਸਿੱਖਿਆ ਦੇ ਖੇਤਰ ਵਿੱਚ ਇਕ ਮੀਲ ਪੱਥਰ ਸਥਾਪਿਤ ਹੋਇਆ ਹੈ।ਪ੍ਰਿੰਸੀਪਲ ਡਾ. ਸੁਰਿੰਦਰ ਜੀਤ ਕੌਰ ਨੇ ਕਿਹਾ ਕਿ ਇਸ ਕਾਲਜ ਦੇ ਵਿਦਿਆਰਥੀ ਸਿਰਫ ਸਹਿ-ਅਕਾਦਮਿਕ ਕਿਰਿਆਵਾਂ ਵਿੱਚੋਂ ਹੀ ਨਹੀ ਸਗੋਂ ਅਕਾਦਮਿਕ ਪੱਖੋਂ ਵੀ ਮੋਹਰੀ ਹਨ।ਕਾਲਜ ਦਾ ਇਹ ਸ਼ਾਨਦਾਰ ਨਤੀਜਾ ਦਰਸਾਉਂਦਾ ਹੈ ਕਿ ਕਾਲਜ ਪ੍ਰਭਾਵਸ਼ਾਲੀ ਢੰਗ ਨਾਲ ਆਪਣੇ ਵਿਦਿਆਰਥੀਆਂ ਦੀ ਸ਼ਖਸੀਅਤ ਦੇ ਉੱਤਮ ਵਿਕਾਸ ਦੇ ਲਈਂ ਵਚਨਬੱਧ ਹੈ।ਉਹਨਾਂ ਉਮੀਦ ਕੀਤੀ ਕਿ ਕਾਲਜ ਭਵਿੱਖ ਵਿੱਚ ਵੀ ਆਪਣੀ ਇਸ ਚਮਕ ਨੂੰ ਬਰਕਰਾਰ ਰੱਖੇਗਾ।



# ਪੈਨਸ਼ਨਰਾਂ ਦੀਆਂ ਮੰਗਾਂ ਦਾ ਨਿਪਟਾਰਾ ਨਾ ਕਰਨ 'ਤੇ ਰੋਸ ਰੈਲੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਪੈਨਸ਼ਨਰ ਐਸੋਸੀਏਸ਼ਨ ਸਿਟੀ ਮੰਡਲ ਹੁਸ਼ਿਆਰਪੁਰ ਦੀ ਮੀਟਿੰਗ/ਰੈਲੀ ਸਿਟੀ ਮੰਡਲ ਦਫਤਰ ਸਾਹਮਣੇ ਹੋਈ।ਇਸ ਰੈਲੀ ਦੀ ਪ੍ਰਧਾਨਗੀ ਖੁਸ਼ੀ ਰਾਮ ਧੀਮਾਨ ਸ਼ਹਿਰੀ ਮੰਡਲ ਨੇ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਖੁਸ਼ੀ ਰਾਮ ਧੀਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਬਿਜਲੀ ਵਿਭਾਗ ਦੇ ਖਿਲਾਫ 15 ਮਈ ਤੱਕ ਸਾਰੇ ਪੰਜਾਬ ਵਿੱਚ ਮੀਟਿੰਗਾਂ / ਰੈਲੀਆਂ ਕਰਕੇ ਜਬਰਦਸਤ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਉਸੇ ਹੀ ਕੜੀ ਵਿੱਚ ਸਿਟੀ ਮੰਡਲ ਦਫਤਰ ਪੀਐਸਪੀ ਸੀਐਲ ਹੁਸ਼ਿਆਰਪੁਰ ਦੇ ਦਫਤਰ ਸਾਹਮਣੇ ਜਬਰਦਸਤ ਰੋਸ ਰੈਲੀ ਕੀਤੀ ਗਈ। ਰੈਲੀ ਨੂੰ ਸੰਬੋਧਨ ਕਰਦੇ ਹੋਏ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮ ਯੂਨੀਅਨਾਂ ਅਤੇ ਪੈਨਸ਼ਨਰ ਐਸੋਸੀਏਸ਼ਨਾਂ ਨੂੰ ਮੀਟਿੰਗ ਨਾ ਦੇ ਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਨਾਲ ਗਲਤ ਵਿਵਹਾਰ ਕਰ ਰਹੀ ਹੈ। ਨੇਤਾਵਾਂ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪੰਜਾਬ ਸਰਕਾਰ ਨੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ 1-1-2016 ਤੋਂ ਪਹਿਲਾਂ ਰਿਟਾਇਰ ਹੋਏ ਕਰਮਚਾਰੀਆਂ ਦੇ ਸਕੇਲਾਂ ਦਾ ਬਕਾਇਆ ਰਾਸ਼ੀ 42 ਕਿਸ਼ਤਾਂ ਵਿੱਚ ਦੇਣ ਦਾ ਜੋ ਫੈਸਲਾ ਕੀਤਾ ਹੈ ਉਸ ਨੂੰ ਸੋਧ ਕੇ ਬਕਾਇਆ ਰਾਸ਼ੀ ਯਕਮੁਸ਼ਤ ਦਿੱਤੀ ਜਾਵੇ, 1-1-2016 ਤੋਂ ਬਾਅਦ ਰਿਟਾਇਰ ਹੋਏ ਕਰਮਚਾਰੀਆਂ ਦੇ ਸਕੇਲਾਂ ਦਾ ਬਕਾਇਆ ਅਪ੍ਰੈਲ 2025 ਤੋਂ ਦਿੱਤਾ ਜਾਏ, ਮੈਡੀਕਲ ਭੱਤਾ 2000 ਰੁਪਏ ਪ੍ਰਤੀ ਮਹੀਨਾ ਕੀਤਾ ਜਾਏ, ਕੈਸ਼ਲੈਸ ਸਕੀਮ ਲਾਗੂ ਕੀਤੀ ਜਾਵੇ। ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ। ਪੀਐਸਪੀਸੀਐਲ ਦੇ ਪੈਨਸ਼ਨਰ ਮੁਲਾਜ਼ਮਾਂ ਨੂੰ ਵੀ ਬਿਜਲੀ ਕਨਸੈਸ਼ਨ ਦਿੱਤੀ ਜਾਵੇ, ਬਿਜਲੀ ਵਿਭਾਗ ਦੇ ਮੁਲਾਜ਼ਮਾਂ ਦੀ ਡਿਊਟੀ ਸਮੇਂ ਮੌਤ ਹੋਣ ਤੇ ਇੱਕ ਕਰੋੜ ਦੀ ਰਾਸ਼ੀ ਸਹਾਇਤਾ ਦਿੱਤੀ ਜਾਏ, ਬਿਜਲੀ ਵਿਭਾਗ ਵਿੱਚ ਨਿੱਜੀਕਰਨ ਬੰਦ ਕੀਤਾ ਜਾਏ, ਓਲਡ ਏਜ ਪੈਨਸ਼ਨ ਨੂੰ ਬੇਸਿਕ ਪੈਨਸ਼ਨ ਦਾ ਹਿੱਸਾ ਮੰਨ ਕੇ ਐਲਟੀਸੀ ਦਿੱਤਾ ਜਾਏ, 13% ਬਕਾਇਆ ਮਹਿੰਗਾਈ ਭੱਤਾ ਬਿਨਾਂ ਕਿਸੇ ਦੇਰੀ ਤੋਂ ਦਿੱਤਾ ਜਾਵੇ, 2.59 ਦੇ ਗੁਣਾਂਕ ਨਾਲ ਪੈਨਸ਼ਨ ਵਿੱਚ ਸੋਧ ਕੇ ਦਿੱਤੀ ਜਾਵੇ, ਕੱਚੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ, ਇਸ ਮੌਕੇ ਅਸ਼ਵਨੀ ਕੁਮਾਰ, ਸੰਤੋਸ਼ ਕੁਮਾਰ, ਗੀਤਪਾਲ ਸਿੰਘ, ਠਾਕੁਰ ਅਵਤਾਰ ਸਿੰਘ, ਰੋਸ਼ਨ ਲਾਲ, ਵਿਜੇ ਕੁਮਾਰ, ਗੁਰਭੀਤਰ ਪਾਲ ਸਿੰਘ, ਜੈ ਦੇਵ, ਮੰਗਲ ਸਿੰਘ, ਸਤਪਾਲ ਕਪੂਰ, ਰਜਿੰਦਰ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

# ਸੂਰੀ ਹਸਪਤਾਲ ਵਿਖੇ ਖ਼ੂਨਦਾਨ ਕੈਂਪ 17 ਨੂੰ

**ਬਲਾਚੌਰ (ਜਸਵਿੰਦਰ ਬੈਂਸ)**- ਭੱਦੀ ਰੋਡ ਸਥਿਤ ਸੂਰੀ ਹਸਪਤਾਲ ਵਿਖੇ 17 ਮਈ ਨੂੰ ਖ਼ੂਨਦਾਨ ਕੈਂਪ ਲਗਾਇਆ ਜਾ ਰਿਹਾ ਹੈ। ਡਾਕਟਰ ਭੁਪਿੰਦਰਜੀਤ ਸਿੰਘ ਸੂਰੀ ਨੇ ਦੱਸਿਆ ਕਿ ਇਹ ਖ਼ੂਨਦਾਨ ਕੈਂਪ ਭਾਰਤ ਦੀ ਸੈਨਾ ਲਈ ਸਵੇਰੇ 10 ਤੋਂ ਲੈ ਕੇ 5 ਵਜੇ ਤੱਕ ਲਗਾਇਆ ਜਾ ਰਿਹਾ ਹੈ। 18 ਸਾਲ ਦੀ ਉਮਰ ਤੋਂ ਉੱਪਰ ਦਾ ਕੋਈ ਵੀ ਵਿਅਕਤੀ ਖ਼ੂਨਦਾਨ ਕਰ ਸਕਦਾ ਹੈ। ਇਸ ਮੌਕੇ 'ਤੇ ਉਹਨਾਂ ਨੇ ਇਲਾਕੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਕੈਂਪ ਦਾ ਹਿੱਸਾ ਬਣਨ ਅਤੇ ਵੱਧ ਤੋਂ ਵੱਧ ਯੋਗਦਾਨ ਪਾਉਣ।ਉਹਨਾਂ ਨੇ ਕਿਹਾ ਕਿ ਹਰ ਤਿੰਨ ਮਹੀਨੇ ਬਾਅਦ ਅਸੀਂ ਖ਼ੂਨ ਦਾਨ ਕਰ ਸਕਦੇ ਹਾਂ ਸਾਡੇ ਵੱਲੋਂ ਦਿੱਤਾ ਗਿਆ ਖ਼ੂਨ ਕਿਸੇ ਦੀ ਕੀਮਤੀ ਜ਼ਿੰਦਗੀ ਬਚਾ ਸਕਦਾ ਹੈ।



# ਅਵਾਰਾ ਕੁੱਤਿਆਂ ਤੋਂ ਪ੍ਰੇਸ਼ਾਨ ਹਨ ਮਿੱਤਲ ਕਾਲੋਨੀ ਨਿਵਾਸੀ



**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਮਿੱਤਲ ਕਾਲੋਨੀ ਦੇ ਨਿਵਾਸੀਆਂ ਮੇਹਰ ਸਿੰਘ ਢਿੱਲੋਂ, ਗੁਰਚਰਨ ਸਿੰਘ,ਮਿਨਾਕਸ਼ੀ, ਬਲਜੀਤ ਕੌਰ, ਸਤਨਾਮ ਕੌਰ, ਅਸ਼ਵਿੰਦਰ ਕੌਰ, ਇੰਦਰਜੀਤ ਕੌਰ, ਸੰਦੀਪ ਕੌਰ,ਸੁਰਜੀਤ ਕੌਰ, ਤਰਨਜੀਤ ਕੌਰ, ਬਲਬੀਰ ਸਿੰਘ, ਗੁਰਮੇਹਰ ਸਿੰਘ, ਸਤਨਾਮ ਸਿੰਘ, ਗਿਆਨ ਸਿੰਘ, ਜਸਵੰਤ ਸਿੰਘ, ਸੁਰਿੰਦਰ ਕੌਰ ਆਦਿ ਨੇ ਸਾਂਝੇ ਰੂਪ ਵਿਚ ਕਿਹਾ ਕਿ ਅਸੀਂ ਸਾਰੇ ਮੁਹੱਲਾ ਨਿਵਾਸੀ ਅਵਾਰਾ ਕੁੱਤਿਆਂ ਤੋਂ ਪ੍ਰੇਸ਼ਾਨ ਹਾਂ।ਇਥੇ 8-10 ਦੇ ਕਰੀਬ ਕੁੱਤੇ ਹਨ ਜੋ ਜਿੱਥੇ ਗੰਦ ਪਾਉਂਦੇ ਹਨ ਉਥੇ ਲੋਕਾਂ ਨੂੰ ਪੈਂਦੇ ਵੀ ਹਨ। ਅਸੀਂ ਬਾਲ ਬੱਚਿਆਂ ਵਾਲੇ ਹਾਂ ਤੇ ਹਰ ਸਮੇ ਇਹ ਡਰ ਰਹਿੰਦਾ ਹੈ ਕਿ ਇਹ ਕੁੱਤੇ ਸਾਨੂੰ ਜਾਂ ਸਾਡੇ ਬੱਚਿਆਂ ਨੂੰ ਵੱਢ ਕੇ ਨੁਕਸਾਨ ਨਾ ਪਹੁੰਚਾਉਣ। ਉਨ੍ਹਾਂ ਕਿਹਾ ਕਈ ਵਾਰ ਕਹਿ ਚੁੱਕੇ ਹਾਂ ਕਿ ਕੁੱਤਿਆਂ ਨੂੰ ਆਪਣੇ ਘਰ ਵਿਚ ਬੰਨ ਕੇ ਰੱਖੋ ਪਰ ਸਾਡੀ ਗੱਲ ਸੁਣਨ ਨੂੰ ਤਿਆਰ ਨਹੀਂ। ਕਲੋਨੀ ਨਿਵਾਸੀਆਂ ਨੇ ਕਿਹਾ ਕਿ ਇਥੇ ਇਕ ਸੁੰਦਰ ਪਾਰਕ ਹੈ ਜੋ ਸੈਰ ਕਰਨ ਤੇ ਅਰਾਮ ਦੇ ਦੋ ਪੱਲ ਬੈਠਣ ਵਾਸਤੇ ਬਣਾਇਆ ਗਿਆ ਹੈ ਪਰ ਅਫਸੋਸ ਇਨ੍ਹਾਂ ਅਵਾਰਾ ਕੁੱਤਿਆਂ ਕਾਰਨ ਇਸ ਪਾਰਕ ਵਿਚ ਕੋਈਨਹੀ ਆਉਂਦਾ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੁੱਤਿਆਂ ਨੇ ਕਈ ਵਾਰ ਸਾਡੇ ਬੱਚਿਆਂ ਨੂੰ ਵੀ ਵੱਢਿਆ ਹੈ ਜਿਸ ਕਰਕੇ ਪ੍ਰਸ਼ਾਸ਼ਨ ਇਨ੍ਹਾਂ ਅਵਾਰਾ ਕੁਤਿਆਂ ਦਾ ਪੱਕਾ ਹੱਲ ਕਰਾਵੇ।

# ਸ਼੍ਰੋਮਣੀ ਅਕਾਲੀ ਦਲ (ਅ) ਨੇ ਅਮਨ-ਸ਼ਾਂਤੀ ਲਈ ਰਾਸ਼ਟਰਪਤੀ ਨੂੰ ਭੇਜਿਆ ਯਾਦ ਪੱਤਰ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਪੰਜਾਬ ਪੰਜਾਬੀਆਂ ਸਿੱਖ ਕੌਮ ਅਤੇ ਮਨੁੱਖਤਾ ਵਿਰੁੱਧ ਜਬਰੀ ਥੋਪੀ ਜਾ ਰਹੀ ਜੰਗ ਵਿੱਚ ਸਿੱਖ ਕੌਮ ਵੱਲੋਂ ਕਿਸੇ ਤਰ੍ਹਾਂ ਦਾ ਸਾਥ ਨਾ ਦੇਣ ਅਤੇ ਜੰਗ ਤੋਂ ਤੌਬਾ ਕਰਨ ਸਬੰਧੀ ਇੱਕ ਯਾਦ ਪੱਤਰ ਗੁਰਦੀਪ ਸਿੰਘ ਖੁਣ ਖੁਣ ਕੌਮੀ ਸੀਨੀਅਰ ਮੀਤ ਪ੍ਰਧਾਨ ਕਿਸਾਨ ਵਿੰਗ ਅਤੇ ਜ਼ਿਲ੍ਹਾ ਪ੍ਰਧਾਨ ਗੁਰਨਾਮ ਸਿੰਘ ਸਿੰਗੜੀਵਾਲਾ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਅਸ਼ਿਕਾ ਜੈਨ ਦੇ ਰੁਝੇਵਿਆਂ ਕਾਰਨ ਪਰਮਪ੍ਰੀਤ ਸਿੰਘ ਅਸਿਸਟੈਂਟ ਕਮਿਸ਼ਨਰ (ਜ) ਨੂੰ ਰਾਸ਼ਟਰਪਤੀ ਬੀਬੀ ਦਰੋਪਤੀ ਮੁਰਮੂ ਲਈ ਦਿੱਤਾ। ਇਸ ਸਮੇਂ ਗੁਰਦੀਪ ਸਿੰਘ ਖੁਣ ਖੁਣ ਨੇ ਕਿਹਾ ਕਿ ਪੰਜਾਬ ਵਿੱਚ ਵਸਣ ਵਾਲੀ ਸਿੱਖ ਕੌਮ ਅਤੇ ਪੰਜਾਬੀ ਹਰ ਤਰ੍ਹਾਂ ਦੀ ਜੰਗ ਅਤੇ ਯੁੱਧ ਦੇ ਇਸ ਲਈ ਵਿਰੋਧੀ ਹਨ ਕਿਉਂਕਿ ਇਸ ਨਾਲ ਨਿਰਦੋਸ਼ਾਂ ਤੇ ਮਸੂਮਾਂ ਦੀਆਂ ਜਾਨਾਂ ਦਾ ਵੱਡਾ ਨੁਕਸਾਨ ਹੀ ਨਹੀਂ ਹੁੰਦਾ ਬਲਕਿ ਮਾਲੀ ਅਤੇ ਆਰਥਿਕ ਤੌਰ 'ਤੇ ਵੀ ਅਜਿਹੀਆਂ ਜੰਗਾਂ ਸਮੇਂ ਸਿੱਖ ਕੌਮ ਅਤੇ ਪੰਜਾਬੀਆਂ ਦਾ ਵੱਡਾ ਨੁਕਸਾਨ ਹੁੰਦਾ ਹੈ ਇਸ ਲਈ ਅਸੀਂ ਅਮਨ ਚੈਨ ਅਤੇ ਜਮਹੂਰੀਅਤ ਦੇ ਹਾਮੀ ਹਾਂ। ਸਿੰਗੜੀਵਾਲਾ ਨੇ ਕਿਹਾ ਕਿ ਕੇਂਦਰ ਦੀ ਹਿੰਦੂਤਵੀ ਨਰਿੰਦਰ ਮੋਦੀ ਸਰਕਾਰ ਵਲੋਂ ਆਪਣੇ ਸਿਆਸੀ ਅਤੇ ਸਵਾਰਥੀ ਹਿੱਤਾਂ ਦੀ ਪੂਰਤੀ ਹਿੱਤਾਂ ਦੀ ਪੂਰਤੀ ਲਈ ਸਮੁੱਚੇ ਮੁਲਕ ਨਿਵਾਸੀਆਂ ਨੂੰ ਜੰਗ ਵਿੱਚ ਧੱਕਿਆ ਜਾ ਰਿਹਾ ਹੈ ਅਤੇ ਮੰਦ ਭਾਵਨਾ ਅਧੀਨ ਸਿੱਖ ਕੌਮ ਅਤੇ ਪੰਜਾਬੀਆਂ ਤੇ ਜੰਗ ਥੋਪੀ ਜਾ ਰਹੀ ਜਿਸ ਦਾ ਸ਼੍ਰੋਮਣੀ ਅਕਾਲ ਦਲ ਅੰਮ੍ਰਿਤਸਰ ਪਾਰਟੀ ਸਖਤ ਵਿਰੋਧ ਕਰਦੀ ਹੈ ਇਸ ਸਮੇਂ ਉਹਨਾਂ ਨੇ ਦੇਸ਼ ਦੀ ਰਾਸ਼ਟਰਪਤੀ ਬੀਬੀ ਦਰੋਪਤੀ ਮੁਰਮੂ ਨੂੰ ਗੰਭੀਰਤਾ ਭਰੀ ਅਪੀਲ ਕਰਦੇ ਹੋਇਆਂ ਕਿਹਾ ਕਿ ਉਹ ਆਪਣੇ ਵਿਧਾਨਕ ਅਤੇ ਮਨੁੱਖਤਾ ਪੱਖੀ ਸੋਚ ਦੀ ਵਰਤੋਂ ਕਰਦਿਆਂ ਹੋਇਆਂ ਇਸ ਜੰਗ ਨੂੰ ਰੁਕਵਾਉਣ ਲਈ ਤੁਰੰਤ ਆਪਣੀ ਜਿੰਮੇਵਾਰੀ ਨਿਭਾਉਣ ਜਿਸ ਲਈ ਸਿੱਖ ਕੌਮ ਅਤੇ ਪੰਜਾਬੀ ਆਪਦੇ ਦਿਲੋਂ ਸ਼ੁਕਰਗੁਜ਼ਾਰ ਹੋਣਗੇ। ਇਸ ਸਮੇਂ ਇਸ ਸਮੇਂ ਸੰਦੀਪ ਸਿੰਘ ਖਾਲਸਾ ਟਾਂਡਾ, ਬੀਬੀ ਰਾਜਵਿੰਦਰ ਕੌਰ, ਹਰਵਿੰਦਰ ਸਿੰਘ ਹੀਰਾ,ਸਤਵੰਤ ਸਿੰਘ ਮੁਰਾਦਪੁਰ, ਬਘੇਲ ਸਿੰਘ ਟਾਂਡਾ, ਗੁਰਵਿੰਦਰ ਸਿੰਘ ਮਿਆਣੀ, ਗੌਰਵ ਮੱਲ, ਜਸਦੀਪ ਸਿੰਘ ਕੁਰੇਸ਼ੀਆ ਆਦਿ ਹਾਜ਼ਰ ਸਨ।



# ਮਿਰਜ਼ਾਪੁਰ ਵਿਖੇ ਦੋਨੋਂ ਦੇਸ਼ਾਂ ਦੀ ਅਮਨ-ਸ਼ਾਂਤੀ ਲਈ ਸੁਖਮਨੀ ਸਾਹਿਬ ਦੇ ਪਾਠ ਕੀਤੇ

**ਅੱਡਾ ਸਰਾਂ (ਜਸਵੀਰ ਕਾਜਲ)**— ਨਜ਼ਦੀਕੀ ਪਿੰਡ ਮਿਰਜ਼ਾਪੁਰ ਦੇ ਗੁਰਦੁਆਰਾ ਗੁਰੂ ਨਾਨਕ ਨਿਵਾਸ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਨਗਰ ਦੀਆਂ ਸੰਗਤਾਂ ਵਲੋਂ ਹਰਪ੍ਰੀਤ ਕੌਰ, ਕੁਲਦੀਪ ਕੌਰ, ਜਸਵਿੰਦਰ ਕੌਰ ਚੌਹਾਨ, ਇੰਦਰਜੀਤ ਕੌਰ, ਭੁਪਿੰਦਰ ਕੌਰ, ਇਕਵਿੰਦਰ ਕੌਰ, ਕਮਲਜੀਤ ਕੌਰ, ਰਮਨਦੀਪ ਕੌਰ, ਕੁਲਦੀਪ ਕੌਰ,ਪੂਨਮ ਡੋਗਰਾ ਆਦਿ ਬੀਬੀਆਂ ਵਲੋਂ ਭਾਰਤ ਪਾਕਿਸਤਾਨ ਵਿਚਾਲੇ ਵਧੇ ਤਣਾਅ ਮੌਕੇ ਚਲ ਰਹੀ ਜੰਗ ਨੂੰ ਖਤਮ ਕਰਨ ਵਾਸਤੇ ਅਤੇ ਦੋਨੋਂ ਦੇਸ਼ਾਂ ਦੀ ਅਮਨ ਸ਼ਾਂਤੀ ਲਈ ਸ੍ਰੀ ਸੁਖਮਨੀ ਸਾਹਿਬ ਜੀ ਪਾਠ ਦੇ ਭੋਗ ਪਾਏ ਗਏ ਅਤੇ ਦੋਨੋਂ ਦੇਸ਼ਾਂ ਦੇ ਅਮਨ ਸ਼ਾਂਤੀ ਲਈ ਅਰਦਾਸ ਕੀਤੀ ਗਈ। ਇਸ ਮੌਕੇ ਕੜਾਹ ਪ੍ਰਸ਼ਾਦ ਦੀ ਦੇਗ਼ ਵਰਤਾਈ ਗਈ ਅਤੇ ਚਾਹ ਦੇ ਲੰਗਰ ਲਗਾਏ ਗਏ। ਇਸ ਮੌਕੇ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਨਾਮ ਸਿੰਘ ਤੋਂ ਇਲਾਵਾ ਸਰਪੰਚ ਰਮਿੰਦਰ ਸਿੰਘ ਚੌਹਾਨ ਆਦਿ ਸੰਗਤਾਂ ਹਾਜ਼ਰ ਸਨ।



# ਦਲਜੀਤ ਦਸ ਸਾਲ ਤੋਂ ਲਗਾ ਰਿਹਾ ਹੈ ਬੂਟੇ

**ਮਾਹਿਲਪੁਰ (ਸ.ਫਰੀ)**- ਹੁਸ਼ਿਆਰਪੁਰ- ਚੰਡੀਗੜ੍ਹ ਮੁੱਖ ਮਾਰਗ 'ਤੇ ਪੈਂਦੇ ਪਿੰਡ ਟੂਟੋਮਜਾਰਾ ਦੇ ਬੱਸ ਅੱਡੇ ਤੇ ਕਾਫੀ ਅਰਸੇ ਤੋਂ ਇਕ ਮਠਿਆਈ ਦੀ ਦੁਕਾਨ ਚਲਾ ਰਿਹਾ ਹੈ ਦਲਜੀਤ ਸਿੰਘ ਹੁਸ਼ਿਆਰਪੁਰੀਂ ਪੱਚੀ ਕਿਲੋਮੀਟਰ ਦਾ ਸਫਰ ਤੈਅ ਕਰਕੇ ਪਿੰਡ ਟੂਟੋ ਮਜਾਰਾ ਵਿਖੇ ਆਪਣੀਂ ਦੁਕਾਨ ਖੋਲ੍ਹਦਾ ਹੈ।ਉਸ ਨੇ ਦੱਸਿਆ ਕਿ ਆਉਂਦਾ ਜਾਂਦਾ ਮੈਂ ਦੇਖਦਾ ਰਹਿੰਦਾ ਹਾਂ ਕਿ ਸੜਕ ਕਿਨਾਰੇ ਕਿਥੇ ਕਿਥੇ ਰੁੱਖਾਂ ਦੀ ਲੋੜ ਹੈ , ਜਿਥੇ ਰੁੱਖਾਂ ਦੀ ਘਾਟ ਹੋਵੇ ਮੈਂ ਉਥੇ ਬੂਟੇ ਲਗਾ ਦਿੰਦਾ ਹਾਂ। ਮੈਂ ਦਸਾਂ ਕੋ ਸਾਲਾਂ ਤੋਂ ਕਾਫੀ ਬੂਟੇ ਲਗਾ ਚੁੱਕਾ ਹਾਂ ਜੋ ਦਰੱਖ਼ਤ ਬਣ ਚੁੱਕੇ ਹਨ। ਮੇਰਾ ਕੰਮ ਸਿਰਫ਼ ਬੂਟਾ ਲਾਉਂਣਾ ਹੀ ਨਹੀਂ , ਮੈਂ ਉਸ ਦੀ ਪੂਰੀ ਪਰਵਰਿਸ਼ ਵੀ ਕਰਦਾ ਹਾਂ। ਮੈਂ ਪਿੱਪਲ,ਡੇਕ,ਤੁਣ, ਬੋਹੜ ਅਤੇ ਨਿੰਮ ਦੇ ਬੂਟੇ ਹੀ ਲਗਾਉਂਦਾ ਹਾਂ । ਜਦੋਂ ਮੈਂ ਆਪਣੇ ਹੱਥੀਂ ਲਾਏ ਬੂਟੇ ਦਰਖ਼ਤ ਬਣੇ ਦੇਖਦਾ ਹਾਂ ਤਾਂ ਮੈਨੂੰ ਬਹੁਤ ਖੁਸ਼ੀ ਹੁੰਦੀ ਹੈ।



# ਈ ਬੀ ਐੱਸ ਸੀ ਓ ਈ- ਰੀਸੋਰਸਿਸ ਦੀ ਵਰਤੋਂ ਤੇ ਮਹੱਤਤਾ ਬਾਰੇ ਦਿੱਤੀ ਜਾਣਕਾਰੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਬਾਬਾ ਫਰੀਦ ਯੂਨੀਵਰਸਿਟੀ ਨੇ ਰਿਆਤ ਬਾਹਰਾ ਨਰਸਿੰਗ ਕਾਲਜ ਵਿਖੇ 'ਈ.ਬੀ. ਐਸ.ਸੀ.ਓ. ਈ- ਰੀਸੋਰਸਿਸ ਦੀ ਐਕਸੈਸਿਬਿਲਿਟੀ' ਵਿਸ਼ੇ 'ਤੇ ਇੱਕ ਵਿਸ਼ੇਸ਼ ਸਿਖਲਾਈ ਸੈਸ਼ਨ ਦਾ ਆਯੋਜਨ ਕੀਤਾ। ਇਸ ਮੌਕੇ 'ਤੇ ਈ.ਬੀ.ਐਸ.ਸੀ.ਓ. ਇੰਚਾਰਜ ਰਿਤੇਸ਼ ਕੁਮਾਰ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਈ.ਬੀ.ਐਸ.ਸੀ.ਓ. ਈ- ਰੀਸੋਰਸਿਸ ਦੀ ਵਰਤੋਂ ਅਤੇ ਮਹੱਤਤਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਹ ਸਿਖਲਾਈ ਸੈਸ਼ਨ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਆਯੋਜਿਤ ਕੀਤਾ ਗਿਆ ਸੀ, ਤਾਂ ਜੋ ਉਹ ਖੋਜ ਅਤੇ ਅਧਿਐਨ ਲਈ ਔਨਲਾਈਨ ਸਰੋਤਾਂ ਦੀ ਬਿਹਤਰ ਵਰਤੋਂ ਕਰ ਸਕਣ। ਇਸ ਸੈਸ਼ਨ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀ ਅਤੇ ਅਧਿਆਪਕ ਸ਼ਾਮਲ ਹੋਏ। ਰਿਆਤ ਬਾਹਰਾ ਨਰਸਿੰਗ ਕਾਲਜ ਦੀ ਪ੍ਰਿੰਸੀਪਲ ਡਾ. ਮੀਨਾਕਸ਼ੀ ਚੰਦ ਨੇ ਕਿਹਾ ਕਿ ਇਹ ਸੈਸ਼ਨ ਵਿਦਿਆਰਥੀਆਂ, ਅਧਿਆਪਕਾਂ ਅਤੇ ਖੋਜਕਰਤਾਵਾਂ ਲਈ ਬਹੁਤ ਜਾਣਕਾਰੀ ਭਰਪੂਰ, ਪ੍ਰੇਰਨਾਦਾਇਕ ਅਤੇ ਬਹੁਤ ਲਾਭਦਾਇਕ ਸੀ। ਇਸ ਮੌਕੇ ਰਿਆਤ ਬਾਹਰਾ ਨਰਸਿੰਗ ਕਾਲਜ, ਪਬਲਿਕ ਖਾਲਸਾ ਕਾਲਜ ਫਾਰ ਵੂਮੈਨ ਕੰਧਾਲਾ ਜੱਟਾਂ ਤੋਂ ਇਲਾਵਾ ਡਾ. ਗੁਰਸੇਵਾ ਕਾਲਜ ਆਫ਼ ਨਰਸਿੰਗ, ਨਸਰਾਲਾ; ਮਦਰ ਮੈਰੀ ਇੰਸਟੀਚਿਊਟ ਆਫ਼ ਨਰਸਿੰਗ, ਨਸਰਾਲਾ; ਸ਼੍ਰੀ ਗੁਰੂ ਰਾਮਦਾਸ ਕਾਲਜ ਆਫ਼ ਨਰਸਿੰਗ, ਹੁਸ਼ਿਆਰਪੁਰ; ਐੱਸ.ਟੀ. ਕਾਲਜ ਆਫ਼ ਨਰਸਿੰਗ ਐਂਡ ਮੈਡੀਕਲ ਸਾਇੰਸਜ਼, ਹੁਸ਼ਿਆਰਪੁਰ ਅਤੇ ਸਵਾਮੀ ਪਰਮਾਨੰਦ ਕਾਲਜ ਆਫ਼ ਨਰਸਿੰਗ, ਮੁਕੇਰੀਆਂ ਦੇ ਪ੍ਰਤੀਨਿਧੀਆਂ ਨੇ ਵੀ ਭਾਗ ਲਿਆ।

# ਬਾਬਾ ਜਸਪਾਲ ਸਿੰਘ ਦਾ ਕੀਤਾ ਸਨਮਾਨ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**— ਗਰੀਬ ਦਾ ਮੂੰਹ, ਗੁਰੂ ਦੀ ਗੋਲਕ ਸੰਸਥਾ ਰਜਿ ਅਜਨੋਹਾ ਪਿਛਲੇ ਕਈ ਸਾਲਾਂ ਤੋਂ ਲੋਕ ਭਲਾਈ ਦੇ ਕਾਰਜ ਕਰ ਰਹੀ ਹੈ। ਸੰਸਥਾ ਮੁਖੀ ਭਾਈ ਹਰਵਿੰਦਰ ਸਿੰਘ ਖਾਲਸਾ ਅਜਨੋਹਾ ਨੇ ਦੱਸਿਆ ਕਿ ਸੰਸਥਾ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਪਾਰ ਮਿਹਰ ਸਦਕਾ ਇਲਾਕਾ ਨਿਵਾਸੀ ਅਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਏ ਜੀ ਦੇ ਵੱਲੋਂ ਵਰਸਾਏ ਗਏ ਬਾਬਾ ਯੱਖ ਜੀ ਦੇ ਜੱਦੀ ਪਿੰਡ ਨਰੂੜ ਵਿਖੇ ਗੁਰੂ ਨਾਨਕ ਚੈਰੀਟੇਬਲ ਡਿਸਪੈਂਸਰੀ ਅਤੇ ਲੈਬੋਰਟਰੀ 4 ਜਨਵਰੀ 2023 ਤੋਂ ਚਲਾਈ ਜਾ ਰਹੀ ਹੈ। ਜਿੱਥੇ ਕਿ ਪੂਰੇ ਪੰਜਾਬ ਤੋਂ ਸੰਗਤਾਂ ਦਵਾਈ ਲੈਣ ਆ ਰਹੀਆਂ ਹਨ। ਸੰਸਥਾ ਵਲੋਂ ਗੁਰਦੁਆਰਾ ਨੈਕੀ ਸਾਹਿਬ ਦੇ ਮੁਖੀ ਬਾਬਾ ਜਸਪਾਲ ਸਿੰਘ ਦਾ ਸਨਮਾਨ ਕੀਤਾ ਗਿਆ । ਇਸ ਮੌਕੇ ਬਾਬਾ ਜਸਪਾਲ ਸਿੰਘ , ਬੀਬੀ ਕਮਲੇਸ਼ ਕੌਰ, ਡਾ. ਤਰਸੇਮ ਸਿੰਘ, ਅਮਰਜੀਤ ਸਿੰਘ ਫਰਾਂਸ ਅਜਨੋਹਾ, ਲੈਬ ਟੈਕਨੀਸ਼ੀਅਨ ਗੁਰਪ੍ਰੀਤ ਸਿੰਘ, ਸੰਦੀਪ ਕੌਰ,ਲੈਬ ਟੈਕਨੀਸ਼ੀਅਨ ਲਵਪ੍ਰੀਤ ਕੌਰ, ਪ੍ਰੀਆ ਨਰੂੜ, ਹਰਪ੍ਰੀਤ ਕੌਰ ਪਾਸ਼ਟਾਂ ਅਤੇ ਹਰਜੀਤ ਕੌਰ ਆਦਿ ਹਾਜ਼ਰ ਸਨ।

# ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਵੱਲੋਂ ਜੰਗਬੰਦੀ ਦੇ ਫੈਸਲੇ ਦਾ ਸਵਾਗਤ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬੀ ਐੱਸ ਸੈਣੀ)** ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਵਲੋਂ ਭਾਰਤ-ਪਾਕਿਸਤਾਨ ਵਿਚਾਲੇ ਸ਼ੁਰੂ ਹੋਈ ਜੰਗ ਦੇ ਬੰਦ ਹੋਣ ਅਤੇ ਦੋਵਾਂ ਦੇਸ਼ਾਂ ਵਲੋਂ ਜੰਗਬੰਦੀ ਲਈ ਸਹਿਮਤ ਹੋਣ ਤੋਂ ਬਾਅਦ ਦੇਸ਼ ਵਾਸੀਆਂ ਅੰਦਰ ਖੁਸ਼ੀ ਦਾ ਮਹੌਲ ਹੈ ਅਤੇ ਜੰਗ ਰੁਕਣ ਤੋਂ ਬਾਅਦ ਜਨ ਜੀਵਨ ਆਮ ਵਾਂਗ ਹੋਣ ਨਾਲ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸੰਤ ਸਰਵਣ ਦਾਸ ਬੋਹਣ ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ, ਪ੍ਰਧਾਨ ਸੰਤ ਨਿਰਮਲ ਦਾਸ ਬਾਬੇਜੌੜੇ, ਜਨਰਲ ਸਕੱਤਰ ਸੰਤ ਇੰਦਰ ਦਾਸ ਨੇ ਕਿਹਾ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਕਾਇਮ ਕਰਨ ਲਈ ਸੰਜੀਦਾ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਇਹ ਜੰਗ ਪਹਿਲੀਆਂ ਜੰਗਾਂ ਨਾਲੋਂ ਵੱਖਰੀ ਹੋਣੀ ਸੀ ਪਰ ਪਰਮਾਤਮਾ ਦੀ ਕ੍ਰਿਪਾ ਨਾਲ ਇਹ ਸੰਕਟ ਟਲ ਗਿਆ ਹੈ। ਸੰਤਾਂ ਮਹਾਂਪੁਰਸ਼ਾਂ ਨੇ ਕਿਹਾ ਕਿ ਜੰਗ ਕਾਰਨ ਜਿਥੇ ਕਾਰੋਬਾਰ ਠੱਪ ਹੋ ਗਏ ਸਨ ਉਥੇ ਬਲੈਕ ਆਊਟ ਕਾਰਨ ਸਹਿਰਾਂ ਅਤੇ ਪਿੰਡਾਂ ਵਿਚ ਘੁੱਪ ਹਨੇਰਾ ਛਾਇਆ ਹੋਇਆ ਸੀ। ਉਨਾਂ ਕਿਹਾ ਭਾਰਤ ਗੁਰੂਆਂ, ਰਿਸ਼ੀਆਂ ਮੁਨੀਆਂ, ਪੈਗੰਬਰਾਂ, ਸੰਤਾਂ ਮਹਾਂਪੁਰਸ਼ਾਂ ਦੀ ਧਰਤੀ ਹੈ ਜਿਨਾਂ ਨੇ ਹਮੇਸ਼ਾ ਅਮਨ ਸ਼ਾਂਤੀ ਤੇ ਭਾਈਚਾਰਕ ਸਾਂਝ ਬਣਾਕੇ ਰੱਖਣ ਦਾ ਉਪਦੇਸ਼ ਦਿੱਤਾ ਹੈ , ਇਸ ਲਈ ਸਾਰੇ ਲੋਕਾਂ ਨੂੰ ਪ੍ਰਮੇਸ਼ਰ ਦੀ ਬਣਾਈ ਸੁੰਦਰ ਕਾਇਨਾਤ ਦੀ ਸਾਂਭ ਸੰਭਾਲ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ । ਇਸ ਮੌਕੇ ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ.ਮੀਤ ਪ੍ਰਧਾਨ, ਸੰਤ ਪਰਮਜੀਤ ਦਾਸ ਨਗਰ ਕੈਸ਼ੀਅਰ, ਸੰਤ ਬਲਵੰਤ ਸਿੰਘ ਡਿੰਗਰੀਆਂ, ਮਹੰਤ ਪ੍ਰਸ਼ੋਤਮ ਲਾਲ ਚੱਕ ਹਕੀਮ , ਸੰਤ ਧਰਮਪਾਲ ਸ਼ੇਰਗੜ, ਸੰਤ ਰਮੇਸ਼ ਦਾਸ ਡੇਰਾ ਕਲਰਾਂ ਸ਼ੇਰਪੁਰ, ਸੰਤ ਜਗੀਰ ਸਿੰਘ ਸਰਬੱਤ ਭਲਾ ਆਸ਼ਰਮ ਨੰਦਾਚੌਰ, ਸੰਤ ਕੁਲਦੀਪ ਦਾਸ ਬਸੀ ਮਰੂਫ,ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ, ਸੰਤ ਬੀਬੀ ਕੁਲਦੀਪ ਕੌਰ ਮਹਿਨਾ, ਸੰਤ ਮਨਜੀਤ ਦਾਸ ਵਿਛੋਹੀ,ਬਾਬਾ ਬਲਕਾਰ ਸਿੰਘ ਤੱਗੜ ਵਡਾਲਾ, ਸੰਤ ਗੁਰਮੀਤ ਦਾਸ,ਸੰਤ ਰਜੇਸ਼ ਦਾਸ ਬਜਵਾੜਾ,ਸੰਤ ਪ੍ਰਮੇਸ਼ਵਰੀ ਦਾਸ ਵੀ ਹਾਜਰ ਸਨ।



# ਸਵਨੀਤ ਕੌਰ ਨੇ ਸੰਭਾਲਿਆ ਬੀ ਡੀ ਪੀ ਓ ਦਾ ਅਹੁਦਾ



**ਗੁਰਾਇਆ (ਬਿੰਦਰ ਸੁਮਨ)**— ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਰੁੜਕਾ ਕਲਾਂ ਦੇ ਬੀ ਡੀ ਪੀ ਉ ਤੇਜਿੰਦਰ ਸਿੰਘ ਦੀ ਬਦਲੀ ਹੋਣ 'ਤੇ ਉਨਾਂ ਦੀ ਥਾਂ 'ਤੇ ਸਵਨੀਤ ਕੌਰ ਸੰਧੂ ਨੇ ਬਤੌਰ ਬੀ ਡੀ ਪੀ ਉ ਰੁੜਕਾਂ ਕਲਾਂ ਦਾ ਚਾਰਜ ਸੰਭਾਲ ਲਿਆ। ਉਨਾਂ ਬਲਾਕ ਰੁੜਕਾ ਕਲਾਂ ਦੇ ਅਧੀਨ ਆਉਂਦੀਆਂ ਪੰਚਾਇਤਾਂ ਨੂੰ ਵਿਸ਼ਵਾਸ ਦਿਵਾਇਆ ਕਿ ਪਿੰਡਾਂ ਦੇ ਵਿਕਾਸ ਕੰਮ ਪਹਿਲ ਦੇ ਅਧਾਰ 'ਤੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਬਲਾਕ ਰੁੜਕਾ ਕਲਾਂ ਦੇ ਕਿਸੇ ਵੀ ਪੰਚਾਇਤ ਨੂੰ ਕੋਈ ਸਮੱਸਿਆ ਹੈ ਉਹ ਉਨਾਂ ਨਾਲ ਸੰਪਰਕ ਕਰ ਸਕਦੇ ਹਨ।

# ਪੰਜਾਬੀ ਆਪਣੇ ਹੱਕ ਦੇ ਪਾਣੀ ਦੀ ਪਹਿਰੇਦਾਰੀ ਲਈ ਸੰਘਰਸ਼ ਦੇ ਰਹੇ ਪਏ : ਐਡਵੋਕੇਟ ਚੱਢਾ

**ਨੰਗਲ (ਸੁਰਜੀਤ ਸਿੰਘ)**- ਪੰਜਾਬ ਤੋਂ ਵਾਧੂ ਪਾਣੀ ਹਰਿਆਣਾ ਨੂੰ ਦੇਣ ਦੇ ਫੈਸਲੇ ਦੇ ਵਿਰੋਧ ਵਿੱਚ ਨੰਗਲ ਡੈਮ ਵਿਚ ਲੱਗੇ ਧਰਨੇ ਵਿੱਚ ਸ਼ਮੂਲੀਅਤ ਕਰਨ ਲਈ ਪਹੁੰਚੇ ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਐਡਵੋਕੇਟ ਦਿਨੇਸ਼ ਕੁਮਾਰ ਚੱਢਾ ਐਮ.ਐਲ.ਏ ਰੂਪਨਗਰ, ਵਿਧਾਇਕ ਗੁਰਲਾਲ ਸਿੰਘ ਘਨੌਰ, ਵਿਧਾਇਕ ਨੀਨਾ ਮਿੱਤਲ ਰਾਜਪੁਰਾ, ਵਿਧਾਇਕ ਕੁਲਦੀਪ ਸਿੰਘ ਰੰਧਾਵਾ ਡੇਰਾਬੱਸੀ, ਚੇਅਰਮੈਨ ਹਰਮਿੰਦਰ ਸਿੰਘ ਢਾਹੇ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ, ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਰੂਪਨਗਰ ਨੇ ਧਰਨੇ ਵਿੱਚ ਜੁੜੇ ਇਲਾਕਾ ਵਾਸੀਆਂ ਨਾਲ ਵਿਚਾਰ ਸਾਂਝੇ ਕੀਤੇ ਅਤੇ ਕੇਂਦਰ ਅਤੇ ਹਰਿਆਣਾ ਸਰਕਾਰ ਵੱਲੋਂ ਪੰਜਾਬ ਦੇ ਹਿੱਤਾਂ ਤੇ ਹੱਕਾਂ 'ਤੇ ਡਾਕਾ ਮਾਰਨ ਲਈ ਲਏ ਤੁਗਲਕੀ ਫਰਮਾਨ ਵਿਰੁੱਧ ਤਿੱਖੀਆਂ ਤਕਰੀਰਾਂ ਕੀਤੀਆਂ। ਨੰਗਲ ਡੈਮ 'ਤੇ ਜੁੜੇ ਇੱਕ ਭਰਵੇਂ ਤੇ ਪ੍ਰਭਾਵਸ਼ਾਲੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਐਡਵੋਕੇਟ ਚੱਢਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਅਤੇ ਉਨ੍ਹਾਂ ਦੀ ਅਗਵਾਈ ਕਰਨ ਵਾਲੇ ਰਵਾਇਤੀ ਪਾਰਟੀਆਂ ਦੇ ਆਗੂਆਂ ਦੀ ਨਲਾਇਕੀ ਤੇ ਨਾਕਾਮੀ ਕਾਰਨ ਪੰਜਾਬੀਆਂ ਨੂੰ ਆਪਣੇ ਹਿੱਤਾਂ ਤੇ ਹੱਕਾਂ ਲਈ ਸੰਘਰਸ਼ ਦਾ ਰਾਹ ਅਪਨਾਉਣਾ ਪਿਆ ਹੈ। ਆਪਣੇ ਪਰਵਾਰਕ ਹਿੱਤਾਂ ਲਈ ਇਹ ਆਗੂ ਪੰਜਾਬ ਦੇ ਹੱਕਾਂ ਨੂੰ ਹਮੇਸ਼ਾ ਹੋਰ ਸੂਬਿਆਂ ਜਾਂ ਕੇਂਦਰ ਨੂੰ ਵੇਚਦੇ ਰਹੇ ਹਨ। ਜਿਸ ਦਾ ਖਮਿਆਜਾ ਅੱਜ ਸਾਰਾ ਪੰਜਾਬ ਭੁਗਤ ਰਿਹਾ ਹੈ, ਪ੍ਰੰਤੂ ਹੁਣ ਪੰਜਾਬ ਦੀ ਵਾਂਗਡੋਰ ਸੁਰੱਖਿਅਤ ਹੱਥਾਂ ਵਿਚ ਆ ਗਈ ਹੈ, ਪਾਣੀਆਂ ਤੇ ਪਹਿਰੇਦਾਰੀ ਖੁੱਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਨਿਗਰਾਨੀ ਵਿਚ ਹੋ ਰਹੀ ਹੈ। ਇਸ ਲਈ ਹੁਣ ਘਬਰਾਉਣ ਦੀ ਜਰੂਰਤ ਨਹੀਂ ਹੈ।ਵਿਧਾਇਕ ਗੁਰਲਾਲ ਸਿੰਘ ਘਨੌਰ ਨੇ ਕਿਹਾ ਕਿ ਪੰਜਾਬ ਦਹਾਕਿਆਂ ਤੱਕ ਜੋ ਸੰਤਾਪ ਭੋਗਿਆ ਹੈ, ਉਸ ਦਾ ਅਧਾਰ ਪਾਣੀਆਂ ਤੋ ਸ਼ੁਰੂ ਹੋਇਆ ਸੀ। ਅੱਜ ਸਾਡੇ ਪੰਜਾਬ ਦੇ ਹਾਲਾਤ ਹੋਰ ਬਦਤਰ ਹੋ ਗਏ ਹਨ, ਸਾਡੇ ਕੋਲ ਪਾਣੀ ਦੀ ਇੱਕ ਬੂੰਦ ਵੀ ਨਹੀ ਹੈ, ਸਾਡੇ ਕਿਸਾਨ ਵੀਰਾਂ ਨੇ ਆਪਣੀ ਜ਼ਮੀਨ ਦੀ ਸਿਹਤ ਖਰਾਬ ਕਰ ਲਈ ਅਤੇ ਧਰਤੀ ਹੇਠਲਾ ਪਾਣੀ ਕੱਢ ਕੇ ਦੇਸ਼ ਦੇ ਅੰਨ ਭੰਡਾਰ ਵਿਚ ਆਪਣਾ ਯੋਗਦਾਨ ਪਾਇਆ, ਪ੍ਰੰਤੂ ਕੇਂਦਰ ਅਤੇ ਹਰਿਆਣਾ ਦੀ ਸਰਕਾਰ ਅੱਜ ਸਾਡੇ ਹਿੱਸੇ ਦੇ ਪਾਣੀ ਤੇ ਡਾਕਾ ਮਾਰਨ ਦਾ ਯਤਨ ਕਰ ਰਹੀ ਹੈ ਜੋ ਬਰਦਾਸ਼ਤ ਨਹੀਂ ਹੋਵੇਗਾ।ਵਿਧਾਇਕ ਨੀਨਾ ਮਿੱਤਲ ਰਾਜਪੁਰਾ ਨੇ ਕਿਹਾ ਕਿ ਪੰਜਾਬੀਆਂ ਨੇ ਹਮੇਸ਼ਾ ਦੇਸ਼ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਕੁਰਬਾਨੀ ਦੇਣ ਲਈ ਕਦਮ ਅੱਗੇ ਵਧਾਏ ਹਨ, ਅੱਜ ਜਦੋਂ ਸਾਡਾ ਦੇਸ਼ ਜੰਗ ਵਰਗੇ ਹਾਲਾਤਾਂ ਵਿਚੋਂ ਲੰਘ ਰਿਹਾ ਹੈ ਤੇ ਪੰਜਾਬ ਦੇ ਲੋਕ ਪਾਣੀ ਦੀ ਰੱਖਿਆ ਲਈ ਲੜਾਈ ਲੜ ਰਹੇ ਹਨ, ਇਸ ਤੋਂ ਵੱਧ ਅਫਸੋਸ ਵਾਲੀ ਗੱਲ ਕਿ ਹੋਵੇਗੀ ਕਿ ਪੰਜਾਬ ਨੂੰ ਬਾਰਡਰ ਸਟੇਟ ਹੋਣ ਕਾਰਨ ਦੁਸ਼ਮਣ ਦੇਸ਼ ਦੀ ਮਾਰ ਪੈ ਰਹੀ ਹੈ ਤੇ ਸਾਡੇ ਆਪਣੇ ਦੇਸ਼ ਦੇ ਹੁਕਮਰਾਨ ਵੀ ਪੰਜਾਬ ਨਾਲ ਧੱਕੇਸ਼ਾਹੀ ਤੇ ਉੱਤਰ ਆਏ ਹਨ। ਵਿਧਾਇਕ ਕੁਲਦੀਪ ਸਿੰਘ ਰੰਧਾਵਾ ਡੇਰਾਬੱਸੀ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੇ ਨਹਿਰੀ ਪਾਣੀ ਸਿੰਚਾਈ ਲਈ ਨਹੀ ਵਰਤਿਆ ਕਿਉਂਕਿ ਪਿਛਲੀਆਂ ਸਰਕਾਰਾਂ ਨੇ ਨਹਿਰੀ ਪਾਣੀ ਨੂੰ ਸਿੰਚਾਈ ਲਈ ਵਰਤਣ ਦੀ ਯੋਜਨਾ ਹੀ ਨਹੀ ਬਣਾਈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਦੇ ਲੋਕ ਆਪਣੀਆਂ ਜ਼ਮੀਨਾਂ ਡੈਮਾਂ, ਦਰਿਆਵਾ, ਨਹਿਰਾਂ ਲਈ ਦਿੰਦੇ ਰਹੇ ਹਨ ਉਨ੍ਹਾਂ ਦੀਆਂ ਜ਼ਮੀਨਾ ਵਿਚੋ ਨਹਿਰਾ ਲੰਘਦੀਆਂ ਹਨ ਪ੍ਰੰਤੂ ਉਨ੍ਹਾਂ ਕੋਲ ਖੇਤਾਂ ਲਈ ਨਹਿਰੀ ਪਾਣੀ ਨਹੀ ਹੈ। ਚੇਅਰਮੈਨ ਹਰਮਿੰਦਰ ਸਿੰਘ ਢਾਹੇ ਨੇ ਕਿਹਾ ਕਿ ਪੰਜਾਬ ਦੇ ਕਿਸਾਂਨਾਂ ਨੇ ਦੇਸ਼ ਦੇ ਲੋਕਾਂ ਦਾ ਢਿੱਡ ਭਰਨ ਲਈ ਝੋਨਾ ਲਗਾ ਕੇ ਆਪਣਾ ਪਾਣੀ ਖਤਮ ਕੀਤਾ ਅਤੇ ਜਮੀਨਾਂ ਖਰਾਬ ਕੀਤੀਆਂ ਜਦੋ ਕਿ ਹੋਰ ਸੂਬਿਆਂ ਨੇ ਫਸਲੀ ਵਿਭਿੰਨਤਾ ਅਪਨਾ ਕੇ ਚੋਖਾ ਮੁਨਾਫਾ ਕਮਾਇਆ। ਪ੍ਰਭਜੋਤ ਕੌਰ ਜਿਲ੍ਹਾ ਪ੍ਰਧਾਨ ਮੁਹਾਲੀ ਚੇਅਰਮੈਨ ਪਲੈਨਿੰਗ ਬੋਰਡ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਸਾਡੇ ਸੂਬੇ ਕੋਲ ਹੁਣ ਹੋਰ ਸੂਬਿਆਂ ਨੂੰ ਦੇਣ ਲਈ ਵਾਧੂ ਪਾਣੀ ਨਹੀ ਹੈ ਆਪਣੇ ਹਿੱਸੇ ਦਾ ਪਾਣੀ ਹਰਿਆਣਾ ਵਰਤ ਚੁੱਕਾ ਹੈ, ਹਰਿਆਣਾ ਨੂੰ ਮਨੁੱਖਤਾ ਦੇ ਅਧਾਰ ਤੇ ਸਾਡੇ ਮੁੱਖ ਮੰਤਰੀ ਪਹਿਲਾ ਹੀ 400 ਕਿਊਸਿਕ ਪਾਣੀ ਆਪਣੇ ਹਿੱਸੇ ਵਿਚੋਂ ਦੇ ਰਹੇ ਹਨ। ਜੱਸੀ ਸੋਹੀਆ ਵਾਲਾ ਚੇਅਰਮੇਨ ਜਿਲ੍ਹਾਂ ਪਲੈਨਿੰਗ ਬੋਰਡ ਪਟਿਆਲਾ ਨੇ ਕਿਹਾ ਕਿ ਅੱਜ ਪੰਜਾਬ ਨੂੰ ਤਰੱਕੀ ਤੇ ਖੁਸ਼ਹਾਲੀ ਵੱਲ ਲੈ ਜਾਣ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਯਤਨ ਕਰ ਰਹੀ ਹੈ, ਅਸੀ ਪੰਜਾਬ ਵਿਚ ਛੋਟੇ ਵੱਡੇ ਉਦਯੋਗ ਲਗਾਉਣ ਲਈ ਉਦਯੋਗਿਕ ਘਰਾਣਿਆ ਨੂੰ ਸੱਦਾ ਦੇ ਰਹੇ ਹਾਂ, ਪ੍ਰੰਤੂ ਕੇਂਦਰ ਸਾਡੇ ਸੂਬੇ ਨੂੰ ਹੋਰ ਸੂਬਿਆਂ ਦੀ ਲੜਾਈ ਵੱਲ ਲੈ ਜਾ ਰਿਹਾ ਹੈ, ਜਿਸ ਦਾ ਉਦਯੋਗਿਕ ਇਕਾਇਆਂ ਲਗਾਉਣ ਦੇ ਚਾਹਵਾਨਾਂ ਤੇ ਬੁਰਾ ਪ੍ਰਭਾਵ ਪੈ ਰਿਹਾ ਹੈ। ਬਲਦੇਵ ਸਿੰਘ ਦੇਵੀਗੜ੍ਹ ਚੇਅਰਮੈਨ ਮਾਰਕੀਟ ਕਮੇਟੀ, ਤਜਿੰਦਰ ਸਿੰਘ ਮਹਿਤਾ ਪ੍ਰਧਾਨ ਜ਼ਿਲ੍ਹਾ ਪਟਿਆਲਾ ਤੇ ਰਾਮ ਕੁਮਾਰ ਮੁਕਾਰੀ ਜਨਰਲ ਸਕੱਤਰ ਤੇ ਜਰਨੈਲ ਸਿੰਘ ਮੰਨੂ ਚੇਅਰਮੈਨ ਮਾਰਕੀਟ ਕਮੇਟੀ ਘਨੌਰ ਨੇ ਕਿਹਾ ਕਿ ਪੰਜਾਬ ਦੇ ਪਾਣੀਆਂ ਦੀ ਪਹਿਰੇਦਾਰੀ ਲਗਾਤਾਰ ਜਾਰੀ ਰਹੇਗੀ ਵੱਖ ਵੱਖ ਵਿਧਾਨ ਸਭਾ ਹਲਕਿਆਂ ਤੋ ਆਮ ਆਦਮੀ ਪਾਰਟੀ ਦੇ ਵਰਕਰ ਹੁੰਮ ਹੁਮਾ ਕੇ ਪਹੁੰਚ ਰਹੇ ਹਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸਾਡੇ ਹੱਕ ਸੁਰੱਖਿਅਤ ਹਨ।ਡਾ.ਸੰਜੀਵ ਗੌਤਮ ਚੇਅਰਮੈਨ ਗੁਰੂ ਰਵਿਦਾਸ ਆਯੂਵੈਦਿਕ ਯੂਨੀਵਰਸਿਟੀ ਨੇ ਕਿਹਾ ਕਿ ਤਨਖਾਹਾਂ ਬੀਬੀਐਮਬੀ ਨੂੰ 60 ਪ੍ਰਤੀਸ਼ਤ ਪੰਜਾਬ ਸਰਕਾਰ ਦੇ ਰਹੀ ਹੈ, ਜਦੋਂ ਕਿ ਬੀਬੀਐਮਬੀ ਪੰਜਾਬ ਦੇ ਵਿਰੁੱਧ ਡਟ ਕੇ ਲੜਾਈ ਲੜ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਜਿੱਥੇ ਕੋਲਾ, ਸੋਨਾ, ਤੇਲ, ਪੱਥਰ ਨਿੱਕਲਦਾ ਹੈ ਉਹ ਸੂਬੇ ਉਸ ਉਤਪਾਦਨ ਦੀ ਕੀਮਤ ਲੈਂਦੇ ਹਨ, ਪ੍ਰੰਤੂ ਪੰਜਾਬ ਦੇ ਪਾਣੀ ਤੇ ਆਪਣਾ ਨਜਾਇਜ਼ ਹੱਕ ਜਤਾਉਂਦੇ ਹਨ, ਅਸੀ ਹੁਣ ਹੋਰ ਸੂਬਿਆਂ ਨੂੰ ਵਾਧੂ ਪਾਣੀ ਨਹੀ ਦੇਣਾ ਸਗੋ ਆਪਣੀਆਂ ਡੈਮਾਂ, ਦਰਿਆਵਾਂ, ਨਹਿਰਾਂ ਨੇੜੇ ਦੀਆਂ ਬੰਜਰ ਜਮੀਨਾਂ ਨੂੰ ਪਾਣੀ ਦੇ ਕੇ ਖੁਸ਼ਹਾਲ ਤੇ ਆਬਾਦ ਕਰਨਾ ਹੈ।ਇਸ ਮੌਕੇ ਸੂਬੇ ਭਰ ਦੇ ਵੱਖ ਵੱਖ ਵਿਧਾਨ ਸਭਾ ਹਲਕਿਆਂ ਤੋ ਆਮ ਆਦਮੀ ਪਾਰਟੀ ਦੇ ਵਰਕਰ ਸ਼ਾਮਿਲ ਹੋਏ ਜਿਨ੍ਹਾਂ ਨੇ ਕਿਹਾ ਕਿ ਨਿਰੰਤਰ ਪਾਣੀ ਤੇ ਪਹਿਰੇਦਾਰੀ ਜਾਰੀ ਰਹੇਗੀ। ਇਸ ਮੌਕੇ ਗੁਰਦੇਵ ਸਿੰਘ ਟੀਵਾਣਾ ਬਲਾਕ ਪ੍ਰਧਾਨ ਸਮਾਣਾ, ਸਤੀਸ਼ ਚੋਪੜਾ, ਕਰਨ ਸੈਣੀ, ਸੁਮਿਤ ਤਲਵਾੜਾ, ਐਡਵੋਕੇਟ ਨਿਸ਼ਾਤ ਗੁਪਤਾ ਅਤੇ ਆਮ ਆਦਮੀ ਪਾਰਟੀਦੇ ਵਰਕਰ ਵੱਡੀ ਗਿਣਤੀ ਵਿਚ ਹਾਜ਼ਰ ਸਨ।

